# ਗੁਲਸ਼ਨ ਕੌਰ ਤੇ ਹੋਰ ਕਹਾਣੀਆਂ

(ਸਿੰਧੀ ਕਹਾਣੀਆਂ)

# ਗੁਲਸ਼ਨ ਕੌਰ ਤੇ ਹੋਰ ਕਹਾਣੀਆਂ

(ਸਿੰਧੀ ਕਹਾਣੀਆਂ)


ਮੂਲ ਲੇਖਿਕਾ

ਦੇਵੀ ਨਾਗਰਾਣੀ

ਅਨੁਵਾਦ

ਜਗਦੀਸ਼ ਰਾਏ ਕੁਲਰੀਆਂ



fEbkb/y gpbhFo; , fdZbh–110032

**ਸਮਰਪਣ**

ਪੰਜਾਬੀ ਦੇ ਸੁਹਿਰਦ ਪਾਠਕਾਂ ਦੇ ਨਾਂ

ISBN : 978-81-7329-488-4
© : ਲੇਖਿਕਾ
gfjbh tko L2020
ਮੁੱਲ : 300 ਰੁਪਏ
ਪ੍ਰਕਾਸ਼ਕ : **ਸ਼ਿਲਾਲੇਖ gpbhFo}**
4/32 ਸੁਭਾਸ਼ ਗਲੀ, ਵਿਸ਼ਵਾਸ ਨਗਰ,
ਸ਼ਾਹਦਰਾ, ਦਿੱਲੀ-110032
ਫ਼ੋਨ : 09999553332
e-mail : shilalekhbooks@rediffmail.com
ਕੰਪੋਜ਼ਿੰਗ : ਹਰਸਿਮਰਨ ਗ੍ਰੈਫ਼ਿਕਸ, ਦਿੱਲੀ-110032
ਛਾਪਕ : ਬੀ. ਕੇ. ਆਫਸੈਟ, ਦਿੱਲੀ-110032

Gulshan Kaur Ate Hor Kahaniyan—Sindhi Stories by Devi Nangrani
Translated by Jagdish Rai Kulrian

# ਤਤਕਰਾ


| | | |
|---|---|---|
| 1. | ਇਸ ਤਰ੍ਹਾਂ ਵੀ ਹੁੰਦਾ ਹੈ | 23 |
| 2. | ਮੈਂ ਕਿਸੇ ਦਾ ਨਹੀਂ | 30 |
| 3. | ਜੰਗ ਜਾਰੀ ਹੈ | 37 |
| 4. | ਰਖੇਲ ਦੀ ਕੁੜੀ | 44 |
| 5. | ਜਿਊਣ ਦੀ ਕਲਾ | 54 |
| 6. | ਮਮਤਾ | 59 |
| 7. | ਆਖ਼ਰੀ ਫ਼ੈਸਲਾ | 67 |
| 8. | ਅਤੇ ਮੈਂ ਵੱਡੀ ਹੋ ਗਈ | 73 |
| 9. | ਸੂਰਜ ਛਿਪਣ ਤੋਂ ਮਗਰੋਂ | 80 |
| 10. | ਪੱਖਪਾਤ ਦੀ ਰਾਜਨੀਤੀ | 90 |
| 11. | ਗੁਆਚੀ ਹੋਈ ਪਛਾਣ | 100 |
| 12. | ਕਮਲੀ | 111 |
| 13. | ਗੁਲਸ਼ਨ ਕੌਰ | 117 |
| 14. | ਨਵੀਂ ਮਾਂ | 127 |
| 15. | ਮੈਂ ਅਤੇ ਤਾਜ ਮਹੱਲ | 133 |
| 16. | ਆਪਣੇ ਬਿਗਾਨੇ | 143 |

# ਭੂਮਿਕਾ

11 ਮਈ 1941 ਨੂੰ ਪਾਕਿਸਤਾਨ ਦੇ ਕਰਾਚੀ ਸ਼ਹਿਰ ਵਿਚ ਜਨਮੀ ਦੇਵੀ ਨਾਗਰਾਣੀ ਪਿਛਲੇ ਲਗਭਗ 20 ਸਾਲਾਂ ਤੋਂ ਅਮਰੀਕਾ ਰਹਿ ਰਹੀ ਹੈ ਅਤੇ ਨਿਊਜਰਸੀ ਸ਼ਹਿਰ ਵਿਚ ਬਤੌਰ ਅਧਿਆਪਕਾ ਸੇਵਾ ਵੀ ਨਿਭਾਉਂਦੀ ਰਹੀ ਹੈ। ਪਾਕਿਸਤਾਨ ਵਿਚ ਜੰਮੀ ਪਲੀ, ਸ਼ਰਨਾਰਥੀ ਬਣ ਕੇ ਭਾਰਤ ਵਿਚ ਰਹੀ ਇਸ ਲੇਖਿਕਾ ਨੂੰ ਜਦੋਂ ਉਸ ਦੇ ਮੂਲਵਾਸ ਬਾਰੇ ਪੁੱਛਿਆ ਜਾਂਦਾ ਹੈ ਤਾਂ ਉਸ ਦਾ ਜਵਾਬ ਹੁੰਦਾ ਹੈ ਕਿ ਵਾਰ-ਵਾਰ ਉੱਜੜੇ ਲੋਕ ਜਿੱਥੇ ਵੀ ਵਸ ਜਾਣ, ਉਹੀ ਉਨ੍ਹਾਂ ਦਾ ਦੇਸ਼ ਹੁੰਦਾ ਹੈ ਤੇ ਬਾਕੀ ਪ੍ਰਦੇਸ। ਪਹਿਲਾਂ ਪਾਕਿਸਤਾਨ ਮੇਰਾ ਦੇਸ਼ ਸੀ ਜਿੱਥੇ ਜੰਮੇ-ਪਲੇ, ਫਿਰ ਭਾਰਤ ਵਿਚ ਸ਼ਰਨਾਰਥੀ ਬਣ ਕੇ ਆ ਗਏ। ਪਰਿਵਾਰ ਨੇ ਆਪਣੀ ਲਗਨ, ਮਿਹਨਤ, ਈਮਾਨਦਾਰੀ ਨਾਲ ਹੁਣ ਇੱਥੇ ਜੜ੍ਹਾਂ ਲਾ ਲਈਆਂ, ਇਸ ਲਈ ਹੁਣ ਅਮਰੀਕਾ ਮੇਰਾ ਦੇਸ਼ ਹੈ। ਕਰਾਚੀ, ਅਜਮੇਰ, ਸਿਕੰਦਰਾਬਾਦ, ਮੁੰਬਈ, ਨਿਊਜਰਸੀ ਹਰ ਸ਼ਹਿਰ ਮੇਰਾ ਆਪਣਾ ਵੀ ਹੈ ਤੇ ਬੇਗਾਨਾ ਵੀ। ਪੰਜਾਬੀ ਕਵੀ ਦੇਵ ਦੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਪਰਵਾਸ ਨੇ ਦੇਵੀ ਦੇ ਅੱਖਰਾਂ ਨੂੰ ਖੋਰਿਆ ਨਹੀਂ। ਉਹ ਉਦਰੇਵਿਆਂ ਦੇ ਤਹਿਖ਼ਾਨਿਆਂ 'ਚ ਹੌਕਿਆਂ ਦੀ ਨੀਂਦ ਨਹੀਂ ਸੌਂਦੀ ਸਗੋਂ ਹੋਰ ਜ਼ਮੀਨਾਂ ਦੀ ਤਲਾਸ਼ 'ਚ ਨਿੱਤ ਨਵੇਂ ਪੁਲ ਉਸਾਰਦੀ ਹੈ।

ਦੇਵੀ ਨਾਗਰਾਣੀ ਸਿੰਧੀ ਅਤੇ ਹਿੰਦੀ ਸਮੇਤ ਕੁੱਲ ਸੱਤ ਭਾਸ਼ਾਵਾਂ ਦੀ ਗਿਆਤਾ ਹੈ। ਸਿੰਧੀ ਵਿਚ ਉਸ ਦੀਆਂ ਚਾਰ ਅਤੇ ਹਿੰਦੀ ਵਿਚ ਸਤਾਰ੍ਹਾਂ ਦੇ ਕਰੀਬ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਕ ਵੱਡੀ ਗਿਣਤੀ ਉਨ੍ਹਾਂ ਪੁਸਤਕਾਂ ਦੀ ਵੀ ਹੈ ਜੋ ਉਸਨੇ ਹਿੰਦੀ ਤੋਂ ਸਿੰਧੀ ਅਤੇ ਸਿੰਧੀ ਤੋਂ ਹਿੰਦੀ ਵਿਚ ਅਨੁਵਾਦ ਕੀਤੀਆਂ ਹਨ। ਦੇਸ਼-ਵਿਦੇਸ਼ ਦੀਆਂ ਲਗਭਗ 20 ਸੰਸਥਾਵਾਂ ਹੁਣ ਤੱਕ ਉਸਨੂੰ ਉਸਦੀ ਸਾਹਿਤਕ ਘਾਲਣਾ ਲਈ ਸਨਮਾਨਿਤ ਕਰ ਚੁੱਕੀਆਂ ਹਨ।

ਦੇਵੀ ਨਾਗਰਾਣੀ ਦਾ ਕਹਾਣੀ ਸੰਗ੍ਰਹਿ 'ਗੁਲਸ਼ਨ ਕੌਰ ਤੇ ਹੋਰ ਕਹਾਣੀਆਂ' ਜਗਦੀਸ਼ ਰਾਏ ਕੁਲਰੀਆਂ ਦੁਆਰਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ

ਕੀਤਾ ਗਿਆ ਹੈ। ਇਸ ਸੰਗ੍ਰਹਿ ਦੀਆਂ ਜ਼ਿਆਦਾਤਰ ਕਹਾਣੀਆਂ ਬੱਚੀ ਤੋਂ ਔਰਤ ਅਤੇ ਔਰਤ ਤੋਂ ਮਾਂ ਤੱਕ ਦੇ ਸਫ਼ਰ ਦੀ ਦੁਖਾਂਤਕ ਯਾਤਰਾ ਦਾ ਬਿਰਤਾਂਤ ਹਨ। ਇਸ ਲਈ ਇਨ੍ਹਾਂ ਕਹਾਣੀਆਂ ਦੀ ਆਤਮਾ ਦੇ ਧੁਰ ਅੰਦਰ ਇਕ ਮਾਂ ਵਿਲ੍ਹਕਦੀ ਹੈ। ਔਰਤ ਦੀ ਬੇਬਸੀ ਵਿਲ੍ਹਕਦੀ ਹੈ। ਇਹ ਹੋਣੀ ਪੀੜਾਦਾਇਕ ਹੈ। ਇਸ ਲਈ ਇਹ ਸਮੁੱਚੀਆਂ ਕਹਾਣੀਆਂ ਸਮਾਜ ਦੁਆਰਾ ਮਾਂ ਦੀਆਂ ਛਿੱਲੀਆਂ ਗਈਆਂ ਆਂਦਰਾਂ ਦਾ ਰੁਦਨ ਹਨ। ਇਹ ਕਹਾਣੀਆਂ ਨਹੀਂ ਸਗੋ ਘਰ ਅੰਦਰਲੀਆਂ ਘੁਟਣਾਂ ਹਨ। ਘਬਰਾਹਟਾਂ ਅਤੇ ਬੇਚੈਨੀਆਂ ਹਨ। ਬਜ਼ੁਰਗ ਬੰਦਿਆਂ ਦੀਆਂ ਚਿੰਤਾਵਾਂ ਹਨ। ਫ਼ਿਕਰ ਅਤੇ ਝੋਰੇ ਹਨ। ਜਿਸ ਵਿਚ ਔਰਤ ਗੁਆਚਦੀ ਹੈ, ਡੁੱਬਦੀ ਹੈ ਅਤੇ ਕਿਤੇ ਫਿਰ ਉੱਭਰਦੀ ਵੀ ਹੈ। ਇਨ੍ਹਾਂ ਕਹਾਣੀਆਂ ਦੇ ਪਾਤਰ ਸੰਕਟ-ਸਥਿਤੀ ਵਿਚੋਂ ਆਪਣਾ ਵਜੂਦ ਪਛਾਨਣ ਵਾਲੇ, ਉਸ ਵਿਚੋਂ ਲੰਘਣ ਦੀ ਬੌਧਿਕ ਸਮਰੱਥਾ ਰੱਖਣ ਵਾਲੇ, ਨਿਡਰ, ਦ੍ਰਿੜ, ਜਨੂੰਨੀ ਅਤੇ ਚੜ੍ਹਦੀ ਕਲਾ ਦੇ ਧਾਰਨੀ ਵੀ ਹਨ। ਉਹ ਆਪਣੀ ਹੋਣੀ ਤੋਂ ਪਾਰ ਦੇਖਣ ਦੀ ਸਮਰੱਥਾ ਰੱਖਣ ਵਾਲੇ ਵੀ ਹਨ। ਕਮਾਲ ਦੀ ਗੱਲ ਇਹ ਹੈ ਕਿ ਲਗਭਗ ਹਰ ਪਾਤਰ ਸਥਿਤੀ ਨੂੰ ਭਾਂਪਦਾ ਹੈ, ਉਸਦਾ ਸਾਹਮਣਾ ਕਰਦਾ ਹੈ, ਸਮੇਂ-ਸਥਾਨ ਮੁਤਾਬਿਕ ਢਲਦਾ ਹੈ ਅਤੇ ਆਪਣੀ ਜੜ੍ਹ ਲਾਉਂਦਾ ਹੈ। ਦੂਸਰੀ ਖ਼ੂਬਸੂਰਤ ਗੱਲ ਇਹ ਹੈ ਕਿ ਕਹਾਣੀ ਦੀ ਸਿਰਜਕ ਨਾਰੀ ਹੈ ਪਰ ਉਹ ਨਾਰੀ ਨੂੰ ਮਰਦ ਦੇ ਵਿਰੋਧੀ ਵਜੋਂ ਨਹੀਂ ਸਿਰਜਦੀ ਜਿਸ ਨਾਲ ਕਹਾਣੀ ਵਿਚ ਝੋਲ ਨਹੀਂ ਪੈਂਦੀ। ਇਸ ਕਹਾਣੀ ਸੰਗ੍ਰਹਿ ਦੀ ਮੁੱਖ ਤੰਦ ਔਰਤ ਦੇ ਸਮਰਪਣ ਤੇ ਤਿਆਗ ਦੀ ਭਾਵਨਾ ਦੇ ਆਰ-ਪਾਰ ਫੈਲੀ ਹੋਈ ਹੈ। ਔਰਤ ਆਪਣੇ ਹਰ ਰੂਪ ਵਿਚ ਤਿਆਗ ਦੀ ਦੇਵੀ ਹੈ। ਉਹ ਚਾਹੇ ਮਾਂ ਹੋਵੇ, ਪਤਨੀ ਹੋਵੇ, ਭੈਣ ਜਾਂ ਧੀ ਹੋਵੇ। ਉਹ ਆਪਣੇ ਜਨਮ ਤੋਂ ਲੈ ਕੇ ਮਰਨ ਤੱਕ ਆਪਣੇ ਚਾਅਵਾਂ, ਮਲ੍ਹਾਰਾਂ, ਹਾਸਿਆਂ ਤੇ ਸੁਪਨਿਆਂ ਦਾ ਤਿਆਗ ਕਰ ਕੇ ਮਰਦ ਪ੍ਰਧਾਨ ਸਮਾਜ ’ਚ ਆਪਣੀ ਹੋਂਦ ਤਲਾਸ਼ਦੀ ਨਜ਼ਰ ਆਉਂਦੀ ਹੈ। ਔਰਤ ਦੀ ਪਛਾਣ ਦਾ ਮਸਲਾ ਕਹਾਣੀ ਸੰਗ੍ਰਹਿ ਦੇ ਕੇਂਦਰ ਵਿਚ ਹੈ। ਉਹ ਕੌਣ ਹੈ ? ਉਸਦੀ ਮੰਜ਼ਿਲ ਕੀ ਹੈ ? ਔਰਤ ਅੰਦਰ ਸਦੀਆਂ ਤੋਂ ਆਜ਼ਾਦ ਵਿਚਰਣ ਦੀ ਇਹ ਤੜਪ ਇਨ੍ਹਾਂ ਕਹਾਣੀਆਂ ਦਾ ਵਿਸ਼ਾ ਵਸਤੂ ਬਣਦੀ ਹੈ। ਜੋ ਆਪਣੀ ਮਾਨਸਿਕ ਅਤੇ ਸਰੀਰਕ ਆਜ਼ਾਦੀ ਮਰਦ ਨੂੰ ਨਕਾਰ ਕੇ ਨਹੀਂ ਸਗੋਂ ਮਰਦ ਨੂੰ ਸਵੀਕਾਰ ਕੇ ਤਲਾਸ਼ਦੀਆਂ ਹਨ। ਉਨ੍ਹਾਂ ਦੀ ਇਹ ਸਵੀਕ੍ਰਿਤੀ ਇਨ੍ਹਾਂ ਕਹਾਣੀਆਂ ਵਿਚ ਦੇਖੀ ਜਾ ਸਕਦੀ ਹੈ।

ਇਸ ਤਰ੍ਹਾਂ ਜਾਪਦਾ ਹੈ ਜਿਵੇਂ ‘ਗੁਲਸ਼ਨ ਕੌਰ ਤੇ ਹੋਰ ਕਹਾਣੀਆਂ’ ਦੀਆਂ ਕਹਾਣੀਆਂ ਲੇਖਿਕਾ ਦੇ ਨਿੱਜੀ ਅਨੁਭਵ ਅਤੇ ਜੀਵਨ ਘਾਲਣਾ ’ਚੋਂ ਨਿਕਲੀਆਂ ਹੋਣ। ਯਥਾਰਥਕ ਪੇਸ਼ਕਾਰੀ ਵਾਲੀਆਂ ਇਹ ਕਹਾਣੀਆਂ ਅਜੋਕੇ ਬੰਦੇ ਦੇ ਮਾਨਸਿਕ ਦਵੰਦ ਦਾ ਬਾਖ਼ੂਬੀ ਚਿਤਰਨ ਕਰਦੀਆਂ ਹਨ। ਇਸ ਕਹਾਣੀ ਸੰਗ੍ਰਹਿ ਵਿਚਲੇ ਪਾਤਰਾਂ ਦੀ ਮਾਨਸਿਕ ਦੁਵਿਧਾ/ਮਾਨਸਿਕ ਦਵੰਦ ਕਿਸੇ ਇਕ ਧਰਾਤਲ ’ਤੇ ਨਹੀਂ ਵਾਪਰਦਾ ਸਗੋਂ ਵੱਖੋ-ਵੱਖਰੇ ਧਰਾਤਲਾਂ ’ਤੇ ਵਾਪਰਦਾ ਹੈ। ਕਿਤੇ ਇਹ ਦਵੰਦ ਮਾਨਸਿਕ ਆਜ਼ਾਦੀ ਦਾ ਹੈ, ਕਿਤੇ ਸਰੀਰਕ ਆਜ਼ਾਦੀ ਦਾ ਅਤੇ ਕਿਤੇ ਭੂਗੋਲਿਕ ਆਜ਼ਾਦੀ ਦਾ। ਜਿੱਥੇ ਇਸ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਬੰਦੇ ਦੇ ਅੰਦਰ ਤੇ ਬਾਹਰ ਦੀ ਜੱਦੋ-ਜਹਿਦ ਤੇ ਲੜਾਈ ਨੂੰ ਕੇਂਦਰ ’ਚ ਲਿਆ ਕੇ ਸਮਝਣ ਦੇ ਯਤਨ ’ਚ ਹਨ ਉਥੇ ਹੀ ਇਨ੍ਹਾਂ ਕਹਾਣੀਆਂ ਵਿਚਲਾ ਬਿਰਤਾਂਤ ਦੋ ਵਿਰੋਧੀ ਲਿੰਗਾਂ, ਉੱਚੇ-ਨੀਵੇਂ ਵਰਗਾਂ, ਵੱਖੋ-ਵੱਖਰੇ ਸਭਿਆਚਾਰਾਂ, ਨੈਤਿਕ-ਅਨੈਤਿਕ ਵਰਤਾਰਿਆਂ ਅਤੇ ਪੀੜ੍ਹੀ-ਪਾੜੇ ਵਿਚ ਲਗਾਤਾਰ ਚੱਲ ਰਹੀ ਕਸ਼ਮਕਸ਼ ’ਚੋਂ ਵੀ ਆਪਣੀ ਭੂਮੀ ਤਲਾਸ਼ਦਾ ਹੈ।

ਇਸ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਉਸ ਕਾਲ਼ੇ ਦੌਰ ਦੀ ਬਾਤ ਵੀ ਪਾਉਂਦੀਆਂ ਹਨ ਜਿਸ ਨੇ ਸਾਡੇ ਦੇਸ਼ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਸੀ। ਬਟਵਾਰੇ ਦੇ ਕਾਲ਼ੇ ਕਿੱਸਿਆਂ ਦੀ ਦਾਸਤਾਨ ਬਿਆਨਣ ਵਾਲੀ ਕਹਾਣੀਕਾਰਾ ਦੀ ਧਾਰਨਾ ਹੈ ਕਿ ਉਦੋਂ ਮਨੁੱਖਤਾ ਦਾ ਮਖੌਟਾ ਪਿਘਲ ਰਿਹਾ ਸੀ ਅਤੇ ਉਸਦੇ ਅੰਦਰ ਬਘਿਆੜ ਦੀਆਂ ਅੱਖਾਂ ਟਹਿਕ ਰਹੀਆਂ ਸਨ। ਬਟਵਾਰੇ ਦੇ ਦੌਰਾਨ ਕੇਵਲ ਆਜ਼ਾਦੀ ਦੇ ਸੁਪਨੇ ਹੀ ਚਕਨਾਚੂਰ ਨਹੀਂ ਸਨ ਹੋਏ ਸਗੋਂ ਉਨ੍ਹਾਂ ਤਿੜਕੇ ਹੋਏ ਸੁਪਨਿਆਂ ਦੀਆਂ ਕਿਰਚਾਂ ਅੱਜ ਤੱਕ ਸਾਡੇ ਦਿਲੋ-ਦਿਮਾਗ਼ ਵਿਚ ਤਰਥੱਲੀ ਮਚਾਉਂਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚਲਾ ਬਿਰਤਾਂਤ ਧਾਰਮਿਕ ਸੰਕੀਰਨਤਾ ਅਤੇ ਮਜ਼੍ਹਬਾਂ ਤੋਂ ਪਾਰ ਚਲਾ ਜਾਂਦਾ ਹੈ। ਜਿਸ ਦੌਰਾਨ ਸਾਡੇ ਜ਼ਿਹਨ ਵਿਚ ਭੂਗੋਲਿਕ ਵੰਡ ਭਾਵੇਂ ਉਕਰੀ ਰਹਿੰਦੀ ਹੈ ਪਰ ਸਾਡੇ ਦਿਲਾਂ ਵਿਚਲੇ ਪਿਆਰ ਅਤੇ ਅਪਣੱਤ ਨੇ ਹੈਵਾਨੀਅਤ ਦੀ ਉਸ ਹਨੇਰੀ ਵਿਚ ਉਖੜੇ ਲੋਕਾਂ ਨੂੰ ਗਲ਼ ਨਾਲ ਲਾਇਆ ਤੇ ਉਨ੍ਹਾਂ ਦੇ ਹਰ ਚਾਅ ਨੂੰ ਆਪਣੀ ਭਾਵਨਾਵਾਂ ਨਾਲ ਸਿੰਜਿਆ ਹੈ।

ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਦੀ ਮੂਲ ਸੁਰ ਭਾਵੇਂ ਔਰਤ ਕੇਂਦਰਿਤ ਹੀ ਹੈ ਪਰ ਇਹ ਕਹਾਣੀਆਂ ਸਾਡੇ ਸਮਾਜ ਵਿਚਲੇ ਹੋਰ ਅਨੇਕ ਵਿਸ਼ਿਆਂ ਨੂੰ ਵੀ ਬੜੀ ਸਹਿਜਤਾ ਤੇ ਸੂਖ਼ਮਤਾ ਨਾਲ ਪੇਸ਼ ਕਰਨ ਵਿਚ ਸਫ਼ਲ ਰਹੀਆਂ ਹਨ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਦੇਵੀ ਨਾਗਰਾਣੀ ‘ਗੁਲਸ਼ਨ ਕੌਰ ਤੇ ਹੋਰ ਕਹਾਣੀਆਂ’ ਕਹਾਣੀ ਸੰਗ੍ਰਹਿ ਵਿਚ ਹਰ ਪਾਤਰ ਨੂੰ ਜਿਉਂਦੀ ਹੈ। ਉਹਦਾ ਦੁੱਖ-ਦਰਦ ਮਹਿਸੂਸਦੀ ਹੈ। ਭਾਵਨਾਵਾਂ ਅਤੇ ਅਹਿਸਾਸਾਂ

ਅੰਦਰ ਭਿੱਜਦੀ ਹੈ। ਜਿਸ ਕਾਰਨ ਕਹਾਣੀ ਵਿਚ ਖਿਲਾਰਾ ਨਹੀਂ ਹੈ ਸਗੋਂ ਸਰਲਤਾ ਅਤੇ ਸਾਦਗੀ ਹੈ। ਇਹ ਸਰਲਤਾ ਅਤੇ ਸਾਦਗੀ ਗਹਿਰੀ ਵੀ ਹੈ ਅਤੇ ਗੁੱਝੀ ਰਮਜ਼ ਵਾਲੀ ਵੀ। ਇਨ੍ਹਾਂ ਵਿਚਲਾ ਫਲਸਫ਼ਾ ਸਾਡੀ ਸੋਚ ਨੂੰ ਹਲੂਣਾ ਵੀ ਦਿੰਦਾ ਹੈ ਅਤੇ ਨਵੀਂ ਨਜ਼ਰ ਵੀ। ਜ਼ਿੰਦਗੀ ਦੀਆਂ ਮੁਸ਼ਕਲਾਂ 'ਚੋਂ ਨਿਕਲੇ ਤਲਖ਼ ਅਨੁਭਵਾਂ ਨਾਲ ਰਚੀਆਂ-ਮਿਚੀਆਂ ਕਹਾਣੀਆਂ ਦੀ ਸਿਰਜਣਾ ਲਈ ਜਿੱਥੇ ਦੇਵੀ ਨਾਗਰਾਣੀ ਵਧਾਈ ਦੀ ਪਾਤਰ ਹੈ, ਉੱਥੇ ਅਨੁਵਾਦ ਦੇ ਮਿਹਨਤ ਅਤੇ ਸਿਰੜ ਭਰੇ ਕਾਰਜ ਨੂੰ ਨਿਪੁੰਨਤਾ ਨਾਲ ਨਿਭਾਉਣ ਲਈ ਜਗਦੀਸ਼ ਰਾਏ ਕੁਲਰੀਆਂ ਵੀ ਮੁਬਾਰਕਬਾਦ ਦਾ ਹੱਕਦਾਰ ਹੈ।

**ਡਾ. ਰਵੀ ਰਵਿੰਦਰ**
ਮੁਖੀ, ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ।



# ਦੋ ਸ਼ਬਦ

ਦੇਵੀ ਨਾਗਰਾਣੀ ਸਿੰਧੀ ਸਾਹਿਤ ਦੀ ਜਾਣੀ ਪਛਾਣੀ ਹਸਤੀ ਹੈ। ਉਸ ਨੇ ਸਿੰਧੀ ਤੇ ਹਿੰਦੀ ਵਿਚ ਹੁਣ ਤਕ ਦਰਜਨਾਂ ਪੁਸਤਕਾਂ ਲਿਖੀਆਂ ਹਨ। ਨਿਊਜਰਸੀ, ਯੂ.ਐਸ.ਏ. ਤੋਂ ਅਧਿਆਪਕਾ ਦੇ ਤੌਰ 'ਤੇ ਸੇਵਾ ਮੁਕਤ ਹੋਈ ਦੇਵੀ ਨਾਗਰਾਣੀ ਅਨੁਵਾਦਕਾ ਵਜੋਂ ਵੀ ਕਾਫ਼ੀ ਨਾਮਣਾ ਖੱਟ ਚੁੱਕੀ ਹੈ। ਉਸ ਨੂੰ ਹਿੰਦੀ, ਸਿੰਧੀ ਤੇ ਅੰਗਰੇਜ਼ੀ ਵਿਚ ਲਿਖੀਆਂ ਰਚਨਾਵਾਂ ਕਾਰਨ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੀਆਂ ਸੰਸਥਾਵਾਂ ਵੱਲੋਂ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਇਨ੍ਹਾਂ ਸਨਮਾਨਾਂ ਵਿਚ ਅੰਤਰਰਾਸ਼ਟਰੀ ਹਿੰਦੀ ਸਮਿਤੀ, ਕਾਵਿ-ਰਤਨ ਸਨਮਾਨ, ਰਾਸ਼ਟਰੀ ਸਿੰਧੀ ਭਾਸ਼ਾ ਵਿਕਾਸ ਪਰਿਸ਼ਦ ਪੁਰਸਕਾਰ, ਮਹਾਰਾਸ਼ਟਰ ਰਾਜ ਸਿੰਧੀ ਸਾਹਿਤ ਅਕਾਦਮੀ ਪੁਰਸਕਾਰ ਆਦਿ ਪ੍ਰਮੁੱਖ ਹਨ। ਉਸ ਦੀਆਂ ਕਹਾਣੀਆਂ ਮਰਾਠੀ, ਪੰਜਾਬੀ, ਉਰਦੂ, ਤਾਮਿਲ, ਮਲਿਆਲਮ, ਅੰਗਰੇਜ਼ੀ ਆਦਿ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀਆਂ ਹਨ।

ਦੇਵੀ ਨਾਗਰਾਣੀ ਦੀਆਂ ਕਹਾਣੀਆਂ ਨੂੰ ਪੰਜਾਬੀ ਦੇ ਚਰਚਿਤ ਨੌਜਵਾਨ ਲੇਖਕ ਜਗਦੀਸ਼ ਰਾਏ ਕੁਲਰੀਆਂ ਨੇ ਅਨੁਵਾਦ ਕੀਤਾ ਹੈ। ਜਗਦੀਸ਼ ਰਾਏ ਕੁਲਰੀਆਂ ਨੇ ਹੁਣ ਤਕ ਨਾਵਲ, ਕਹਾਣੀ, ਮਿੰਨੀ-ਕਹਾਣੀ ਆਦਿ ਦੀਆਂ ਲਗਭਗ ਛੇ ਪੁਸਤਕਾਂ ਦਾ ਹਿੰਦੀ ਤੋਂ ਪੰਜਾਬੀ ਅਨੁਵਾਦ ਕੀਤਾ ਹੈ। ਉਸ ਦੁਆਰਾ ਹਥਲੀ ਪੁਸਤਕ ਦਾ ਅਨੁਵਾਦ ਪੰਜਾਬੀ ਸਾਹਿਤ ਵਿਚ ਮਹੱਤਵਪੂਰਨ ਵਾਧਾ ਹੈ। ਇਨ੍ਹਾਂ ਕਹਾਣੀਆਂ ਵਿਚ ਜਿਥੇ ਸਮਕਾਲੀ ਯਥਾਰਥ ਨੂੰ ਪੇਸ਼ ਕੀਤਾ ਗਿਆ ਹੈ ਉਥੇ ਸਮਾਜ ਦੀਆਂ ਅਜਿਹੀਆਂ ਸਮੱਸਿਆਵਾਂ ਨੂੰ ਉਭਾਰਿਆ ਹੈ ਜਿਨ੍ਹਾਂ ਕਾਰਨ ਸਾਡੇ ਸਮਾਜ ਦੀ ਸਥਿਤੀ ਤਰਸਯੋਗ ਬਣੀ ਹੋਈ ਹੈ। ਸਾਡੇ ਸਮਾਜ ਨੂੰ ਇਹ ਸਮੱਸਿਆਵਾਂ ਘੁਣ ਵਾਂਗ ਖਾ ਰਹੀਆਂ ਹਨ। ਜਗਦੀਸ਼ ਰਾਏ ਕੁਲਰੀਆਂ ਦੁਆਰਾ ਅਨੁਵਾਦਿਤ ਇਹ ਕਹਾਣੀਆਂ ਰੂਪਕ ਤੇ ਵਿਸ਼ੇ ਪੱਖ ਤੋਂ ਪੰਜਾਬੀ ਕਹਾਣੀ ਦੇ ਖ਼ਜ਼ਾਨੇ ਵਿਚ ਹੋਰ ਵਾਧਾ ਕਰਦੀਆਂ ਹਨ। ਇਹਨਾਂ ਕਹਾਣੀਆਂ ਦੀ ਵਿਲੱਖਣਤਾ ਇਹ ਹੈ ਕਿ ਅਨੁਵਾਦਕ ਨੇ ਮੂਲ ਕਹਾਣੀਆਂ ਨਾਲ ਨਿਆਂ ਕਰਦਿਆਂ ਅਨੁਵਾਦ ਨੂੰ ਪੰਜਾਬੀ ਭਾਸ਼ਾ ਦੀ ਪੁੱਠ ਦੇ ਕੇ ਸ਼ਿੰਗਾਰਿਆ ਹੈ। ਕਹਾਣੀਆਂ ਪੜ੍ਹਦਿਆਂ ਤੁਹਾਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਇਹ ਅਸਲ ਵਿਚ ਪੰਜਾਬੀ ਭਾਸ਼ਾ ਦੀਆਂ ਹੀ ਕਹਾਣੀਆਂ ਹੋਣ। ਇਸ ਕੰਮ ਲਈ ਜਗਦੀਸ਼ ਰਾਏ ਕੁਲਰੀਆਂ ਵਧਾਈ ਦਾ ਹੱਕਦਾਰ ਹੈ।

ਦੇਵੀ ਨਾਗਰਾਣੀ ਇਨ੍ਹਾਂ ਕਹਾਣੀਆਂ ਵਿਚ ਸਮਾਜਿਕ ਬੁਰਾਈਆਂ ਨੂੰ ਪੇਸ਼ ਕਰਦਿਆਂ ਨਿਰਾਸ਼ਾ ਦਾ ਸ਼ਿਕਾਰ ਨਹੀਂ ਹੁੰਦੀ ਸਗੋਂ ਹਾਂ-ਪੱਖੀ ਨਜ਼ਰੀਆ ਇਖ਼ਤਿਆਰ ਕਰਦੀ ਹੈ। ਉਸ ਨੂੰ ਲੱਗਦਾ ਹੈ ਕਿ ਵੱਖ-ਵੱਖ ਸਮੱਸਿਆਵਾਂ ਨੂੰ ਨਿੱਜੀ ਸੋਚ ਵਿਚ ਤਬਦੀਲੀ ਲਿਆ ਕੇ ਬਦਲਿਆ ਜਾ ਸਕਦਾ ਹੈ। ਇਹੋ ਕਾਰਨ ਹੈ ਕਿ ਕਹਾਣੀਕਾਰਾ ਕਈ ਥਾਵਾਂ 'ਤੇ ਸਮਾਜਿਕ ਬੁਰਾਈਆਂ 'ਤੇ ਵਿਅੰਗ ਦੀ ਚੋਭ ਕਰਦੀ ਹੈ। ਉਹ ਇਨ੍ਹਾਂ ਬੁਰਾਈਆਂ ਦੇ ਅਜਿਹੇ ਨਤੀਜੇ ਵਿਖਾਉਂਦੀ ਹੈ ਜਿਸ ਨਾਲ ਪਾਤਰਾਂ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਣ ਦੇ ਨਾਲ-ਨਾਲ ਮਨੁੱਖੀ ਜ਼ਿੰਦਗੀ ਨੂੰ ਵੀ ਮਾਰ ਸਹਿਣੀ ਪੈਂਦੀ ਹੈ। ਇਨ੍ਹਾਂ ਕਹਾਣੀਆਂ ਵਿਚਲਾ ਯਥਾਰਥ ਜੀਵਨ ਦੇ ਸੱਚ ਨੂੰ ਅਸਲ ਰੂਪ ਵਿਚ ਪੇਸ਼ ਕਰਦਾ ਹੈ। ਕਹਾਣੀਕਾਰਾ ਨੇ ਵੱਖ-ਵੱਖ ਸਮੱਸਿਆਵਾਂ ਨੂੰ ਸਰਲਤਾ, ਸਪੱਸ਼ਟਤਾ, ਠੇਠਤਾ, ਦ੍ਰਿੜਤਾ ਤੇ ਵਿਅੰਗਾਤਮਿਕਤਾ ਦੇ ਗੁਣਾਂ ਨਾਲ ਪੇਸ਼ ਕੀਤਾ ਹੈ। ਭਾਰਤੀ ਸਮਾਜ ਦੀ ਬਦਲਦੀ ਨੁਹਾਰ ਨੂੰ ਸਹੀ ਸੇਧ ਦੇਣ ਲਈ ਅਜਿਹੀਆਂ ਸਮੱਸਿਆਵਾਂ ਦਾ ਪਾਠਕਾਂ ਤਕ ਪਹੁੰਚਣਾ ਬਹੁਤ ਜ਼ਰੂਰੀ ਹੁੰਦਾ ਹੈ।

ਜਗਦੀਸ਼ ਰਾਏ ਕੁਲਰੀਆਂ ਨੇ ਇਨ੍ਹਾਂ ਕਹਾਣੀਆਂ ਦਾ ਅਨੁਵਾਦ ਕਰਨ ਲੱਗਿਆਂ ਹੋਰ ਤੱਤਾਂ ਦੇ ਨਾਲ-ਨਾਲ ਭਾਸ਼ਾਈ ਤੱਤ ਦਾ ਵਿਸ਼ੇਸ਼ ਧਿਆਨ ਰੱਖਿਆ ਹੈ। ਇਹ ਜ਼ਰੂਰੀ ਹੁੰਦਾ ਹੈ ਕਿ ਕਹਾਣੀ ਦੀ ਭਾਸ਼ਾ ਸਰਲ, ਸਪੱਸ਼ਟ, ਸੁਥਰੀ, ਮਾਂਜੀ ਹੋਈ ਤੇ ਆਮ ਲੋਕਾਂ ਦੇ ਪੱਧਰ ਦੀ ਹੋਵੇ ਤਾਂ ਜੋ ਕਹਾਣੀ ਦੀ ਰੌਚਕਤਾ ਬਣੀ ਰਹੇ। ਅਜਿਹੀ ਭਾਸ਼ਾਈ ਸਮਰੱਥਾ ਕਰਕੇ ਹੀ ਇਹਨਾਂ ਕਹਾਣੀਆਂ ਨੂੰ ਪੜ੍ਹਨ ਲੱਗਿਆਂ ਪਾਠਕ ਬੋਝਲਤਾ ਮਹਿਸੂਸ ਨਹੀਂ ਕਰਦਾ ਸਗੋਂ ਉਤਸੁਕਤਾ ਨਾਲ ਵਿਸ਼ੇ ਦੀ ਗਹਿਰਾਈ ਨਾਲ ਜੁੜਦਾ ਹੈ। ਇਨ੍ਹਾਂ ਕਹਾਣੀਆਂ ਦੀ ਭਾਸ਼ਾ ਦਾ ਆਪਣਾ ਇਕ ਵਿਸ਼ੇਸ਼ ਮਹੱਤਵ ਹੈ। ਅਨੁਵਾਦਕ ਦੀ ਭਾਸ਼ਾਈ ਸਮਰੱਥਾ ਕਾਰਨ ਇਨ੍ਹਾਂ ਕਹਾਣੀਆਂ ਵਿਚਲੇ ਵਿਚਾਰ ਤੇ ਉਦੇਸ਼ ਪਾਠਕਾਂ ਤਕ ਸਹੀ ਤਰੀਕੇ ਨਾਲ ਪਹੁੰਚਣ ਵਿਚ ਕਾਮਯਾਬ ਹੋ ਸਕੇ ਹਨ। ਅਨੁਵਾਦਕ ਨੇ ਕਹਾਣੀਕਾਰਾ ਦੀ ਭਾਸ਼ਾਈ ਵਿਸ਼ੇਸ਼ਤਾ ਨੂੰ ਗੌਣ ਨਹੀਂ ਹੋਣ ਦਿੱਤਾ ਜਿਸ ਦੇ ਸਿੱਟੇ ਵਜੋਂ ਇਹ ਕਹਾਣੀਆਂ ਪਾਠਕਾਂ ਵਿਚ ਉਚਿਤ ਸੰਚਾਰ ਦਾ ਮਾਧਿਅਮ ਬਣ ਸਕੀਆਂ ਹਨ। ਕਹਾਣੀਕਾਰਾ ਦੀ ਭਾਸ਼ਾਈ ਸਮਰੱਥਾ ਅਤੇ ਅਨੁਵਾਦਕ ਦੀ ਕਲਾਤਮਿਕ ਭਾਸ਼ਾਈ ਰੁਚੀ ਸਦਕਾ ਹੀ ਸੰਭਵ ਹੋ ਸਕਿਆ ਹੈ ਕਿ ਇਨ੍ਹਾਂ ਕਹਾਣੀਆਂ ਦੇ ਔਖੇ ਤੋਂ ਔਖੇ ਵਿਸ਼ੇ ਅਤੇ ਵਿਚਾਰਾਂ ਨੂੰ ਬਹੁਤ ਹੀ ਸਾਧਾਰਨ, ਰੌਚਕ ਅਤੇ ਮੁਹਾਵਰੇਦਾਰ, ਭਾਸ਼ਾ ਦੁਆਰਾ ਇਨ੍ਹਾਂ ਕਹਾਣੀਆਂ ਵਿਚ ਬਿਆਨ ਕੀਤਾ ਗਿਆ ਹੈ। ਇਸ ਕਰਕੇ ਕਹਾਣੀਕਾਰਾ ਦੇ ਨਾਲ-ਨਾਲ ਅਨੁਵਾਦਕ ਦੀ ਮਿਹਨਤ ਤੇ ਲਗਨ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ।



ਜਗਦੀਸ਼ ਰਾਏ ਕੁਲਰੀਆਂ ਨੇ ਇਨ੍ਹਾਂ ਕਹਾਣੀਆਂ ਦਾ ਅਨੁਵਾਦ ਕਰਨ ਲੱਗਿਆਂ ਕਿਤੇ-ਕਿਤੇ ਕਾਵਿਕ ਰੰਗਣ ਦੇਣ ਦੀ ਕੋਸ਼ਿਸ਼ ਵੀ ਕੀਤੀ ਹੈ। ਬਹੁਤਾ ਕਰਕੇ ਉਹ ਇਨ੍ਹਾਂ ਕਹਾਣੀਆਂ ਨੂੰ ਅਨੁਵਾਦ ਕਰਨ ਲੱਗਿਆਂ ਸ਼ੈਲੀਗਤ ਤਜਰਬੇ ਵੀ ਕਰਦਾ ਨਜ਼ਰ ਆਉਂਦਾ ਹੈ। ਅਜਿਹਾ ਕਰਦਿਆਂ ਉਹ ਆਪਣੇ ਭਾਵ ਅਭਿਵਿਅੰਜਨਾਂ ਲਈ ਕਈ ਥਾਵਾਂ 'ਤੇ ਪੰਜਾਬ ਦੀਆਂ ਲੋਕ-ਕਾਵਿ ਉਕਤੀਆਂ ਦੀ ਵਰਤੋਂ ਵੀ ਕਰਦਾ ਹੈ ਜੋ ਇਸ ਅਨੁਵਾਦ ਨੂੰ ਹੋਰ ਪੁਖ਼ਤਾ ਤੇ ਵੱਧ ਕਲਾਮਈ ਬਣਾਉਂਦੀਆਂ ਹਨ। ਉਸ ਨੇ ਕਹਾਣੀਆਂ ਵਿਚਲੇ ਵੱਖ-ਵੱਖ ਪਾਤਰਾਂ ਦੇ ਮਨੋਭਾਵ, ਦੂਸਰੇ ਪਾਤਰਾਂ ਦੀ ਦਸ਼ਾ, ਘਟਨਾਵਾਂ ਤੇ ਮਨ ਦੇ ਵੇਗ ਆਦਿ ਨੂੰ ਪੰਜਾਬੀ ਭਾਸ਼ਾਈ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਇਨ੍ਹਾਂ ਕਹਾਣੀਆਂ ਦੀ ਸ਼ੈਲੀ ਪਾਠਕ ਨੂੰ ਕਾਵਿਕ ਤੇ ਕਲਾਮਈ ਰੰਗਣ ਵਾਲੀ ਲੱਗਦੀ ਹੈ।

ਇਨ੍ਹਾਂ ਕਹਾਣੀਆਂ ਨੂੰ ਪੜ੍ਹਨ ਤੋਂ ਬਾਅਦ ਮਹਿਸੂਸ ਹੁੰਦਾ ਹੈ ਕਿ ਕਹਾਣੀਕਾਰਾ ਤੇ ਅਨੁਵਾਦਕ ਸਾਹਿਤ ਦੇ ਖੇਤਰ ਵਿਚ ਅਨੁਭਵੀ ਵਿਅਕਤੀ ਹਨ। ਇਹੋ ਕਾਰਨ ਹੈ ਕਿ ਇਨ੍ਹਾਂ ਕਹਾਣੀਆਂ ਵਿਚਲੇ ਵਿਸ਼ੇ ਤੇ ਸ਼ੈਲੀ ਦੇ ਪ੍ਰਸੰਗ ਵਿਚ ਅਟੱਲ ਸਮਾਜਿਕ ਸਚਾਈਆਂ ਨੂੰ ਖੁੱਭ ਦੇ ਪੇਸ਼ ਕੀਤਾ ਹੈ। ਅਟੱਲ ਸਚਾਈਆਂ ਤੇ ਨੀਤੀ ਬਚਨ ਮਨੁੱਖ ਦੇ ਮਾਰਗ-ਦਰਸ਼ਕ ਹਨ। ਇਨ੍ਹਾਂ ਸਦਕਾ ਹੀ ਸਾਨੂੰ ਗ਼ਲਤ ਤੇ ਸਹੀ ਦਾ ਨਿਰਣਾ ਕਰਨਾ ਸੌਖਾ ਹੋ ਜਾਂਦਾ ਹੈ। ਸਿੱਟੇ ਵਜੋਂ ਕਹਾਣੀਆਂ ਵਿਚ ਨਿਖਾਰ ਵੀ ਆਇਆ ਹੈ ਅਤੇ ਕਹਾਣੀਆਂ ਠੋਸ ਅਰਥ ਭਰਪੂਰ ਤੇ ਮੁੱਲਵਾਨ ਹੋਈਆਂ ਹਨ। ਅਜਿਹੀ ਤੱਤ ਵਿਵੇਚਨੀ ਸਮੱਗਰੀ ਦਾ ਢੁਕਵਾਂ ਪ੍ਰਯੋਗ ਕਰ ਕੇ ਕਹਾਣੀਆਂ ਦੇ ਵਿਸ਼ੇ ਪੱਖ ਤੋਂ ਰੌਚਕਤਾ ਵਿਚ ਵਾਧਾ ਹੋਇਆ ਹੈ। ਇਸ ਕਾਰਨ ਕਹਾਣੀਆਂ ਦੇ ਪਾਠਕ ਨੂੰ ਸੁਭਾਵਿਕਤਾ ਦੇ ਨਾਲ-ਨਾਲ ਜ਼ਿੰਦਗੀ ਨੂੰ ਸੇਧ ਦੇਣ ਵਾਲੀਆਂ ਪਰੰਗਤ ਅਟੱਲ ਸਚਾਈਆਂ ਦਾ ਗਿਆਨ ਹੁੰਦਾ ਹੈ। ਅਜਿਹਾ ਗਿਆਨ ਹੀ ਸਾਡਾ ਰਾਹ ਰੌਸ਼ਨ ਕਰਨ ਵਿਚ ਸਹਾਈ ਹੁੰਦਾ ਹੈ।

ਇਨ੍ਹਾਂ ਕਹਾਣੀਆਂ ਦੀ ਰਚਨਾਕਾਰ ਕੋਲ ਆਪਣੀ ਗੱਲ ਕਹਿਣ ਦਾ ਵਧੀਆ ਢੰਗ ਹੈ। ਉਹ ਲੋਕਾਂ ਵਿਚ ਪ੍ਰਚਲਿਤ ਅਟੱਲ ਸਚਾਈਆਂ ਦਾ ਪ੍ਰਯੋਗ ਵਿਸ਼ੇ ਤੇ ਸਥਿਤੀ ਅਨੁਸਾਰ ਕਰਦੀ ਹੈ। ਇਹੋ ਕਾਰਨ ਹੈ ਕਿ ਇਨ੍ਹਾਂ ਕਹਾਣੀਆਂ ਵਿਚ ਭਾਰਤੀ ਸਭਿਆਚਾਰ ਦੇ ਦਰਸ਼ਨ ਹੁੰਦੇ ਹਨ। ਇਨ੍ਹਾਂ ਕਹਾਣੀਆਂ ਵਿਚ ਭਾਰਤੀ ਸਮਾਜ ਦੀ ਤਸਵੀਰ ਹੀ ਨਜ਼ਰ ਨਹੀਂ ਆਉਂਦੀ ਬਲਕਿ ਭਾਰਤ ਦੀ ਆਤਮਾ ਦੇ ਦਰਸ਼ਨ ਵੀ ਹੁੰਦੇ ਹਨ। ਭਾਰਤੀ ਸਮਾਜ ਨੂੰ ਜਾਣਨ ਲਈ ਇਨ੍ਹਾਂ ਕਹਾਣੀਆਂ ਤੋਂ ਬਹੁਤ ਕੁਝ ਪ੍ਰਾਪਤ ਹੋ ਸਕਦਾ ਹੈ। ਇਨ੍ਹਾਂ ਕਹਾਣੀਆਂ ਦੀਆਂ

ਅਜਿਹੀਆਂ ਖ਼ੂਬੀਆਂ ਸਦਕਾ ਹੀ ਇਹ ਲੋਕ-ਮੁਖੀ ਕਹਾਣੀਆਂ ਹੋ ਨਿੱਬੜੀਆਂ ਹਨ। ਅਜਿਹਾ ਕਰਨ ਸਦਕਾ ਇਨ੍ਹਾਂ ਕਹਾਣੀਆਂ ਵਿਚ ਸਰਲਤਾ, ਉਤਸੁਕਤਾ ਅਤੇ ਯਥਾਰਥਕਤਾ ਬਣੀ ਰਹਿੰਦੀ ਹੈ। ਕਹਾਣੀਆਂ ਵਿਚਲੀ ਵਾਕ ਬਣਤਰ ਦੀ ਖ਼ੂਬਸੂਰਤੀ ਵੀ ਕਹਾਣੀਕਾਰਾ ਅਤੇ ਅਨੁਵਾਦਕ ਦੀ ਕਲਾ ਸਦਕਾ ਕਮਾਲ ਕਰ ਵਿਖਾਉਂਦੀ ਹੈ। ਕਹਾਣੀਆਂ ਵਿਚਲੇ ਨਿੱਕੇ-ਨਿੱਕੇ ਵਾਕ ਸਰਲਤਾ ਤੇ ਸਪੱਸ਼ਟਤਾ ਦਾ ਰੂਪ ਇਖ਼ਤਿਆਰ ਕਰਨ ਵਿਚ ਅਹਿਮ ਰੋਲ ਅਦਾ ਕਰਦੇ ਹਨ। ਕਹਾਣੀਕਾਰਾ ਨੂੰ ਸ਼ਬਦਾਂ ਦੀ ਅਰਥਗਰਭਿਤਾ ਦਾ ਵੀ ਪੂਰਨ ਗਿਆਨ ਹੈ। ਇਸ ਗਿਆਨ ਸਦਕਾ ਹੀ ਉਹ ਵੱਡੀ ਤੋ ਵੱਡੀ ਗੱਲ ਥੋੜ੍ਹੇ ਸ਼ਬਦਾਂ ਤੇ ਨਿੱਕੇ ਪੈਰ੍ਹਿਆਂ ਰਾਹੀਂ ਕਹਿਣ ਵਿਚ ਯਕੀਨ ਰੱਖਦੀ ਹੈ। ਇਸ ਪੁਸਤਕ ਵਿਚਲੀਆਂ ਲਗਭਗ ਸਾਰੀਆਂ ਕਹਾਣੀਆਂ ਵਿਚ ਹੀ ਲਘੂ ਵਾਕਾਂ ਦੇ ਪ੍ਰਭਾਵ ਨੂੰ ਵੇਖਿਆ ਜਾ ਸਕਦਾ ਹੈ। ਅਜਿਹੀ ਸ਼ੈਲੀ ਕਹਾਣੀਆਂ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਦੇ ਨਾਲ-ਨਾਲ ਪ੍ਰਮਾਣਿਕਤਾ ਬਖ਼ਸ਼ਣ ਵਿਚ ਵੀ ਸਹਾਈ ਹੁੰਦੀ ਹੈ। ਅਜਿਹਾ ਕਰਨ ਨਾਲ ਹੀ ਕਹਾਣੀਕਾਰਾ ਦੀ ਕਲਮ ਦਾ ਜਾਦੂ ਪਾਠਕ ਨੂੰ ਮੰਤਰਮੁਗਧ ਕਰ ਦਿੰਦਾ ਹੈ। ਇਨ੍ਹਾਂ ਕਹਾਣੀਆਂ ਦੇ ਅਨੁਵਾਦਕ ਦੀ ਵੀ ਇਸ ਗੱਲ ਲਈ ਪ੍ਰਸ਼ੰਸਾ ਕਰਨੀ ਬਣਦੀ ਹੈ ਕਿ ਉਹ ਚੰਗੇ ਤੋਂ ਚੰਗੇ ਤੇ ਢੁਕਵੇਂ ਸ਼ਬਦਾਂ ਨੂੰ ਚੁਣਦਾ ਹੈ ਅਤੇ ਇਕ ਨਪੀ ਤੁਲੀ ਵਿਉਂਤ ਅਨੁਸਾਰ ਸ਼ਬਦਾਂ ਨੂੰ ਤਰਤੀਬਬੱਧ ਲੜੀ ਵਿਚ ਪਰੋ ਦਿੰਦਾ ਹੈ। ਅਜਿਹਾ ਕਰਨ ਨਾਲ ਹੀ ਹਰ ਸ਼ਬਦ ਆਪਣੀ ਅਸਲੀ ਥਾਂ ਉਪਰ ਜੜਿਆ ਜਾਂਦਾ ਹੈ। ਅਨੁਵਾਦਕ ਦੁਆਰਾ ਵਿਖਾਈ ਗਈ ਬਿਆਨ ਦੀ ਖ਼ੂਬਸੂਰਤੀ, ਸੰਜਮੀ ਸ਼ੈਲੀ ਅਰਥਾਤ ਥੋੜ੍ਹੇ ਸ਼ਬਦਾਂ ਵਿਚ ਬਹੁਤ ਕੁਝ ਕਹਿਣ ਦੀ ਸਮਰੱਥਾ ਉਸ ਦੇ ਅਨੁਵਾਦ ਦੇ ਗੁਣ ਹਨ। ਅਨੁਵਾਦਕ ਦੁਆਰਾ ਅਨੁਵਾਦ ਕੀਤੀ ਗਈ ਠੁੱਕਦਾਰ ਤੇ ਗੁੰਦਵੀਂ ਵਾਕ ਬਣਤਰ ਇਨ੍ਹਾਂ ਕਹਾਣੀਆਂ ਨੂੰ ਹੋਰ ਵੀ ਲੋਕਪ੍ਰਿਯ ਬਣਾਏਗੀ। ਮੈਂ ਨਿੱਜੀ ਤੌਰ ’ਤੇ ਇਸ ਕਹਾਣੀ-ਸੰਗ੍ਰਹਿ ਦੀ ਰਚਨਾਕਾਰ ਦੇਵੀ ਨਾਗਰਾਣੀ ਅਤੇ ਇਸ ਦੇ ਅਨੁਵਾਦਕ ਜਗਦੀਸ਼ ਰਾਏ ਕੁਲਰੀਆਂ ਨੂੰ ਦਿਲੋਂ ਵਧਾਈ ਦਿੰਦਾ ਹਾਂ ਅਤੇ ਇਹ ਤਵੱਕੋ ਕਰਦਾ ਹਾਂ ਕਿ ਭਵਿੱਖ ਵਿਚ ਵੀ ਉਹ ਅਜਿਹੇ ਮਹੱਤਵਪੂਰਨ ਸਾਹਿਤ ਦੇ ਅਨੁਵਾਦ ਦਾ ਕਾਰਜ ਜਾਰੀ ਰੱਖੇਗਾ।

ਆਮੀਨ!

**ਡਾ. ਭੀਮ ਇੰਦਰ ਸਿੰਘ**
ਮੁਖੀ,
ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।



## ਦੇਵੀ ਨਾਗਰਾਣੀ ਦੀਆਂ ਕਹਾਣੀਆਂ ਪੜ੍ਹਦਿਆਂ...

ਦੇਵੀ ਨਾਗਰਾਣੀ ਸਚਮੁੱਚ ਸਾਹਿਤ ਦੀ ਦੇਵੀ ਹੈ। ਹੁਣੇ ਹੁਣੇ ਉਸਦੀ ਕਹਾਣੀ ਦਾ ਪੰਜਾਬੀ ਰੂਪ ‘ਗੁਲਸ਼ਨ ਕੌਰ ਤੇ ਹੋਰ ਕਹਾਣੀਆਂ’ ਪੜ੍ਹਿਆ ਹੈ। ਕਮਾਲ ਹੈ। ਕੁਲਰੀਆਂ ਨੇ ਅਨੁਵਾਦ ਕੀਤਾ ਹੈ। ਲੇਖਿਕਾ ਮਨੋ-ਵਿਗਿਆਨਕ ਢੰਗ ਨਾਲ ਕਹਾਣੀ ਚਿਣਦੀ ਹੈ। ਵਿਸ਼ਾ ਵੀ ਕਲਾਤਮਿਕਤਾ ਭਰਿਆ ਚੁਣਦੀ ਹੈ। ਦੇਵੀ ਜੀ ਨਾਲ ਕੁਛ ਅਰਸੇ ਤੋਂ ਮੈਂ ਸੰਪਰਕ ਵਿਚ ਹਾਂ। ਸਾਹਿਤ ਕਲਾ ਪ੍ਰਤੀ ਉਨ੍ਹਾਂ ਦੀ ਸਮਝ, ਲਗਨ ਤੇ ਨਿਸ਼ਠਾ ਨੂੰ ਸਲਾਮ ਕਰਨੀ ਬਣਦੀ ਹੈ। ਅਮਰੀਕਾ ਵਿਚ ਬੈਠੇ ਹੋਏ ਵੀ ਉਹ ਕੁਛ ਹੋਰ ਨਹੀਂ ਸੋਚ ਰਹੇ, ਸਿਵਾਇ ਕਲਮ, ਕਲਾ ਤੇ ਸ਼ਬਦ ਸੰਸਾਰ ਤੋਂ। ਜਦ ਉਨ੍ਹਾਂ ਦਾ ਫੋਨ ਆਉਂਦਾ ਹੈ ਤਾਂ ਲਗਦਾ ਹੈ ਕਿ ਪਰਦੇਸ ਤੋ ਠੰਢੀ ਹਵਾ ਦਾ ਬੁਲਾ ਆਇਆ ਹੈ। ਮੇਰੇ ਧੰਨਭਾਗ ਨੇ।

**ਨਿੰਦਰ ਘੁਗਿਆਣਵੀ**

## ਅਨੁਵਾਦਕ ਵੱਲੋਂ

ਹਰ ਮਨੁੱਖ ਆਪਣੇ ਆਲੇ ਦੁਆਲੇ ਦੀਆਂ ਘਟਨਾਵਾਂ ਨੂੰ ਦੇਖਦਾ, ਪਰਖਦਾ ਅਤੇ ਆਪਣੇ ਦਿਮਾਗ਼ ਮੁਤਾਬਕ ਉਸਦਾ ਨਿਰਣਾ ਕਰਦਾ ਹੈ, ਪ੍ਰੰਤੂ ਇੱਕ ਬੁੱਧੀਜੀਵੀ, ਲੇਖਕ ਇਹਨਾਂ ਘਟਨਾਵਾਂ ਨੂੰ ਮਹਿਜ਼ ਦੇਖਦਾ ਹੀ ਨਹੀਂ, ਬਲਕਿ ਉਸ ਘਟਨਾ ਦੇ ਪਿੱਛੇ ਪਏ ਅਨੇਕ ਹੋਰ ਵਰਤਾਰਿਆਂ ਨੂੰ ਵੀ ਵਾਚਦਾ ਹੈ। ਸਾਹਿਤ ਦਾ ਲੋਕਹਿਤੂ ਹੋਣਾ ਇਸ ਦਾ ਮੁੱਢਲਾ ਫ਼ਰਜ਼ ਹੈ। ਲੇਖਕ ਨੂੰ ਇਸ ਧਰਮ ਦੀ ਪਾਲਣਾ ਕਰਨੀ ਚਾਹੀਦੀ ਹੈ ਤਾਂ ਹੀ ਲੋਕਾਈ ਨੂੰ ਚੇਤੰਨ ਕਰ ਸਕਦਾ ਹੈ।

ਦੇਵੀ ਨਾਗਰਾਣੀ ਜੀ ਦੀਆਂ ਕਹਾਣੀਆਂ ਨੂੰ ਜਦੋਂ ਪੜ੍ਹਿਆ, ਉਲੱਥਾ ਕੀਤਾ ਤਾਂ ਜਾਣਿਆ ਕਿ ਲੇਖਿਕਾ ਲੋਕਾਂ ਲਈ ਲਿਖਦੀ ਹੈ ਅਤੇ ਉਨ੍ਹਾਂ ਦੇ ਦੁੱਖ-ਦਰਦਾਂ ਨੂੰ ਆਪਣੀ ਲੇਖਨੀ ਦਾ ਜ਼ਰੀਆ ਬਣਾਉਂਦੀ ਹੈ। ਉਸ ਦੀਆਂ ਕਹਾਣੀਆਂ ਆਮ ਜਨ-ਜੀਵਨ ਨਾਲ ਤਾਂ ਜੁੜੀਆਂ ਹੋਈਆਂ ਹੀ ਹਨ, ਬਲਕਿ ਆਦਰਸ਼ਵਾਦੀ ਵੀ ਹਨ। ਮਨੁੱਖੀ ਕਦਰਾਂ-ਕੀਮਤਾਂ ਵਿਚ ਨਿਘਾਰ ਤੇ ਰਿਸ਼ਤਿਆਂ ਵਿਚ ਵਧਦੀ ਜਾ ਰਹੀ ਕੁੜੱਤਣ, ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਪਰਵਾਨਿਆਂ ਦੇ ਸੁਪਨੇ, ਜਾਤ-ਪਾਤ ਦਾ ਭੇਦਭਾਵ, ਮਾਂ ਦੀ ਮਮਤਾ, ਦੇਸ਼ ਦੀ ਵੰਡ ਦਾ ਦੁਖਾਂਤ ਆਦਿ ਵਿਸ਼ੇ ਮੁੱਖ ਰੂਪ ਵਿਚ ਕਹਾਣੀਆਂ ਦਾ ਆਧਾਰ ਬਣੇ ਹਨ। ਵੱਡੀ ਗੱਲ ਹੈ ਕਿ ਲੇਖਿਕਾ ਵੱਲੋਂ ਕਹਾਣੀ ਲਿਖਣ ਦੀ ਆਪਣੀ ਇਕ ਸ਼ੈਲੀ ਹੈ। ਕਹਾਣੀਆਂ ਨੂੰ ਪੜ੍ਹਦਿਆਂ ਪਾਠਕ ਬੋਰ ਨਹੀਂ ਹੁੰਦਾ, ਬਲਕਿ ਲਗਾਤਾਰ ਨਾਲ ਤੁਰਦਾ ਰਹਿੰਦਾ ਹੈ। ਪਾਤਰਾਂ ਦਾ ਮਾਨਸਿਕ ਚਿਤਰਣ ਕਮਾਲ ਦਾ ਹੈ।

ਇਸ ਸੰਗ੍ਰਹਿ ਵਿਚ 16 ਕਹਾਣੀਆਂ ਹਨ, ਜੋ ਕਿ ਆਪ ਜੀ ਨੂੰ ਪਸੰਦ ਆਉਣਗੀਆਂ। ਕਹਾਣੀਆਂ ਤੇ ਅਨੁਵਾਦ ਕਿਹੋ ਜਿਹਾ ਹੈ, ਇਹ ਪ੍ਰਤੀਕਿਰਿਆ ਦੇਣ ਲਈ ਤੁਹਾਨੂੰ ਇਸ ਪੁਸਤਕ ਨੂੰ ਪੜ੍ਹਨਾ ਪਵੇਗਾ।

ਤਾਂ ਦੋਸਤੋ, ਤੁਹਾਡੀਆਂ ਪ੍ਰਤੀਕਿਰਿਆਵਾਂ ਦੀ ਉਡੀਕ ਰਹੇਗੀ।

**ਜਗਦੀਸ਼ ਰਾਏ ਕੁਲਰੀਆਂ**



## ਮਨ ਦੀਆਂ ਗੰਢਾਂ ਖੋਲ੍ਹਦੀਆਂ ਕਹਾਣੀਆਂ

ਸਾਹਿਤ ਦਾ ਵਿਸ਼ਾਲ ਖੇਤਰ ਲੇਖਨ ਦੀ ਹਰ ਕਲਾ, ਗਲਪ ਹੋਵੇ ਜਾਂ ਕਾਵਿ ਸਾਰਿਆਂ ਨੂੰ ਇੱਕ ਦਿਸ਼ਾ ਦਿੰਦਾ ਹੈ। ਕਲਪਨਾ ਦੇ ਆਧਾਰ 'ਤੇ ਮਨ ਵਿਚ ਖੌਲਦੇ ਵਿਚਾਰਾਂ, ਭਾਵਾਂ ਨੂੰ ਰੂਪ ਦੇ ਕੇ ਸ਼ਬਦਾਂ ਵਿਚ ਪੇਸ਼ ਕਰਨਾ ਵੀ ਇੱਕ ਕਲਾ ਹੈ। ਪ੍ਰੰਤੂ ਹਰ ਇੱਕ ਕਲਾ ਕੁਝ ਨਿਯਮਾਂ, ਕੁਝ ਮਾਪਦੰਡਾਂ 'ਤੇ ਟਿਕੀ ਹੁੰਦੀ ਹੈ। ਬੇਬੁਨਿਆਦ ਕੁਝ ਵੀ ਨਹੀਂ। ਫੇਰ ਉਸਦਾ ਰੂਪ ਚਾਹੇ ਕੋਈ ਵੀ ਹੋਵੇ, ਡਾਇਰੀ ਦੇ ਪੰਨੇ, ਸਵੈ-ਜੀਵਨੀ, ਯਾਦਾਂ, ਰੇਖਾ-ਚਿੱਤਰ, ਕਵਿਤਾ, ਨਾਵਲ ਜਾਂ ਕਹਾਣੀ।

ਕਹਾਣੀ ਲਿਖਣ ਦੇ ਲਈ ਕਿਸੇ ਵੱਡੀ ਘਟਨਾ ਜਾਂ ਵਾਰਦਾਤ ਦਾ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਰੂਪ ਨੂੰ ਸ਼ਿਲਪ ਅਤੇ ਸੁੰਦਰਤਾ ਦੀ ਤੱਕੜੀ ਵਿਚ ਤੋਲ ਕੇ, ਇਕ ਪਾਰਖੂ ਨਜ਼ਰ ਨਾਲ ਦੇਖਿਆ, ਪਰਖਿਆ ਜਾਵੇ ਤਾਂ ਸਾਰਿਆਂ ਨੂੰ ਆਪਣੇ ਆਲੇ ਦੁਆਲੇ ਹੋ ਰਹੇ ਰੋਜ਼ਾਨਾ ਦੇ ਕੰਮ-ਕਾਰਾਂ ਵਿਚ ਅਨੇਕ ਘਟਨਾਵਾਂ ਮਿਲਣਗੀਆਂ। ਇਥੋਂ ਕਹਾਣੀ ਦੀ ਸ਼ੁਰੂਆਤ ਹੁੰਦੀ ਹੈ।

ਸੰਗ੍ਰਹਿ ਵਿਚ ਸ਼ਾਮਿਲ ਇਹ ਕਹਾਣੀਆਂ ਮੇਰੇ ਆਪਣੇ ਤਜਰਬੇ ਤੇ ਸੰਵੇਦਨਾਵਾਂ ਦੀ ਪੇਸ਼ਕਸ਼ ਹਨ। ਇੱਕ ਕਹਾਣੀ ਦੂਜੀ ਨੂੰ ਅਤੇ ਦੂਜੀ ਤੀਜੀ ਨੂੰ ਜਨਮ ਦਿੰਦੀ ਹੈ। ਕੁਝ ਕਲਪਨਾ ਕੁਝ ਹਕੀਕਤ ਦੀ ਨੀਂਹ 'ਤੇ ਸਿਰਜੀਆਂ ਇਹ ਕਹਾਣੀਆਂ ਸਾਡੇ ਹੀ ਘਰ-ਪਰਿਵਾਰਾਂ ਦੀ ਤਸਵੀਰ ਹਨ। ਬਸ ਆਪਣੇ ਆਲੇ ਦੁਆਲੇ ਵਾਪਰੀਆਂ ਇਹਨਾਂ ਕਹਾਣੀਆਂ ਨੂੰ ਯਥਾਰਥ ਦੀ ਕਸਵੱਟੀ 'ਤੇ ਪਰਖਿਆ ਹੈ। ਕੁੱਲ ਮਿਲਾ ਕੇ ਇਹ ਕਹਾਣੀਆਂ ਮਾਨਸਿਕ ਦਵੰਦ ਦੀ ਉਪਜ ਹਨ, ਜਿੱਥੇ ਹਰ ਪਾਤਰ ਆਪਣੇ ਘੇਰੇ ਵਿਚ ਸੰਘਰਸ਼ਮਈ ਰਹਿੰਦਾ ਹੈ।

ਕਈ ਕਹਾਣੀਆਂ ਆਮ ਆਦਮੀ ਦੇ ਅੰਦਰ ਤੇ ਬਾਹਰ ਦੀ ਜੱਦੋ-ਜਹਿਦ ਹਨ, ਜਿਹੜੀਆਂ ਉਨ੍ਹਾਂ ਦੇ ਤਜਰਬੇ, ਹੁਨਰ ਅਤੇ ਹੋਣੀ ਨੂੰ ਪੇਸ਼ ਕਰਦੀਆਂ ਹਨ। ਸਕੂਲ ਕਾਲਜ ਅਤੇ ਆਜ਼ਾਦੀ ਦੇ ਪ੍ਰਵਾਨਿਆਂ ਦੇ ਸੁਪਨਿਆਂ ਦੀ ਗੱਲ ਕਰਦੀ (ਜੰਗ ਜਾਰੀ ਹੈ), ਜਾਤ-ਪਾਤ, ਰਸਮਾਂ ਰਿਵਾਜਾਂ ਦੇ ਚੱਕਰਾਂ ਵਿਚ

ਹਾਸ਼ੀਆਗਤ ਜੂਨ ਹੰਢਾਉਂਦੇ ਪਾਤਰਾਂ ਦੀ ਮਨੋਦਸ਼ਾ ਨੂੰ ਪ੍ਰਗਟ ਕਰਦੀ (ਪੱਖਪਾਤ ਦੀ ਰਾਜਨੀਤੀ), ਨੈਤਿਕ ਕਦਰਾਂ ਕੀਮਤਾਂ ਤੋਂ ਬੇਮੁੱਖ ਤੇ ਨਸ਼ਿਆਂ 'ਚ ਗ਼ਰਕਦੀ ਨੌਜਵਾਨ ਪੀੜ੍ਹੀ (ਮਮਤਾ) ਅਤੇ ਦੇਸ਼ ਦੀ ਵੰਡ ਦੇ ਬਾਵਜੂਦ ਵੀ ਇਧਰ ਤੇ ਓਧਰ ਦੇ ਲੋਕਾਂ ਦੇ ਦਿਲਾਂ ਵਿਚਲੇ ਪਿਆਰ ਨੂੰ ਦਰਸਾਉਂਦੀ (ਗੁਲਸ਼ਨ ਕੌਰ) ਅਤੇ ਬਜ਼ੁਰਗਾਂ ਦੀ ਬੇਬਸੀ ਅਤੇ ਇਸ ਅਵਸਥਾ ਦੇ ਆਖ਼ਰੀ ਦੌਰ ਦੀਆਂ ਦੁਵਿਧਾਜਨਕ ਸਥਿਤੀਆਂ ਨੂੰ ਪ੍ਰਗਟਾਉਂਦੀ (ਮੈਂ ਕਿਸੇ ਦਾ ਨਹੀਂ) ਆਦਿ ਕਹਾਣੀਆਂ ਪਾਠਕਾਂ ਨੂੰ ਨਾਲ ਤੋਰਨ ਦੀ ਸਮਰੱਥਾ ਰੱਖਦੀਆਂ ਹਨ।

'ਮਮਤਾ' ਵਿਚ ਜੰਮਣ ਪੀੜਾ ਤੋਂ ਬਾਅਦ ਬੱਚੇ ਤੋਂ ਦੂਰ ਰਹਿਣ ਦਾ ਸੰਤਾਪ ਇੱਕ ਮਾਂ ਦੀ ਮਮਤਾ ਨੂੰ ਕਿਹੜੇ ਕਿਹੜੇ ਇਮਤਿਹਾਨਾਂ ਵਿਚੋਂ ਲੰਘਣ ਲਈ ਮਜਬੂਰ ਕਰਦਾ ਹੈ, ਪੜ੍ਹਨਯੋਗ ਹੈ। ਇਸ ਕਹਾਣੀ ਵਿਚ ਇਕ ਨੌਜਵਾਨ ਲੜਕੀ ਨਸ਼ੇ ਦੀ ਗ੍ਰਿਫ਼ਤ ਦੇ ਨਾਲ ਨਾਲ ਪਿਆਰ ਵਿਚ ਧੋਖਾ ਖਾਂਦੀ ਹੈ ਅਤੇ ਫੇਰ ਕੁਆਰੀ ਮਾਂ ਬਣ ਕੇ ਆਪਣੇ ਬੱਚੇ ਨੂੰ ਪਿਆਰ ਕਰਨ ਲਈ, ਬੁੱਕਲ ਦਾ ਨਿੱਘ ਦੇਣ ਲਈ ਜ਼ਿੰਦਗੀ ਵਿਚ ਆਪਣੇ ਆਪ ਕਾਫ਼ੀ ਸੰਘਰਸ਼ ਕਰਦੀ ਹੈ।

'ਇਸ ਤਰ੍ਹਾਂ ਵੀ ਹੁੰਦਾ ਹੈ' ਇੱਕ ਵੱਖਰੀ ਤਰ੍ਹਾਂ ਦੀ ਕਹਾਣੀ ਹੈ। ਬਜ਼ੁਰਗ ਪੀੜ੍ਹੀ ਦੇ ਲਈ ਇੱਕ ਸੰਕੇਤਾਤਮਕ ਸੰਦੇਸ਼ ਵਾਲੀ ਇੱਕ ਮਾਨਸਿਕ ਉਲਝਣਾਂ ਵਿਚੋਂ ਲੰਘਦੀ ਹੋਈ ਮਾਂ ਦੀ ਕਹਾਣੀ ਹੈ, ਜਿਹੜੀ ਉਹਦੇ ਲਈ ਪਛਤਾਵਾ ਵੀ ਹੈ ਅਤੇ ਵਰਦਾਨ ਵੀ। ਦਰਅਸਲ ਇਹ ਕਹਾਣੀ 1959 ਵਿਚ ਮੇਰੇ ਚੇਤਿਆਂ 'ਚ ਵਸੀ ਇਕ ਘਟਨਾ 'ਤੇ ਆਧਾਰਿਤ ਹੈ, ਕਾਲਜ ਦੇ ਦਿਨਾਂ ਵਿਚ ਹੈਦਰਾਬਾਦ ਦੱਖਣ ਵਿਚ ਰਹਿੰਦੀ ਮੇਰੀ ਸਹੇਲੀ ਦਾ ਵਿਆਹ ਕੁਝ ਇਸ ਤਰ੍ਹਾਂ ਹੀ ਆਪਣੇ ਮਾਮੇ ਨਾਲ ਹੋਇਆ ਸੀ। ਮਾਂ ਅਤੇ ਧੀ ਦੋਵੇਂ ਕੁੜਮਣੀਆਂ ਬਣ ਗਈਆਂ। ਰੀਤੀ-ਰਿਵਾਜਾਂ ਦੀ ਪਰਿਭਾਸ਼ਾ ਵਿਚ ਸਿਰਜੀ ਇਹ ਕਹਾਣੀ ਕੁਝ ਕਲਪਨਾ ਦੇ ਖੰਭਾਂ ਤੇ ਕੁਝ ਯਥਾਰਥ ਦੇ ਧਰਾਤਲ 'ਤੇ ਖੜ੍ਹੀ ਹੈ। ਇਸੇ ਤਰ੍ਹਾਂ 'ਨਵੀਂ ਮਾਂ', 'ਆਪਣੇ ਬਿਗਾਨੇ' ਅਤੇ 'ਮੈਂ ਅਤੇ ਤਾਜ ਮਹੱਲ' ਮਨੁੱਖੀ ਰਿਸ਼ਤਿਆਂ ਦੀ ਕੁੜੱਤਣ ਦੇ ਨਾਲ ਨਾਲ ਆਪਸੀ ਪਿਆਰ, ਮਿਲਵਰਤਣ ਤੇ ਇੱਕ ਦੂਜੇ ਲਈ ਆਪਾ ਵਾਰਨ ਦਾ ਸੰਦੇਸ਼ ਦਿੰਦੀਆਂ ਹਨ।

ਆਪਣੀ ਮਾਂ ਬੋਲੀ ਅਰਬੀ ਸਿੰਧੀ ਤੋਂ ਇਹ ਕਹਾਣੀਆਂ ਅਨੁਵਾਦ ਕਰਦੇ ਹੋਏ ਮੈਂ ਇਨ੍ਹਾਂ ਨੂੰ ਹਿੰਦੀ ਪਾਠਕਾਂ ਦੇ ਸਨਮੁੱਖ ਪੇਸ਼ ਕੀਤਾ ਹੈ ਅਤੇ ਹੁਣ ਮੈਂ ਸ਼੍ਰੀ ਜਗਦੀਸ਼ ਰਾਏ ਕੁਲਰੀਆਂ ਜੀ ਦਾ ਵਿਸ਼ੇਸ਼ ਧੰਨਵਾਦ ਕਰਨਾ ਚਾਹੁੰਦੀ ਹਾਂ ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਆਪਣੀ ਪ੍ਰਤਿਭਾ ਦਾ ਪਰਿਚੈ ਦਿੰਦੇ ਹੋਏ 'ਦੋ ਸ਼ਬਦ' ਲਿਖੇ ਹਨ ਅਤੇ ਉਨ੍ਹਾਂ ਦਾ ਅਨੁਵਾਦ ਇੱਕ ਜ਼ਰੀਆ



ਬਣਿਆ ਹੈ, ਜਿਸ ਕਰਕੇ ਇਹ ਪੁਸਤਕ ਪੰਜਾਬੀ ਪਾਠਕਾਂ ਤੱਕ ਪਹੁੰਚੀ ਹੈ। ਉਨ੍ਹਾਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਮੇਰੇ ਤਜਰਬੇ ਦੀ ਜ਼ੁਬਾਨ ਬਣਿਆ ਹੈ। ਡਾ. ਰਵੀ ਰਵਿੰਦਰ, ਡਾ. ਭੀਮ ਇੰਦਰ ਸਿੰਘ ਅਤੇ ਨਿੰਦਰ ਘੁਗਿਆਣਵੀ ਵਰਗੇ ਵਿਦਵਾਨਾਂ ਦੀ ਵਿਸ਼ੇਸ਼ ਤੌਰ 'ਤੇ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਦੇ ਹੌਸਲੇ ਭਰੇ ਸ਼ਬਦਾਂ ਕਰਕੇ ਇਹ ਸੰਭਵ ਹੋ ਰਿਹਾ ਹੈ। ਅੰਤ ਨਾ ਕਹਿ ਕੇ ਇੱਕ ਨਵੀਂ ਸ਼ੁਰੂਆਤ ਲਈ ਸ਼ਿਲਾਲੇਖ ਪ੍ਰਕਾਸ਼ਨ ਦੇ ਨਿਰਦੇਸ਼ਕ ਸ਼੍ਰੀ ਸ਼ਤੀਸ਼ ਸ਼ਰਮਾ ਜੀ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕਰਦੀ ਹਾਂ ਕਿ ਉਹ ਸਿੰਧੀ ਦੇ ਨਾਲ ਨਾਲ ਅਨੁਵਾਦਿਤ ਪੁਸਤਕਾਂ ਨੂੰ ਤੁਹਾਡੇ ਤੱਕ ਪਹੁੰਚਾਉਣ ਦੇ ਲਈ ਤਨਦੇਹੀ ਨਾਲ ਕਾਰਜ ਕਰ ਰਹੇ ਹਨ।

ਅੰਤ ਵਿਚ ਮੈਨੂੰ ਆਪਣੇ ਪਾਠਕਾਂ ਦੀਆਂ ਪ੍ਰਤੀਕਿਰਿਆਵਾਂ ਦਾ ਇੰਤਜ਼ਾਰ ਰਹੇਗਾ, ਜਿਹੜੀਆਂ ਮੇਰੇ ਲੇਖਨ ਦੇ ਲਈ ਇੱਕ ਨਵੀਂ ਸ਼ੁਰੂਆਤ ਵਾਸਤੇ ਸਹਾਈ ਹੋਣਗੀਆਂ।

ਤੁਹਾਡੀ ਆਪਣੀ

**ਦੇਵੀ ਨਾਗਰਾਣੀ**

# ਇਸ ਤਰ੍ਹਾਂ ਵੀ ਹੁੰਦਾ ਹੈ

ਕਿੱਥੇ ਗਈ ਹੋਵੇਗੀ ਉਹ ? ਐਵੇਂ ਤਾਂ ਪਹਿਲਾਂ ਕਦੇ ਨਹੀਂ ਹੋਇਆ ਕਿ ਉਹ ਮਿੱਥੇ ਸਮੇਂ 'ਤੇ ਘਰ ਨਾ ਪਹੁੰਚੀ ਹੋਵੇ। ਜੇਕਰ ਕੋਈ ਕਾਰਨ ਹੁੰਦਾ ਤਾਂ ਵੀ ਉਹ ਫੋਨ ਜ਼ਰੂਰ ਕਰ ਦਿੰਦੀ । ਮੇਰੀ ਚਿੰਤਾ ਦੀ ਉਸ ਨੂੰ ਚਿੰਤਾ ਹੈ, ਬਹੁਤ ਹੈ। ਪਰ ਅੱਜ ਉਸ ਦੀ ਚਿੰਤਾ ਦੀ ਬੇਚੈਨੀ ਨੇ ਮੈਨੂੰ ਇਸ ਤਰ੍ਹਾਂ ਘੇਰਿਆ ਹੋਇਆ ਹੈ, ਕਿ ਮੇਰੇ ਪੈਰ ਨਾ ਘਰ ਦੇ ਅੰਦਰ ਟਿਕ ਰਹੇ ਹਨ ਅਤੇ ਨਾ ਹੀ ਘਰ ਦੇ ਬਾਹਰ ਕਦਮ ਰੱਖਣ ਵਿੱਚ ਸਫਲ ਹੋ ਰਹੇ ਹਨ। ਕਿੱਥੇ ਜਾਵਾਂ, ਕੀਹਨੂੰ ਪੁੱਛਾਂ ? ਜਦੋਂ ਕੁਝ ਨਾ ਸੁੱਝਿਆ ਤਾਂ ਫੋਨ ਕੀਤਾ, ਪੁੱਛਣ ਦੇ ਪਹਿਲੇ ਯਤਨ ਵਿਚ ਅਸਫਲਤਾ ਮਿਲੀ ਕਿਉਂਕਿ ਉੱਧਰ ਕੋਈ ਫੋਨ ਨਹੀਂ ਸੀ ਚੁੱਕ ਰਿਹਾ, ਲਗਾਤਾਰ ਬੈੱਲ ਵੱਜਦੀ ਰਹੀ, ਇਵੇਂ ਜਿਵੇਂ ਘਰ ਵਿਚ ਸਾਰੇ ਬੋਲ਼ੇ ਹੀ ਰਹਿੰਦੇ ਹੋਣ। ਜੀ ਹਾਂ, ਮੇਰੀ ਕੁੜਮਣੀ ਦੇ ਹੀ ਘਰ ਦੀ ਗੱਲ ਕਰ ਰਹੀ ਹਾਂ।

ਹੁਣ ਤਾਂ ਕਈ ਘੰਟੇ ਹੋ ਗਏ ਹਨ, ਰਾਤ ਅੱਠ ਵਜੇ ਤੱਕ ਵਾਪਸ ਆ ਜਾਂਦੀ ਹੈ, ਹੁਣ ਦਸ ਵੱਜ ਰਹੇ ਹਨ। ਬਸ ਉਸ ਸ਼ਾਂਤ ਜਿਹੀ ਘੜੀ ਵੱਲ ਦੇਖਦੀ ਹਾਂ। ਘੂਰਦੀ ਹਾਂ ਪਰ ਉਸ ਨੂੰ ਕੀ ਪਤਾ ਕਿ ਜੀਵਨ ਅਹਿਸਾਸਾਂ ਦਾ ਨਾਮ ਹੈ ? ਅਹਿਸਾਸ ਕੀ ਹੁੰਦਾ ਹੈ ? ਸਥਿਤੀ ਕੀ ਹੁੰਦੀ ਹੈ ? ਇੰਤਜ਼ਾਰ ਕੀ ਹੁੰਦਾ ਹੈ ? ਇਹਨਾਂ ਸਾਰੀਆਂ ਭਾਵਨਾਵਾਂ ਤੋਂ ਅਣਜਾਣ.........।

ਅਤੇ ਅਚਾਨਕ ਦਿਲ ਦੀ ਧੜਕਣ ਤੇਜ਼ ਹੋ ਗਈ। ਫੋਨ ਦੀ ਘੰਟੀ ਵੱਜ ਰਹੀ ਸੀ। ਕਾਹਲ ਵਿਚ ਉੱਠਣ ਦੀ ਕੋਸ਼ਿਸ਼ ਵਿੱਚ ਬੰਦ ਕਰਨ ਦਾ ਹੀ ਬਟਨ ਦਬ ਗਿਆ ਅਤੇ ਫੋਨ ਆਪਣੀ ਸਾਰੀ ਆਵਾਜ਼ ਪੂਰੀ ਕਰ ਕੇ ਚੁੱਪ ਹੋ ਗਿਆ। ਮੈਂ ਆਪਣੇ ਮੱਥੇ 'ਤੇ ਹੱਥ ਮਾਰਿਆ। ਆਵਾਜ਼ ਤਾਂ ਸੁਣ ਲੈਂਦੀ, ਪੁੱਛ ਤਾਂ ਲੈਂਦੀ ਕਿੱਥੇ ਹੈ, ਹੁਣ ਤੱਕ ਆਈ ਕਿਉਂ ਨਹੀਂ ?

ਮੈਂ ਆਪਣੀ ਸੋਚ ਨੂੰ ਬਰੇਕ ਦਿੱਤੀ, ਲੰਮਾ ਸਾਹ ਲਿਆ, ਪਾਣੀ ਦਾ ਇਕ ਗਲਾਸ ਪੀਤਾ ਅਤੇ ਫੇਰ ਇੱਕ ਹੋਰ ਪੀ ਲਿਆ। ਸ਼ਾਂਤ ਹੋਣ ਦੇ ਯਤਨਾਂ ਵਿੱਚ ਪਲੰਘ 'ਤੇ ਬੈਠ ਗਈ ਅਤੇ ਫੋਨ ਨੂੰ ਫਰੋਲ ਕੇ ਦੇਖਿਆ, ਕੋਈ ਅਣਜਾਣ ਨੰਬਰ ਸੀ, ਉਸ ਦਾ ਨਹੀਂ ਜਿਸ ਦਾ ਇੰਤਜ਼ਾਰ ਸੀ। ਬਿਨਾ ਸੋਚੇ ਸਮਝੇ ਮੈਂ ਉਹੀ ਨੰਬਰ ਡਾਇਲ ਕਰ ਦਿੱਤਾ। ਘੰਟੀ ਵੱਜੀ, ਵੱਜਦੀ ਰਹੀ ਅਤੇ ਫੇਰ ਬੰਦ

ਹੋ ਗਈ । ਹੁਣ ਮੇਰਾ ਡਰ ਮੈਨੂੰ ਸਹਿਮ ਜਾਣ ਵਿੱਚ ਸ਼ਹਿ ਦੇ ਰਿਹਾ ਸੀ, ਮੇਰੇ ਹੱਥ ਪੈਰ ਠੰਡੇ ਹੋ ਰਹੇ ਸਨ, ਇੱਕ ਕੰਬਣੀ ਜਿਹੀ ਬਿਜਲੀ ਦੇ ਵਾਂਗ ਅੰਦਰ ਫੈਲਣ ਲੱਗੀ। ਮੈਂ ਬਟਨ ਫੇਰ ਦੱਬਿਆ, ਘੰਟੀ ਵੱਜੀ, ਕਿਸੇ ਨੇ ਚੁੱਕਿਆ ਅਤੇ ਫੇਰ ਰੱਖ ਦਿੱਤਾ। ਹੁਣ ਮੇਰੀ ਪ੍ਰੇਸ਼ਾਨੀ ਦਾ ਹੋਰ ਵਧ ਜਾਣਾ ਜਾਇਜ਼ ਸੀ। ਰਾਤ ਦਾ ਸਮਾਂ, ਬੇਸਬਰੀ ਨਾਲ ਉਸ ਦਾ ਇੰਤਜ਼ਾਰ ਅਤੇ ਗੱਲਬਾਤ ਦਾ ਸਿਲਸਿਲਾ ਬੰਦ, ਜਿਵੇਂ ਹਰ ਪਾਸੇ ਕਰਫ਼ਿਊ ਲੱਗਿਆ ਹੋਵੇ।

ਆਖਿਰ ਫੋਨ ਦੀ ਘੰਟੀ ਵੱਜੀ, ਇੱਕ ਦੋ ਤਿੰਨ ਵਾਰ...........! ਮੈਂ ਬਹੁਤ ਹੀ ਸਾਵਧਾਨੀ ਨਾਲ ਉਸ ਨੂੰ ਚੁੱਕਿਆ, ਬਸ ਕੰਨ ਦੇ ਕੋਲ ਲਾਇਆ ਹੀ ਸੀ ਕਿ ਇੱਕ ਖਰਵੀਂ ਆਵਾਜ਼ ਕੰਨਾਂ ਨਾਲ ਟਕਰਾਈ..."ਪ੍ਰੇਸ਼ਾਨ ਨਾ ਕਰੋ, ਅੱਜ ਉਹ ਘਰ ਮੁੜਨ ਵਾਲੀ ਨਹੀਂ। ਹੁਣੇ ਇੱਕ ਘੰਟੇ ਵਿੱਚ ਉਸ ਦਾ ਵਿਆਹ ਹੋ ਰਿਹਾ ਹੈ, ਡਿਸਟਰਬ ਨਹੀਂ ਕਰਨਾ।" ਬੇਰਹਿਮੀ ਨਾਲ ਕਹਿੰਦੇ ਹੋਏ ਫੋਨ ਕੱਟ ਦਿੱਤਾ ਅਤੇ ਮੈਂ ਬੇਹੋਸ਼ੀ ਦੀ ਹਾਲਤ ਵਿੱਚ ਬੁੜਬੁੜਾਈ, ਕੰਬੀ ਅਤੇ ਉਥੇ ਹੀ ਪਲੰਘ 'ਤੇ ਮੂਧੇ ਮੂੰਹ ਡਿੱਗ ਪਈ।

ਕੌਣ ਹੈ ਇਹ ? ਕਿਸ ਦੀ ਆਵਾਜ਼ ਹੋ ਸਕਦੀ ਹੈ ? ਕੀ ਚਾਹੁੰਦਾ ਹੈ ਇਹ, ਕਿਉਂ ਗੁੰਮਰਾਹ ਕਰ ਰਿਹਾ ਹੈ ਮੈਨੂੰ, ਮੇਰੀ ਸੋਚ ਨੂੰ, ਅਤੇ ਉਸ ਦੇ ਨਾਲ ਉਸ ਨੂੰ ਵੀ, ਜਿਹੜੀ ਮੇਰੇ ਸਾਹਾਂ ਦੀ ਧੜਕਣ ਹੈ ? ਉਹ ਹੀ ਤਾਂ ਮੇਰੇ ਜਿਗਰ ਦਾ ਟੁਕੜਾ ਹੈ, ਉਸ ਦੇ ਬਿਨਾਂ ਮੇਰੀ ਜ਼ਿੰਦਗੀ ਵੀਰਾਨ ਹੈ, ਅਧੂਰੀ ਅਤੇ ਖ਼ਾਲੀ ! ਉਹ ਮੇਰੇ ਜਿਊਣ ਦਾ ਸਬੱਬ ਹੈ ਅਤੇ ਉਸ ਸਬੱਬ ਦੇ ਨਾਲ ਬੇਸਬੱਬ ਇਹ ਸਭ ਕੁੱਝ ਕਿਉਂ ਹੋ ਰਿਹਾ ਹੈ, ਜਿਸ ਦੀ ਕਲਪਨਾ ਕਰ ਕੇ ਹੀ ਮੇਰੇ ਸਰੀਰ ਵਿਚ ਡਰ ਅਤੇ ਜ਼ਹਿਰ ਫੈਲਦਾ ਜਾ ਰਿਹਾ ਹੈ। ਇਸ ਤਰ੍ਹਾਂ ਤਾਂ ਹੋਣਾ ਹੀ ਹੈ, ਜ਼ਰੂਰ ਹੋਵੇਗਾ, ਉਹ ਮੇਰਾ ਖ਼ੂਨ ਹੈ, ਮੇਰੇ ਵੰਸ਼ ਦੀ ਆਖ਼ਰੀ ਨਿਸ਼ਾਨੀ, ਜਿਸ ਨੂੰ ਮੈਂ ਸੀਨ੍ਹੇ ਨਾਲ ਲਾ ਕੇ ਪਾਲਿਆ ਹੈ, ਵੱਡਾ ਕੀਤਾ ਅਤੇ ਉਸ ਨੂੰ ਛਾਂ ਦਿੰਦੇ ਮੈਂ ਖ਼ੁਦ ਇਕ ਦਰੱਖ਼ਤ ਬਣ ਗਈ ਹਾਂ। ਪੁਰਾਣੇ ਗਲ਼ੇ ਸੜੇ ਸਾਰੇ ਪੱਤੇ ਝੜ ਗਏ ਅਤੇ ਕੁਦਰਤ ਦੇ ਹਰੇਕ ਹੁਲਾਰੇ ਤੋਂ ਬਚਾ ਕੇ ਜਿਸ ਨੂੰ ਮੈਂ ਆਪਣੇ ਪੱਲੇ ਦੀ ਛਾਂ ਦਿੱਤੀ, ਉਸੇ ਉਰਮਿਲਾ ਦੇ ਰੂਪ ਵਿਚ ਇੱਕ ਨਵੀਂ ਕਰੂੰਬਲ ਉੱਗ ਆਈ ਹੈ। ਬਾਰ੍ਹਾਂ ਤੋਂ ਬਾਈ ਸਾਲ ਤੱਕ ਦਾ ਅਰਸਾ ਕੋਈ ਘੱਟ ਲੰਬਾ ਤਾਂ ਨਹੀਂ ਹੁੰਦਾ।

ਅਚਾਨਕ ਦਰਬਾਰੀ ਖ਼ਬਰ ਲਿਆਇਆ ਸੀ, ਬੁਰੀ, ਹਾਂ ਬਹੁਤ ਬੁਰੀ ਖਬਰ! ਮੇਰੇ ਅਭੈ ਅਤੇ ਸਵਿਤਾ ਦੇ ਅੰਤ ਦੀ, ਅਤੇ ਉਨ੍ਹਾਂ ਦੀ ਆਖ਼ਰੀ ਨਿਸ਼ਾਨੀ 'ਉਰਮਿਲਾ' ਨੂੰ ਲਿਆ ਕੇ ਮੇਰੀ ਗੋਦੀ ਵਿੱਚ ਪਾ ਦਿੱਤਾ ਸੀ। ਗਿਆਰ੍ਹਾਂ ਮਹੀਨਿਆਂ ਦੀ ਤਾਂ ਸੀ ਉਹ ਰੇਸ਼ਮ ਦੀ ਗੁੱਡੀ, ਜਿਸ ਦੀ ਮੁਲਾਇਮ ਛੋਹ ਨਾਲ



ਮਨ ਵਿਚ ਠੰਡ ਪੈ ਜਾਂਦੀ, ਜਿਸ ਦੀ ਗੱਲ੍ਹ ਪਲੋਸਣ ਨਾਲ ਖ਼ੂਨ ਵਿਚ ਸੰਚਾਰ ਵੱਧਦਾ, ਇਕ ਤਾਜ਼ਗੀ ਨਸਾਂ ਵਿੱਚ ਵਹਿਣ ਲਗਦੀ, ਉਸ ਦੀ ਕਿਲਕਾਰੀ ਸਾਹਾਂ ਨੂੰ ਮਹਿਕਣ ਲਾ ਦਿੰਦੀ। ਜ਼ਿੰਦਗੀ ਜ਼ਿੰਦਗੀ ਵਾਂਗ ਲਗਦੀ।

ਮੇਰੀਆਂ ਰਾਤਾਂ ਦਿਨਾਂ ਵਿੱਚ ਬਦਲ ਗਈਆਂ। ਕੀ ਸੌਣਾ, ਕੀ ਖਾਣਾ, ਕੀ ਹੱਸਣਾ, ਕੀ ਰੋਣਾ ਸਾਰਾ ਉਹਦੇ ਨਾਲ ਹੀ ਹੁੰਦਾ ਰਿਹਾ। ਹਾਂ, ਉਰਮੀ ਦੇ ਨਾਲ, ਉਹ ਧੁੱਪ ਮੈਂ ਪਰਛਾਵਾਂ। ਉਹ ਉੱਠਦੀ ਤਾਂ ਮੈਂ ਉੱਠਦੀ, ਉਹ ਜਾਗਦੀ ਤਾਂ ਮੈਂ ਜਾਗਦੀ, ਉਹ ਸੌਂਦੀ ਤਾਂ ਮੈਂ ਸੌਂਦੀ.....ਇੱਕ ਚਿੱਤ, ਇੱਕ ਮਨ ਨਾਲ ਮੈਂ ਸਮਰਪਿਤ ਹੋ ਗਈ ਉਸ ਮਾਸੂਮ ਜਾਨ ਉੱਤੇ, ਅਤੇ ਉਹ......ਮੇਰੇ ਜਿਉਣ ਦਾ ਸਬੱਬ ਬਣ ਗਈ।

ਉਹ ਦੀਵਾਲੀ ਦਾ ਮਨਹੂਸ ਦਿਨ ਹੀ ਤਾਂ ਸੀ, ਜਿਹੜੇ ਕੁਝ ਘੰਟਾ ਪਹਿਲਾਂ ਉਰਮੀ ਨੂੰ ਗੋਦ ਵਿਚ ਲੈ ਕੇ ਘਰ ਤੋਂ ਗਏ ਸਨ। ਪੈਰੀਂ ਹੱਥ ਲਾਉਂਦੇ ਹੋਏ ਅਭੈ ਅਤੇ ਸਵਿਤਾ ਨੇ ਕਿਹਾ ਸੀ—"ਮਾਂ ਦੋ ਘੰਟੇ ਵਿਚ ਵਾਪਿਸ ਆ ਜਾਵਾਂਗੇ, ਆ ਕੇ ਹੀ ਦੀਵਾਲੀ ਦੀ ਪੂਜਾ 'ਕੱਠੇ ਹੀ ਕਰਾਂਗੇ। ਮਿਠਾਈ ਲੈ ਕੇ ਕੁੱਝ ਦੋਸਤਾਂ ਨੂੰ ਮਿਲ ਆਉਂਦੇ ਹਾਂ।"

ਅਤੇ ਜਾਣ ਵਾਲੇ ਨਾ ਮੁੜਨ ਵਾਸਤੇ ਚਲੇ ਗਏ। ਮੁੜ ਆਈ ਮੇਰੇ ਦਿਲ ਦੀ ਧੜਕਣ ਉਰਮੀ ਦੇ ਰੂਪ ਵਿੱਚ, ਸ਼ਾਇਦ ਇਸ ਕਰਕੇ ਹੀ ਮੈਂ ਜ਼ਿੰਦਾ ਹਾਂ।

ਘੰਟੀ ਫੇਰ ਵੱਜੀ, ਅਤੀਤ ਤੋਂ ਵਰਤਮਾਨ ਵਿੱਚ ਆਉਂਦੇ ਹੀ ਮੇਰੀ ਬੇਬਸੀ ਮੇਰੇ ਨਾਲ ਹੀ ਤੜਫ਼ਨ ਲੱਗੀ। ਹੁਣ ਕੀ ਕਰਾਂ ? ਫੋਨ ਚੁੱਕਾਂ, ਨਾ ਚੁੱਕਾਂ ? ਨਾ ਚੁੱਕਾਂ ਤਾਂ ਕਿਵੇਂ ਪਤਾ ਚੱਲੇਗਾ ਕਿ ਮੇਰੀ ਬਾਲਗ ਬੱਚੀ ਕਿੱਥੇ ਹੈ ਅਤੇ ਕਿਵੇਂ ਹੈ ? ਫੋਨ ਚੁੱਕਦੇ ਹੀ ਰੱਖ ਦਿੱਤਾ ਜਿਵੇਂ ਹਜ਼ਾਰਾਂ ਬਿੱਛੂਆਂ ਦਾ ਡੰਗ ਇੱਕੋ ਸਮੇਂ ਲੱਗਿਆ ਹੋਵੇ—"ਮੈਂ ਥੋੜ੍ਹੀ ਦੇਰ ਵਿੱਚ ਉਸ ਦੇ ਨਾਲ ਤੁਹਾਡੇ ਤੋਂ ਆਸ਼ੀਰਵਾਦ ਲੈਣ ਆ ਰਿਹਾ ਹਾਂ।" ਬੱਸ ਏਨਾ ਹੀ ਸੁਣ ਸਕੀ!

ਕੌਣ ਹੈ ਇਹ, ਕੀਹਦੀ ਆਵਾਜ਼ ਹੈ ਜਿਸ ਵਿੱਚ ਗ਼ੈਰਤ ਦੇ ਨਾਲ ਨਾਲ ਅਪਣੱਤ ਵੀ ਹੈ। ਪਰ ਉਹ ਕਿੱਥੇ ਹੈ ਜਿਸ ਦੀ ਆਵਾਜ਼ ਸੁਣਨ ਲਈ ਮੇਰੇ ਕੰਨ ਤਰਸ ਰਹੇ ਹਨ ? ਜਿਸ ਨੂੰ ਦੇਖਣ ਦੇ ਲਈ ਮੇਰੀਆਂ ਅੱਖਾਂ ਵਿੱਚ ਬੇਚੈਨੀ ਭਟਕ ਰਹੀ ਹੈ।

ਅਚਾਨਕ ਫੋਨ ਦੀ ਘੰਟੀ ਫੇਰ ਵੱਜੀ, ਚੁੱਕਦੇ ਹੀ ਸੱਭਿਅਤਾ ਦੇ ਦਾਇਰੇ ਵਿੱਚੋਂ ਬਾਹਰ ਆ ਕੇ ਮੈਂ ਭੜਕ ਪਈ—"ਤੂੰ ਕੌਣ ਹੈਂ ਅਤੇ ਕਿਉਂ ਵਾਰ ਵਾਰ ਪ੍ਰੇਸ਼ਾਨ ਕਰ ਰਿਹਾ ਹੈਂ ? ਮੇਰੀ ਗੱਲ ਮੇਰੀ ਪੋਤੀ ਨਾਲ ਕਰਾ ਦਿਓ।"

"ਹੁਣ ਤਾਂ ਉਹ ਗ੍ਰਹਿ-ਪ੍ਰਵੇਸ਼ ਕਰਕੇ ਆਪਣੇ ਸੱਸ ਸਹੁਰੇ ਦਾ ਆਸ਼ੀਰਵਾਦ

ਲੈ ਰਹੀ ਹੈ। ਮੈਂ ਬਸ ਹੁਣੇ ਹੀ ਉਹਦੇ ਨਾਲ ਤੁਹਾਡੇ ਕੋਲ ਆ ਰਿਹਾ ਹਾਂ, ਫੇਰ ਜਿੰਨੀਆਂ ਮਰਜ਼ੀ ਤੁਸੀਂ ਉਸ ਨਾਲ ਗੱਲਾਂ ਕਰ ਲੈਣਾ।"

"ਪਰ ਤੂੰ ਹੈਂ ਕੌਣ?"

"ਤੁਹਾਡਾ ਜਵਾਈ, ਤੁਹਾਡੀ ਪੋਤੀ ਦਾ ਪਤੀ।"

"ਪਤੀ-!" ਮੈਂ ਹੈਰਾਨ, ਬਹੁਤ ਹੈਰਾਨ ਹੋਈ ਆਪਣੇ ਨੂੰ ਠੱਗਿਆ ਮਹਿਸੂਸਦੀ ਖੜ੍ਹੀ ਰਹੀ। ਰਿਸੀਵਰ ਮੇਰੇ ਹੱਥਾਂ ਵਿੱਚੋਂ ਡਿੱਗਦਾ ਡਿੱਗਦਾ ਬਚਿਆ, ਪਰ ਲਾਈਨ ਕੱਟ ਗਈ।

ਉਸੇ ਸਮੇਂ ਦਰਵਾਜ਼ੇ ਉੱਤੇ ਦਸਤਕ ਨੇ ਮੈਨੂੰ ਡਰਾ ਦਿੱਤਾ। ਡਰੀ ਹੋਈ ਨੇ ਕੰਬਦੇ ਹੱਥਾਂ ਨਾਲ ਕੁੰਡਾ ਖੋਲ੍ਹਿਆ। ਸਾਮ੍ਹਣੇ ਸਜ-ਧਜ ਕੇ, ਸੰਧੂਰ ਲਗਾ ਕੇ ਲਾਲ ਸਾੜ੍ਹੀ ਵਿੱਚ ਉਰਮੀ ਖੜ੍ਹੀ ਸੀ ਅਤੇ ਉਸ ਦੇ ਨਾਲ ਪ੍ਰਾਹੁਣਾ, ਆਪਣਾ ਮੂੰਹ ਸਿਰ 'ਤੇ ਲੱਗੀਆਂ ਸਿਹਰੇ ਦੀਆਂ ਲੜੀਆਂ ਨਾਲ ਛੁਪਾਉਣ ਵਿਚ ਕਾਮਯਾਬ ਰਿਹਾ।

ਮੈਂ ਸਦਮੇ ਵਿੱਚ ਸੀ, ਮਨ ਜ਼ੋਰ ਸ਼ੋਰ ਨਾਲ ਵਿਚਾਰ ਕਰਦਾ ਰਿਹਾ, ਹੁਣ ਡਰ ਦੇ ਨਾਲ ਗ਼ੁੱਸਾ ਵੀ ਮਨ ਵਿਚ ਆ ਗਿਆ ਸੀ। ਉਰਮੀ ਬਾਲਗ ਹੈ ਤਾਂ ਕੀ ਹੋਇਆ, ਮੈਨੂੰ ਬਿਨਾਂ ਦੱਸੇ ਕਿਸੇ ਐਰੇ-ਗੈਰੇ ਨਾਲ ਵਿਆਹ ਕਰ ਲਿਆ ਅਤੇ ਹੁਣ ਸਾਮ੍ਹਣੇ ਆ ਕੇ ਖੜ੍ਹੀ ਹੋ ਗਈ ਹੈ। ਮੈਨੂੰ ਹੁਣ ਤੱਕ ਇਹ ਸਭ ਕੁੱਝ ਇਕ ਕਾਂਡ ਹੀ ਲੱਗ ਰਿਹਾ ਸੀ, ਭਿਅੰਕਰ ਕਾਂਡ! ਉਰਮੀ ਵੀ ਪੱਥਰ ਬਣੀ ਖੜ੍ਹੀ ਸੀ ਮੇਰੇ ਸਾਮ੍ਹਣੇ । ਉਹਦੀ ਹਾਸੀ ਜਿਹੜੀ ਉਹਦਾ ਸ਼ਿੰਗਾਰ ਹੈ, ਪਤਾ ਨਹੀਂ ਕਿੱਧਰ ਗ਼ਾਇਬ ਹੈ। ਕਹਿਣਾ ਤਾਂ ਨਹੀਂ ਚਾਹੁੰਦੀ, ਸੋਚਣਾ ਵੀ ਨਹੀਂ ਚਾਹੁੰਦੀ ਕਿ ਇਸ ਤਰ੍ਹਾਂ ਕਿਉਂ ਲੱਗ ਰਿਹਾ ਹੈ ਜਿਵੇਂ ਕੋਈ ਅਣਚਾਹਿਆ ਪਲਾਨ ਹੈ ਜਿਸ ਵਿੱਚ ਉਰਮੀ ਫਸੀ ਹੋਈ ਹੈ, ਇਸ ਕਰਕੇ ਤਾਂ ਉਸਦੀ ਹਾਸੀ 'ਤੇ ਵੀ ਕਰਫ਼ਿਊ ਲੱਗਿਆ ਹੋਇਆ ਹੈ। ਜਿੰਨਾ ਮੈਂ ਸੁਲਝੇ ਹੋਏ ਵਿਚਾਰਾਂ ਨਾਲ ਹਰ ਪਹਿਲੂ 'ਤੇ ਰੌਸ਼ਨੀ ਪਾਉਂਦੀ, ਉਨੀ ਹੀ ਮੈਂ ਉਲਝਣਾਂ ਵਿਚ ਗੁੰਮਰਾਹ ਹੁੰਦੀ ਜਾਂਦੀ। ਕਦੇ ਭਾਵਹੀਣ ਮੂਰਤ ਉਰਮੀ ਦੇ ਵੱਲ ਦੇਖਾਂ, ਜਿਹੜੀ ਆਪਣੇ ਪਤੀ ਦੇ ਨਾਲ ਇਵੇਂ ਖੜ੍ਹੀ ਹੈ ਜਿਵੇਂ ਮੈਂ ਉਨ੍ਹਾਂ ਦਾ ਸਵਾਗਤ ਕਰਨ ਦੇ ਲਈ ਹੀ ਖੜ੍ਹੀ ਹਾਂ। ਨਾ ਸ਼ੋਰ ਸ਼ਰਾਬਾ, ਨਾ ਬੈਂਡ, ਨਾ ਵਾਜਾ, ਬਸ ਫੁੱਲ, ਫੁੱਲਾਂ ਦੀ ਮਾਲਾ, ਲਾਲ ਚਮਕਦੀ ਸਾੜ੍ਹੀ ਅਤੇ ਮੁੰਡੇ ਦੇ ਪਹਿਰਾਵੇ ਤੋਂ ਪ੍ਰਤੀਤ ਹੁੰਦਾ ਸੀ ਕਿ ਦੋਵੇਂ ਨਵਵਿਆਹੁਤਾ ਪਤੀ ਪਤਨੀ ਹਨ। ਬਸ, ਹੋਰ ਕੁਝ ਨਹੀਂ ਸੀ, ਨਾ ਸ਼ਹਿਨਾਈ, ਨਾ ਮੰਡਪ, ਨਾ ਫੇਰੇ, ਨਾ ਮਹਿਮਾਨਾਂ ਦੀ ਹਲਚਲ, ਨਾ ਖਾਣਾ, ਨਾ ਪੀਣਾ, ਇਸ ਤਰ੍ਹਾਂ ਦਾ ਕੁਝ ਵੀ ਨਹੀਂ ਜਿਸ ਨਾਲ ਲੱਗੇ ਕਿ ਵਿਆਹ ਹੋਇਆ ਹੈ। ਅਤੇ ਮੈਂ ਉਹਦੀ ਦਾਦੀ ਬੇਪਛਾਣ ਜਿਹੀ ਖੜ੍ਹੀ ਦੇਖ ਰਹੀ ਹਾਂ ਉਨ੍ਹਾਂ ਨੂੰ ਘਰ ਦੀ



ਦੇਹਲੀ ਦੇ ਉਸ ਪਾਸੇ ਅਤੇ ਮੈਂ ਸੋਚਾਂ ਵਿਚ ਡੁੱਬੀ ਇਸ ਪਾਸੇ।

"ਸਦਾ ਸੁਹਾਗਣ ਦਾ ਆਸ਼ੀਰਵਾਦ ਦਿਓ ਦਾਦੀ!" ਅਚਾਨਕ ਸੋਚ ਦੇ ਸਾਰੇ ਖ਼ਿਆਲ ਟੁੱਟੇ। ਮੈਂ ਉਰਮੀ ਵੱਲ ਦੇਖਿਆ ਜਿਹੜੀ ਮਿਲੀਆਂ-ਜੁਲੀਆਂ ਭਾਵਨਾਵਾਂ ਨਾਲ ਮੇਰੇ ਵੱਲ ਵੇਖੀ ਜਾ ਰਹੀ ਸੀ। ਮੈਂ ਬਿਨਾਂ ਹੱਸੇ ਸਾਰਾ ਕੁਝ ਨਜ਼ਰ-ਅੰਦਾਜ਼ ਕਰਦੇ ਹੋਏ, ਲਗਭਗ ਗਰਜਦੀ ਹੋਈ ਆਵਾਜ਼ ਵਿਚ ਉਸ ਅਣਜਾਣ ਪ੍ਰਾਹੁਣੇ ਨੂੰ ਸੰਬੋਧਨ ਕਰਦੇ ਹੁੰਦੇ ਕਿਹਾ, "ਕੀ ਆਪਣਾ ਮੂੰਹ ਦਿਖਾਉਣ ਲਈ ਤੈਨੂੰ ਮੂੰਹ ਦਿਖਾਈ ਦੇਣੀ ਪਵੇਗੀ?"

"ਮੇਰਾ ਹੱਕ ਤਾਂ ਬਣਦਾ ਹੈ........." ਉਹ ਮੱਧਮ ਜਿਹੀ ਆਵਾਜ਼ 'ਚ ਬੋਲਿਆ। ਖ਼ਾਮੋਸ਼ੀ ਹੁਣ ਵੀ ਮਾਹੌਲ 'ਤੇ ਹਾਵੀ ਸੀ। ਹੁਣ ਪ੍ਰਾਹੁਣੇ ਦੇ ਸਰੀਰ ਵਿਚ ਹਰਕਤ ਹੋਈ, ਉਹ ਹੌਲ਼ੀ ਹੌਲ਼ੀ ਪੂਰੀ ਤਰ੍ਹਾਂ ਝੁਕਿਆ ਜਿਵੇਂ ਉਸ ਦੇ ਹੱਥ ਪੈਰਾਂ ਨੂੰ ਲੱਗ ਸਕਣ।

ਪਤਾ ਨਹੀਂ ਕੀ ਸੀ ਉਸ ਛੋਹ ਵਿਚ ਮੇਰੇ ਹੱਥ ਖ਼ੁਦ-ਬਖ਼ੁਦ ਉਸ ਦੇ ਮੱਥੇ 'ਤੇ ਚਲੇ ਗਏ ਅਤੇ ਮੂੰਹ ਤੋਂ ਨਿਕਲਿਆ 'ਸਦਾ ਖ਼ੁਸ਼ ਰਹੋ' ਅਤੇ ਮੈਂ ਖੀਵੀ ਹੋਈ ਫੁੱਲਾਂ ਦੇ ਨਕਾਬ ਪਿੱਛੇ ਆਪਣੀ ਉਰਮੀ ਦੇ ਪ੍ਰਾਹੁਣੇ ਨੂੰ ਦੇਖਣ ਦੀ ਇੱਛਾ ਨੂੰ ਰੋਕ ਨਾ ਸਕੀ। ਜਿਵੇਂ ਹੀ ਉਹ ਪੈਰੀਂ ਹੱਥ ਲਾ ਕੇ ਸਿਰ ਉੱਪਰ ਚੁੱਕਣ ਲੱਗਿਆ, ਮੈਂ ਉਹਦੇ ਸਿਹਰੇ ਨਾਲ ਲਟਕਦੀਆਂ ਫੁੱਲਾਂ ਅਤੇ ਮੋਤੀਆਂ ਦੀਆਂ ਲੜੀਆਂ ਨੂੰ ਪਰ੍ਹੇ ਕੀਤਾ ਤਾਂ ਇਕ ਖ਼ੂਬਸੂਰਤ ਮੁਸਕਾਨ ਨਾਲ ਸਾਮ੍ਹਣਾ ਹੋਇਆ। ਦੇਖਿਆ ਸਾਹਮਣੇ ਸੁੰਦਰ ਨੈਣ ਨਕਸ਼, ਚਮਕਦੀਆਂ ਅੱਖਾਂ, ਮਨਮੋਹਣੀ ਮੁਸਕਾਨ ਦੇ ਨਾਲ ਦੋਵੇਂ ਹੱਥ ਜੋੜ ਕੇ ਖੜ੍ਹਿਆ ਸੀ ਸੁਜਾਨ।

ਮੈਂ ਖ਼ੁਦ ਨੂੰ ਸੰਭਾਲਦੇ ਹੋਏ ਦੋਵਾਂ ਨੂੰ ਗਲ਼ ਨਾਲ ਲਾਇਆ, ਆਰਤੀ ਟਿੱਕਾ ਕਰ ਕੇ ਘਰ ਅੰਦਰ ਲੰਘਾਇਆ। ਹੁਣ ਮਨ ਵਿਚ ਡਰ ਅਤੇ ਹਉਕੇ ਦੀ ਧੁੰਦ ਉੱਤਰ ਗਈ ਸੀ।

ਅਪਣੱਤ ਦੀ ਰੌਸ਼ਨੀ ਵਿਚ ਗ਼ੈਰਤ ਦਾ ਹਨੇਰਾ ਗੁੰਮ ਹੋ ਗਿਆ। ਮਨ ਦੇ ਸਾਰੇ ਵਹਿਮ ਰਫ਼ੂ ਚੱਕਰ ਹੋ ਗਏ। ਮਨਮੋਹਣੀ ਮੁਸਕਾਨ ਦਾ ਮਾਲਕ ਸੁਜਾਨ, ਮੇਰੀ ਨੂੰਹ ਸਵਿਤਾ ਦਾ ਛੋਟਾ ਭਾਈ, ਅੱਜ ਮੇਰੀ ਉਰਮੀ ਦੇ ਪਤੀ ਦੇ ਰੂਪ ਵਿਚ ਸਾਹਮਣੇ ਸੀ।

ਮੈਂ ਰਸੋਈ ਘਰ ਵੱਲ ਭੱਜੀ, ਜਿਥੇ ਮੂੰਹ ਮਿੱਠਾ ਕਰਾਉਣ ਲਈ ਹੋਰ ਕੁਝ ਨਾ ਲੱਭਣ ਕਾਰਨ ਸ਼ੱਕਰ ਦਾ ਡੱਬਾ ਹੀ ਲਿਆਈ। ਵਾਰੀ ਵਾਰੀ ਦੋਵਾਂ ਨੂੰ ਚੂੰਢੀ ਭਰ ਖੁਆਈ ਅਤੇ ਪਾਣੀ ਪਿਲਾਇਆ। ਘਰ ਵਿਚ ਸਾਦਗੀ ਨਾਲ ਸ਼ੁਭ ਦਾਖ਼ਲਾ ਤਾਂ ਹੋਇਆ ਪਰ ਮਨ ਵਿਚ ਇੱਕ ਅਣਸੁਲਝੀ ਗੁੰਝਲ ਪ੍ਰੇਸ਼ਾਨ ਕਰ

ਰਹੀ ਸੀ।

"ਦਾਦੀ ਤੁਸੀਂ ਬੈਠੋ, ਜ਼ਿਆਦਾ ਪ੍ਰੇਸ਼ਾਨ ਨਾ ਹੋਵੋ।"

ਪਰ ਮੈਂ ਉਨ੍ਹਾਂ ਦੀ ਇੱਕ ਨਾ ਸੁਣੀ, ਫੋਨ ਚੁੱਕਿਆ ਤੇ ਮਿਲਾਇਆ ਉਰਮੀ ਦੀ ਨਾਨੀ ਨੂੰ......!

"ਵਧਾਈ ਹੋਵੇ ਦਾਦੀ ਜੀ!" ਉੱਧਰੋਂ ਪਹਿਲ ਹੋਈ।

"ਤੁਹਾਨੂੰ ਵੀ ਨਾਨੀ ਜੀ, ਪਰ ਇਸ ਤਰ੍ਹਾਂ ਲੁਕ ਛਿਪ ਕੇ ਇਹ ਸਭ ਕੁਝ...?"

"ਕਿਉਂ ਅਤੇ ਕਿਵੇਂ, ਤੁਸੀਂ ਇਹ ਸਾਰਾ ਕੁਝ ਜਾਣਨ ਲਈ ਕਾਹਲੇ ਹੋ, ਸਾਨੂੰ ਇਸ ਦਾ ਅਹਿਸਾਸ ਹੈ। ਤੁਹਾਨੂੰ ਤਾਂ ਪਤਾ ਹੀ ਹੋਣਾ, ਜਦੋਂ ਦੋਹਤੀ ਆਪਣੇ ਮਾਮੇ ਨਾਲ ਵਿਆਹ ਕਰਦੀ ਹੈ ਤਾਂ ਚੋਰੀ ਛਿਪੇ ਨਾਲ ਸਿਰਫ਼ ਲੜਕੇ ਦੇ ਪਰਿਵਾਰ ਵਿਚ ਹੀ ਕੀਤਾ ਜਾਂਦਾ ਹੈ, ਅੱਜ ਜੇਕਰ ਸਵਿਤਾ ਹੁੰਦੀ ਤਾਂ ਉਹ ਵੀ ਸ਼ਾਮਿਲ ਨਾ ਹੁੰਦੀ। ਅਸੀਂ ਹੁਣੇ ਤੁਹਾਡੇ ਕੋਲ ਪੰਜ ਸੱਤ ਮਿੰਟ ਵਿਚ ਪਹੁੰਚ ਰਹੇ ਹਾਂ।" ਅਤੇ ਫੋਨ ਕੱਟ ਗਿਆ।

ਉਰਮੀ ਦੇ ਨਾਨਾ ਨਾਨੀ ਆ ਰਹੇ ਹਨ, ਯਾਨੀ ਮੇਰੇ ਕੁੜਮ-ਕੁੜਮਣੀ ਤਾਂ ਉਹ ਹੈ ਹੀ ਸਨ, ਹੁਣ ਰਿਸ਼ਤਾ ਹੋਰ ਗੂੜ੍ਹਾ ਹੋਇਆ ਹੈ ਅਤੇ ਮੇਰੀ ਹਰ ਚਿੰਤਾ ਦਾ ਹੱਲ ਹੋ ਗਿਆ। ਉਸੇ ਸਮੇਂ ਦਰਵਾਜ਼ੇ 'ਤੇ ਫੇਰ ਦਸਤਕ ਹੋਈ। ਰਸੋਈ ਤੋਂ ਬਾਹਰ ਨਿਕਲਦੇ ਹੀ ਦੇਖਿਆ ਕਿ ਉਰਮੀ ਨੇ ਦਰਵਾਜ਼ਾ ਖੋਲ੍ਹਣ ਦੀ ਪਹਿਲ ਕੀਤੀ ਸੀ ਅਤੇ ਹੁਣ ਉਹ ਆਪਣੀ ਨਾਨੀ, ਸੁਜਾਨ ਦੀ ਮਾਂ ਨੂੰ ਸੱਸ ਦਾ ਦਰਜਾ ਦਿੰਦੇ ਹੋਏ ਪੈਰੀਂ ਹੱਥ ਲਾ ਰਹੀ ਸੀ। ਫ਼ਿਜ਼ਾ ਵਿਚ ਖ਼ੁਸ਼ੀਆਂ ਘੁਲ ਮਿਲ ਗਈਆਂ। ਵਧਾਈਆਂ ਦੀ ਅਦਲਾ-ਬਦਲਾ ਹੋਈ, ਮੂੰਹ ਮਿੱਠਾ ਕੀਤਾ ਅਤੇ ਮਿਲ ਕੇ ਚਾਹ ਨਾਸ਼ਤੇ ਦੇ ਨਾਲ ਹੀ ਗੱਲਾਂ ਵੀ ਹੁੰਦੀਆਂ ਰਹੀਆਂ। ਕੁਝ ਕਹੀਆਂ ਜਾ ਰਹੀਆਂ ਸਨ, ਕੁਝ ਸੁਣੀਆਂ ਜਾ ਰਹੀਆਂ ਸਨ, ਪਰ ਸਾਰੀਆਂ ਦੀਆਂ ਸਾਰੀਆਂ ਸੁੱਖ ਅਤੇ ਖ਼ੁਸ਼ੀਆਂ ਨਾਲ ਭਰਪੂਰ ਸਨ।

ਗੱਲਾਂ ਗੱਲਾਂ ਵਿਚ ਹੀ ਕਈ ਅਣਜਾਣੀਆਂ ਗੱਲਾਂ ਤੋਂ ਪਰਦਾ ਉਠ ਗਿਆ ਕਿ ਉਸ ਰਾਤ ਉਰਮੀ ਅਤੇ ਸੁਜਾਨ ਨੇ ਪੂਰੇ ਧਾਰਮਿਕ ਰੀਤੀ ਰਿਵਾਜ ਨਾਲ ਮੰਦਿਰ ਵਿਚ ਆਪਣੇ ਮਾਤਾ ਪਿਤਾ ਦੇ ਸਾਮ੍ਹਣੇ ਵਿਆਹ ਕੀਤਾ ਤੇ ਉਹ ਦਾਦੀ ਨੂੰ ਸਰਪਰਾਈਜ਼ ਦੇਣਾ ਚਾਹੁੰਦੇ ਸਨ। ਹਕੀਕਤ ਵਿਚ ਦਾਦੀ ਨੂੰ ਇਹ ਤਾਂ ਪਤਾ ਸੀ ਕਿ ਆਂਧਰਾ ਪ੍ਰਦੇਸ਼ ਦੇ ਕੁਝ ਖ਼ਾਸ ਪਰਿਵਾਰਾਂ ਵਿਚ ਇਹ ਪ੍ਰਥਾ ਸੀ ਕਿ ਭੈਣ ਦੀ ਲੜਕੀ ਦਾ ਵਿਆਹ ਭੇਦ-ਭਰੇ ਢੰਗ ਨਾਲ ਮਾਮੇ ਨਾਲ ਕਰਵਾ ਦਿੱਤਾ ਜਾਂਦਾ ਹੈ ਅਤੇ ਉਸ ਤੋਂ ਪਿੱਛੋਂ ਮਾਂ ਅਤੇ ਕੁੜੀ ਕੁੜਮਣੀਆਂ ਬਣ ਜਾਂਦੀਆਂ ਹਨ। ਭਾਈ, ਭੈਣ ਦਾ ਜਵਾਈ ਬਣ ਜਾਂਦਾ ਹੈ ਅਤੇ ਕੁੜੀ ਨਾਨੀ



ਦੀ ਨੂੰਹ। ਦਾਦੀ ਅੱਜ ਸਵਿਤਾ ਦੀ ਥਾਂ 'ਤੇ ਖੜ੍ਹ ਕੇ ਸਾਰੇ ਰਿਸ਼ਤੇ ਸਵੀਕਾਰ ਕਰ ਕੇ ਨੂੰਹ ਦੀ ਯਾਦ ਵਿਚ ਰੋ ਪਈ। ਪਰ ਇਸ ਵਿਚ ਇੱਕ ਖ਼ੁਸ਼ੀ ਵੀ ਸ਼ਾਮਿਲ ਸੀ ਕਿ ਉਸ ਨੂੰ ਉਰਮੀ ਦੇ ਲਈ ਉਸ ਦਾ ਮਾਮਾ, ਪਤੀ ਦੇ ਰੂਪ ਵਿੱਚ ਇੱਕ ਵਰਦਾਨ ਵਾਂਗ ਮਿਲਿਆ, ਇੱਕ ਰੱਖਿਅਕ, ਇੱਕ ਕਵਚ ਬਣ ਕੇ।

ਪਰ ਫੋਨ 'ਤੇ ਉਹ ਸ਼ਬਦ "ਪ੍ਰੇਸ਼ਾਨ ਨਾ ਕਰੋ, ਇੱਕ ਘੰਟੇ ਵਿੱਚ ਉਸ ਦਾ ਵਿਆਹ ਹੋ ਰਿਹਾ ਹੈ.........." ਹੁਣ ਇਕ ਸੁਖਦ ਯਾਦਗਾਰ ਬਣ ਗਈ।

"ਦਾਦੀ ਅਸੀਂ ਸਾਰਿਆਂ ਨੇ ਤੈਅ ਕੀਤਾ ਕਿ ਇਹ ਵਿਆਹ ਭੇਦ ਭਰੇ ਢੰਗ ਨਾਲ ਪੂਰਾ ਕਰ ਕੇ ਅਸੀਂ ਤੁਹਾਡੇ ਕੋਲ ਆਸ਼ੀਰਵਾਦ ਲੈਣ ਆਈਏ। ਸਾਨੂੰ ਪਤਾ ਹੈ ਕਿ ਤੁਸੀਂ ਉਰਮੀ ਨੂੰ ਖ਼ੁਦ ਨਾਲੋਂ ਵੱਖ ਕਰ ਕੇ ਸਾਡੇ ਘਰ ਦੀ ਨੂੰਹ ਬਣਾਉਣ ਲਈ ਰਾਜ਼ੀ ਨਹੀਂ ਹੋਵੋਗੇ।" ਕਹਿੰਦੇ ਹੋਏ ਉਰਮੀ ਦੀ ਨਾਨੀ ਨੇ ਖੜ੍ਹੀ ਹੋ ਕੇ ਦਾਦੀ ਨੂੰ ਗਲ਼ ਨਾਲ ਲਾਇਆ ਅਤੇ ਉਨ੍ਹਾਂ ਦੇ ਹੰਝੂ ਪੂੰਝੇ। ਸਾਰਿਆਂ ਦਾ ਦਰਦ ਸਾਂਝਾ ਸੀ, ਸਾਰਿਆਂ ਦੀਆਂ ਖ਼ੁਸ਼ੀਆਂ ਸਾਂਝੀਆਂ ਸਨ।

ਅੱਖਾਂ ਵਿਚ ਇਕ ਦ੍ਰਿਸ਼ ਉਭਰ ਕੇ ਆਇਆ, ਬਾਰ੍ਹਾਂ ਮਹੀਨੇ ਦੀ ਨੰਨ੍ਹੀ ਉਰਮੀ ਅਤੇ ਬਾਈ ਸਾਲ ਦੀ ਨੌਜਵਾਨ ਉਰਮੀ ਆਪਣੀ ਹੀ ਨਾਨੀ ਦੀ ਨੂੰਹ ਬਣੀ, ਆਪਣੀ ਮਾਂ ਦੀ ਇੱਛਾ ਪੂਰੀ ਕੀਤੀ ਅਤੇ ਹੁਣ ਭਾਵ ਭਿੰਨੀ ਜਿਹੀ ਦਾਦੀ ਦੇ ਪੈਰਾਂ ਵੱਲ ਝੁਕੀ ਤਾਂ ਦਾਦੀ ਨੇ ਉੱਠ ਕੇ ਉਸ ਨੂੰ ਸੀਨ੍ਹੇ ਨਾਲ ਲਾ ਲਿਆ।

ਕੱਲ੍ਹ ਰਾਤ ਅਤੇ ਅੱਜ ਸਵੇਰੇ ਦੇ ਵਿਚਕਾਰਲਾ ਹਉਕਿਆਂ ਭਰਿਆ ਸਮਾਂ ਹੁਣ ਖ਼ੁਸ਼ੀਆਂ ਦੀ ਲਹਿਰ ਵਿਚ ਬਦਲ ਗਿਆ। ਅੱਜ ਦਾਦੀ ਨੇ ਮਹਿਸੂਸ ਕੀਤਾ ਕਿ ਦੋ ਪੀੜ੍ਹੀਆਂ ਨੂੰ ਨਿਖੇੜਨ ਵਾਲਾ ਪਿਆਰ ਇਸ ਤਰ੍ਹਾਂ ਵੀ ਹੁੰਦਾ ਹੈ।

—o—

# ਮੈਂ ਕਿਸੇ ਦਾ ਨਹੀਂ

ਜਿਹੜੇ ਨਿਯਮ ਦੀ ਪਾਲਣਾ ਕੁਦਰਤ ਕਰਦੀ ਹੈ, ਉਹ ਸਾਡੇ ਲਈ ਵੀ ਜ਼ਰੂਰੀ ਹੁੰਦਾ ਹੈ। ਸੂਰਜ ਰੋਜ਼ ਸਵੇਰੇ ਚੜ੍ਹਦਾ ਹੈ, ਸ਼ਾਮ ਨੂੰ ਛਿਪ ਜਾਂਦਾ ਹੈ, ਦੂਜੇ ਦਿਨ ਨੂੰ ਚੜ੍ਹਨ ਵਾਸਤੇ। ਇਨਸਾਨ ਜੋ ਜੰਮਿਆ ਹੈ ਉਹ ਜ਼ਰੂਰ ਮਰੇਗਾ, ਇਹ ਵੀ ਪਤਾ ਹੈ। ਇਸ ਵਿਚ ਕੋਈ ਨਵੀਂ ਗੱਲ ਤਾਂ ਹੈ ਨਹੀਂ ! ਤਾਂ ਫੇਰ ਨਵੀਂ ਗੱਲ ਕਿਹੜੀ ਹੈ ਜਿਹੜੀ ਕਿਸੇ ਨਾਲ ਨਾ ਹੁੰਦੀ ਹੋਵੇ ਜਾਂ ਜਿਸ ਦੀ ਜਾਣਕਾਰੀ ਕਿਸੇ ਨੂੰ ਨਾ ਹੋਵੇ ? ਪੰਜ ਤੱਤਾਂ ਦੀ ਉਪਜ ਇਨਸਾਨ ਉਹਨਾਂ ਹੀ ਬੁਨਿਆਦੀ ਗੁਣਾਂ ਦੀ ਬਦੌਲਤ ਹਰ ਬੀਤਦੇ ਪਲ ਦਾ ਗਵਾਹ ਹੁੰਦਾ ਹੈ, ਜਿਹੜੇ ਹਰ ਰੋਜ਼ ਸਵੇਰੇ ਅਸੀਂ ਖੁੱਲ੍ਹੀਆਂ ਅੱਖਾਂ ਨਾਲ ਦੇਖਦੇ ਹਾਂ।

"ਓ ਈਨਾ, ਮੀਨਾ, ਡੀਕਾ, ਚਲ ਉੱਠ ਪੌਣੇ ਸੱਤ ਵੱਜ ਗਏ ਨੇ, ਸਾਢੇ ਸੱਤ ਵਜੇ ਜੇ ਸਕੂਲ ਦੀ ਬੱਸ ਲੰਘ ਗਈ ਤਾਂ ਦਾਦਾ ਜੀ ਨੂੰ ਤੈਨੂੰ ਸਕੂਲ ਛੱਡ ਕੇ ਆਉਣਾ ਪਵੇਗਾ।"

"........ਹੇ ਭਗਵਾਨ ! ਇਸ ਤਰ੍ਹਾਂ ਕਿਉਂ ਹੁੰਦਾ ਹੈ ਕਿ ਮੇਰੇ ਸਾਰੇ ਦਿਨ ਦੇ ਕੰਮਾਂ ਵਿੱਚ ਇਹ ਸਭ ਅਣਕਿਆਸੇ ਕੰਮ ਸ਼ਾਮਿਲ ਹੋ ਜਾਂਦੇ ਹਨ ? ਕੀ ਇਹ ਵੀ ਕਿਸਮਤ ਹੈ ? ਕੀ ਇਹ ਸਭ ਆਪ ਤੈਅ ਕੀਤਾ ਹੋਇਆ ਹੈ ਜਾਂ ਮੇਰੀ ਨੂੰਹ ਹੀ ਮੇਰਾ ਰੱਬ ਬਣ ਗਈ ਹੈ ਭਗਵਾਨ ?"

ਇਹ ਹਨ ਘਰ ਦੇ ਬਜ਼ੁਰਗ ਮੈਂਬਰ ਦਾਦਾ ਜੀ, ਜਿਨ੍ਹਾਂ ਦੇ ਮਨ ਦੀ ਮੈਨਾ ਚਾਹੇ ਅਣਚਾਹੇ ਬੇਵਕਤ ਹਰ ਸਮੇਂ ਬੋਲ ਪੈਂਦੀ ਹੈ। ਸ਼ੁਕਰ ਹੈ ਕਿ ਉਸ ਨੂੰ ਕੋਈ ਹੋਰ ਸੁਣ ਨਹੀਂ ਸਕਦਾ !

"ਬਹੂ ਉਹਨੂੰ ਟੈਮ੍ਹ ਤੋਂ ਪਹਿਲਾਂ ਜਗਾ ਦਿਆ ਕਰ, ਕਦੇ ਨਾ ਕਦੇ ਤਾਂ ਉਸ ਨੂੰ ਆਤਮ ਨਿਰਭਰ ਹੋਣਾ ਹੀ ਪਵੇਗਾ। ਹੁਣ ਤੋਂ ਹੀ ਆਦਤ ਪਾਉਣੀ ਪਵੇਗੀ।"

"ਮੈਂ ਤਾਂ ਆਵਾਜ਼ਾਂ ਮਾਰ ਮਾਰ ਕੇ ਥੱਕ ਜਾਨੀ ਆਂ ਡੈਡੀ, ਉਹ ਵੀ ਤਾਂ ਸੁਣੇ....।"

ਇਹ ਹਰ ਰੋਜ਼ ਦਾ ਕਿੱਸਾ ਹੈ—ਇੱਕ ਮਹਾਂਮੰਤਰ ਮੇਰੀ ਪੋਤੀ ਨੂੰ ਜਗਾਉਣ ਦਾ, ਜਿਸ ਨੂੰ ਜਗਾਉਣ ਦੇ ਯਤਨਾਂ ਵਿੱਚ ਨੂੰਹ ਮੇਰੀ ਨੀਂਦ ਉਡਾ ਦਿੰਦੀ ਹੈ। ਇਹ ਸੋਚ ਕੇ ਘਬਰਾਹਟ ਵਿਚ ਮੈਂ ਥੋੜ੍ਹਾ ਪਹਿਲਾਂ ਹੀ ਉੱਠ ਖੜ੍ਹਦਾ ਹਾਂ। ਮੇਰੇ



ਉੱਠਣ ਤੋਂ ਪਹਿਲਾਂ ਕੋਈ ਮੈਨੂੰ ਵਾਰ ਵਾਰ ਸੁਣਾ ਕੇ, ਜਗਾ ਕੇ ਸਕੂਲ ਜਾਣ ਦੇ ਲਈ ਕਹੇ ਇਹ ਗੱਲ ਇਸ ਉਮਰ ਵਿੱਚ ਕਿੱਥੇ ਚੰਗੀ ਲਗਦੀ ਹੈ ?

ਹੁਣ ਸੁਣੋ, ਕੱਲ੍ਹ ਦੀ ਹੀ ਤਾਂ ਗੱਲ ਹੈ, ਮੈਂ ਸਵੇਰ ਦੀ ਸੈਰ ਲਈ ਸਮੁੰਦਰ ਕਿਨਾਰੇ ਚਲਾ ਗਿਆ। ਉੱਥੇ ਕਿਸੇ ਨੂੰ ਤੇਜ਼ ਰਫ਼ਤਾਰ ਨਾਲ ਪੈਦਲ ਚਲਦੇ, ਕਿਸੇ ਨੂੰ ਦੌੜਦੇ ਹੋਏ ਦੇਖਿਆ। ਸਾਰੇ ਆਪਣੀ ਆਪਣੀ ਰਫ਼ਤਾਰ ਵਿੱਚ ਕਦਮ ਵਧਾਉਂਦੇ ਤੁਰੇ ਜਾਂਦੇ ਹਨ। ਸਾਰਿਆਂ ਦਾ ਮਕਸਦ ਵੀ ਇਹੀ ਹੈ, ਰਸਤੇ ਨੂੰ ਮੰਜ਼ਿਲ ਬਣਾਉਣਾ। ਕੁੱਝ ਲੋਕ ਸੂਰਜ ਵੱਲ ਮੂੰਹ ਕਰਕੇ ਨਮਸਕਾਰ ਕਰ ਰਹੇ ਹਨ, ਤਾਂ ਕੁੱਝ ਲੋਕ ਲੰਮਾ ਸਾਹ ਅੰਦਰ ਲੈ ਕੇ ਬਾਹਰ ਛੱਡ ਰਹੇ ਹਨ। ਹਾਂ, ਇਹ ਜ਼ਰੂਰ ਸੀ ਕਿ ਕੁਝ ਇੱਕ-ਦੋ ਦੇ ਸਾਹਾਂ ਦੀ ਆਵਾਜ਼ ਮੇਰੇ ਤੱਕ ਪਹੁੰਚ ਰਹੀ ਸੀ, ਕਈਆਂ ਦੀ ਨਹੀਂ। ਕੁਝ ਲੋਕ ਸੀਮਿੰਟ ਦੇ ਚੌਂਤਰੇ 'ਤੇ ਸੁੱਖ ਆਸਣ ਵਿਚ ਬੈਠੇ ਸਨ ਜਿਵੇਂ ਉਹ ਖ਼ੁਦ ਸੁਖਾਨੰਦ ਦੇ ਵਾਂਗ ਹੋਣ। ਕੁਝ ਤਾਂ ਚਟਾਈਆਂ ਉੱਪਰ ਪਲਾਥੀ ਮਾਰ ਕੇ ਯੋਗ ਆਸਣ ਕਰ ਰਹੇ ਹਨ, ਕਿਤੇ ਪ੍ਰਾਣਾਯਾਮ ਦਾ ਅਭਿਆਸ ਤੇ ਕਿਤੇ ਤ੍ਰਾਟਕ ਦੀਆਂ ਕਿਰਿਆਵਾਂ ਦੇਖਣ ਨੂੰ ਮਿਲ ਰਹੀਆਂ ਸਨ।

ਨੌਜਵਾਨਾਂ ਵਿਚ ਇੱਕ ਵੱਖਰੀ ਬਾਜ਼ੀ ਲੱਗੀ ਹੋਈ ਹੈ। ਜੌਗਿੰਗ, ਜੰਪਿੰਗ, ਹੌਪਿੰਗ, ਬੱਸ ਉੱਛਲ ਕੁੱਦ ਦੇ ਨਵੇਂ ਖੋਜੇ ਤੌਰ ਤਰੀਕੇ। ਕੁੱਝ ਨੌਜਵਾਨ ਲੜਕੀਆਂ ਸਾਇਕਲਾਂ ਉੱਤੇ ਇੱਕ ਦੂਜੇ ਦੇ ਪਿੱਛੇ ਲਾਈਨ ਵਿਚ ਹਵਾ ਨਾਲ ਗੱਲਾਂ ਕਰਦੀਆਂ ਹੋਈਆਂ ਜਾ ਰਹੀਆਂ ਹਨ। ਜਿਵੇਂ ਰਸਤਾ ਵੀ ਪਿੱਛੇ ਰਹਿਣ ਵਿੱਚ ਮਜਬੂਰ ਹੋਇਆ ਹੋਵੇ। ਵਿਚਾਰਾ ਰਸਤਾ ਵੀ ਉਨ੍ਹਾਂ ਦੀ ਰਫ਼ਤਾਰ ਨਾਲ ਮੁਕਾਬਲਾ ਨਹੀਂ ਕਰ ਸਕਦਾ, ਘਸ ਗਿਆ ਹੈ, ਫੇਰ ਵੀ ਰਸਤਾ ਹੀ ਰਿਹਾ ਹੈ, ਅਜੇ ਤਾਈਂ ਮੰਜ਼ਿਲ ਨਹੀਂ ਬਣ ਸਕਿਆ।

ਮੈਂ ਵੀ ਹਰ ਰੋਜ਼ ਇਸੇ ਰਸਤੇ ਤੋਂ ਲੰਘਦਾ ਹਾਂ। ਹੋਰ ਕਰਨਾ ਵੀ ਕੀ ਹੈ ? ਲੰਘ ਜਾਣ ਦੇ ਪਹਿਲੇ ਦੌਰ ਦੇ ਹਰ ਰਸਤੇ ਤੋਂ ਲੰਘ ਜਾਣਾ ਹੈ। ਮਾਯੂਸੀ ਤੋਂ ਲੰਘਣਾ, ਖ਼ੁਸ਼ੀ ਤੋਂ ਲੰਘਣਾ, ਰੰਜਿਸ਼ ਨਾਲ ਲੰਘਣਾ—ਮਤਲਬ ਲੰਘ ਜਾਣ ਤੋਂ ਹੈ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਹਰ ਦੌਰ ਤੋਂ ਲੰਘੇ ਬਿਨਾਂ ਕੋਈ ਚਾਰਾ ਵੀ ਤਾਂ ਨਹੀਂ। ਬਸ ਕੋਸ਼ਿਸ਼ ਕਰਦਾ ਹਾਂ ਕਿ ਖ਼ੁਸ਼ੀ ਨਾਲ ਲੰਘ ਜਾਵਾਂ ਹਰ ਉਸ ਰਸਤੇ ਤੋਂ ਜਿਹੜਾ ਮੰਜ਼ਿਲ ਵੱਲ ਜਾਂਦਾ ਹੈ।

ਗ਼ੈਰ-ਬਰਾਬਰੀ ਦੇ ਜ਼ਮਾਨੇ ਵਿਚ ਇੱਕ ਬਰਾਬਰੀ ਦੀ ਗੱਲ ਨੇ ਮੇਰਾ ਧਿਆਨ ਖਿੱਚਿਆ। ਸਮੁੰਦਰ ਦੀਆਂ ਲਹਿਰਾਂ ਅਤੇ ਇਨਸਾਨ ਦੇ ਮਨ ਦੀਆਂ ਉਡਾਣਾਂ ਵਿੱਚ ਕੋਈ ਜ਼ਿਆਦਾ ਫ਼ਰਕ ਨਹੀਂ, ਇਹ ਸੱਚ ਸਾਬਿਤ ਹੋਇਆ ! ਇੱਕ ਲਹਿਰ ਕਿਨਾਰੇ ਨਾਲ ਆਪਣਾ ਸਿਰ ਟਕਰਾ ਕੇ ਮੁੜਦੀ ਅਤੇ ਉਸ ਦੇ ਪਿੱਛੇ ਦੂਜੀ ਲਹਿਰ, ਫੇਰ ਤੀਜੀ ਜਾ ਕੇ ਮੁੜ ਆਉਂਦੀ ਹੈ, ਫੇਰ ਇੱਕ ਹੋਰ ਲਹਿਰ ਇਸ ਆਉਣ ਜਾਣ ਦੇ ਸਿਲਸਿਲੇ ਵਿੱਚ ਆਪਣਾ ਸਾਥ ਅਤੇ ਸਹਿਯੋਗ

ਦਿੰਦੀ ਹੈ। ਇਹ ਦਰਿਆਦਿਲੀ ਹਰ ਲਹਿਰ ਦੇ ਸੀਨੇ ਵਿੱਚ ਸਮੋਈ ਹੈ, ਇੱਕ ਲਹਿਰ ਦੇ ਪਿੱਛੇ ਦੂਜੀ ਅਤੇ ਫਿਰ ਤੀਜੀ ਅਤੇ ਇਸ ਤਰ੍ਹਾਂ ਅਣਗਿਣਤ ਲਹਿਰਾਂ ਨੇ ਆਦਿ ਕਾਲ ਤੋਂ ਆਪਣੇ ਅਣਥੱਕ ਲੜੀਵਾਰ ਸਫ਼ਰ ਨੂੰ ਜਾਰੀ ਰੱਖਿਆ ਹੋਇਆ ਹੈ। ਠੀਕ ਇਸ ਤਰ੍ਹਾਂ ਹੀ ਕੁੱਝ ਦਿਲ ਦੇ ਨਾਲ ਵੀ ਹੁੰਦਾ ਹੈ। ਇੱਕ ਵਿਚਾਰ ਦਿਲ ਦੀ ਕੰਧ ਨਾਲ ਟਕਰਾ ਕੇ ਮੁੜਦਾ ਹੀ ਹੈ, ਤਾਂ ਦੂਜਾ ਪਹਿਲਾਂ ਹੀ ਸਿਰ ਚੁੱਕੀ ਖੜ੍ਹਾ ਹੁੰਦਾ ਹੈ। ਇਸ ਕਰਕੇ ਤਾਂ ਮਨ ਦੀ ਮੈਨਾ ਲਗਾਤਾਰ ਕੁਝ ਨਾ ਕੁਝ ਬੋਲਦੀ ਹੈ, ਬੋਲਦੀ ਹੀ ਰਹਿੰਦੀ ਹੈ, ਕਿੱਥੇ ਚੁੱਪ ਹੁੰਦੀ ਹੈ ?

ਅੱਜ ਦੀ ਗੱਲ ਹੀ ਲੈ ਲਵੋ, ਸੈਰ ਸਪਾਟੇ ਤੋਂ ਅੱਠ ਵਜੇ ਘਰ ਮੁੜਿਆ । ਆ ਕੇ ਦੇਖਿਆ ਤਾਂ ਘਰ ਵਿਚ ਘਮਸਾਨ ਮੱਚਿਆ ਹੋਇਆ ਹੈ। ਸ਼ੋਰ ਵੀ ਇਸ ਤਰ੍ਹਾਂ ਦਾ ਜਿਵੇਂ ਜੰਗ ਦਾ ਮੈਦਾਨ ਹੋਵੇ। ਬੱਸ ਸੁਣਨ ਦੇ ਯਤਨਾਂ ਵਿੱਚ ਚੰਗਾ ਭਲਾ ਆਦਮੀ ਵੀ ਬੋਲ਼ਾ ਬਣਿਆ ਰਹਿੰਦਾ ਹੈ। ਟ੍ਰਾਂਜਿਸਟਰ ਦੀ ਆਵਾਜ਼, ਉਸ ਨਾਲ ਜੁੜੇ ਦੋ ਸਪੀਕਰ ਦਸ ਹਜ਼ਾਰ ਬੋਲਦੇ ਮੂੰਹਾਂ ਨੂੰ ਚੁੱਪ ਕਰਾਉਣ ਵਿਚ ਸਮਰੱਥ। ਕਿਹੋ ਜਿਹਾ ਉਨ੍ਹਾਂ ਉੱਤੇ ਮਿਊਜ਼ਕ ਚੱਲ ਰਿਹਾ ਹੈ। ਮੇਰਾ ਪੋਤਾ ਕੰਨਾਂ ਵਿਚ ਈਅਰ-ਫੋਨ ਲਗਾ ਕੇ ਝੂਮ ਰਿਹਾ ਹੈ, ਕੱਪੜੇ ਨਾ ਮਾਤਰ, ਕੇਵਲ ਲੱਕ ਦੇ ਥੱਲ੍ਹੇ 'ਬਰਮੂਡਾ' ਪਾ ਕੇ ਲੱਕ ਇਵੇਂ ਮਾਰ ਰਿਹਾ ਹੈ, ਜਿਵੇਂ ਕੋਈ ਖਿਡੌਣਾ ਸਪਰਿੰਗ ਨਾਲ ਜੁੜਿਆ ਹੋਵੇ।

ਮੈਂ ਜਿਵੇਂ ਹੀ ਹਾਲ ਦੇ ਕਮਰੇ ਵਿਚ ਪੈਰ ਧਰਿਆ ਤਾਂ ਦੇਖਿਆ ਕਿ ਨੂੰਹ ਵੀ ਕਸਰਤ ਦਾ ਇੱਕ ਅਖਾੜਾ ਲਾਈ ਬੈਠੀ ਹੈ। ਉਹ ਸਾਇਕਲ 'ਤੇ ਸਵਾਰ, ਜਿਸ ਦੇ ਪੈਡਲ, ਚੱਕੇ ਤਾਂ ਘੁੰਮ ਰਹੇ ਸਨ, ਪਰ ਉਹ ਵੀ ਸ਼ਾਇਦ ਉਸ ਦੇ ਬੋਝ ਨੂੰ ਸਹਿਣ ਨਹੀਂ ਕਰ ਰਹੇ ਸਨ.... ਚੀਂ-ਚੀਂ .... ਜਿਵੇਂ ਆਪਣੇ ਕਰਮਾਂ ਨੂੰ ਗਾਲ੍ਹਾਂ ਦੇ ਰਹੇ ਹੋਣ ! ਸੁਣਿਆ ਹੈ ਕਿ ਇਹ ਕਸਰਤ ਕਰਨ ਨਾਲ ਮੋਟਾਪਾ ਘਟਦਾ ਹੈ, ਪਰ ਭਾਈ ਕੋਈ ਇਹ ਤਾਂ ਦੱਸੋ, "ਆਖਿਰ ਇਹ ਮੋਟਾਪਾ ਆਉਂਦਾ ਕਿੱਥੋਂ ਹੈ ?"

"ਡੈਡੀ, ਤੁਸੀਂ ਆ ਗਏ ! ਮੈਂ ਤੁਹਾਡੇ ਲਈ ਚਾਹ ਬਣਾਉਦੀ ਹਾਂ, ਉਦੋਂ ਤੱਕ ਤੁਸੀਂ ਮੇਰਾ ਇੱਕ ਕੰਮ ਕਰ ਦਿਓ ਪਲੀਜ਼।" ਸਾਇਕਲ ਤੋਂ ਥੱਲ੍ਹੇ ਉਤਰਨ ਦਾ ਔਖਾ ਕੰਮ ਕਰਦੇ ਹੋਏ ਨੂੰਹ ਨੇ ਕਿਹਾ।

"ਹਾਂ ਹਾਂ ਬੇਟਾ ਦੱਸੋ ਕੀ ਕੰਮ ਹੈ ?" ਮੈਂ ਸੋਫੇ 'ਤੇ ਬੈਠਦੇ ਹੋਏ ਕਿਹਾ। (ਮੇਰੇ ਮਨ ਦੀ ਮੈਨਾ ਵੀ ਕਿੱਥੇ ਚੁੱਪ ਬੈਠਦੀ ਹੈ, ਹੌਲ਼ੀ ਜਿਹੇ ਸਾਰਾ ਕੁੱਝ ਕਹਿ ਦਿੰਦੀ ਹੈ ! ਮੈਨੂੰ ਦੇਖਦੇ ਹੀ ਉਸ ਨੂੰ ਕੋਈ ਨਾ ਕੋਈ ਕੰਮ ਯਾਦ ਆ ਜਾਂਦਾ ਹੈ। ਫ਼ਾਲਤੂ ਜੋ ਹਾਂ, ਕੋਈ ਕੰਮ ਤਾਂ ਕਰਦਾ ਨਹੀਂ। ਸਾਰਾ ਦਿਨ ਜਾਂ ਤਾਂ ਘਰ ਵਿਚ ਐਵੇਂ ਹੀ ਪਿਆ ਰਹਿੰਦਾ ਹਾਂ ਜਾਂ ਸਵੇਰੇ ਸ਼ਾਮ ਸੈਰ ਸਪਾਟੇ ਲਈ ਕਦੇ ਸਮੁੰਦਰ ਦੇ ਕਿਨਾਰੇ, ਕਦੇ ਨੇੜੇ ਤੇੜੇ ਦੇ ਪਾਰਕ ਵਿੱਚ ਹੀ ਜਾਂਦਾ ਰਹਿੰਦਾ ਹਾਂ !)

"ਡੈਡੀ, ਮੇਰੇ ਸਾਇਕਲ ਦੇ ਪੈਡਲ ਅਤੇ ਚੱਕਿਆਂ ਵਿਚ ਥੋੜ੍ਹਾ ਤੇਲ ਦੇ



ਦਿਓ, ਦੇਖੋ ਨਾ ਕਿਵੇਂ ਚੀਂ -ਚੀਂ ਕਰ ਰਹੇ ਹਨ ?"

(ਹੁਣ ਤੁਸੀਂ ਹੀ ਦੱਸੋ ਮੈਂ ਕੀ ਕਰਾਂ ? ਮੇਰੇ ਮਨ ਵਿੱਚ ਵਸੀ ਮੇਰੀ ਲਾਡਲੀ ਮੈਨਾ ਬਹੁਤ ਕੁੱਝ ਕਹਿ ਦਿੰਦੀ ਹੈ। ਸੁਣ ਕੇ ਬਹੁਤ ਸਕੂਨ ਮਿਲਦਾ ਹੈ.... । ਜੋ ਮੈਂ ਨਹੀਂ ਕਹਿੰਦਾ, ਉਹ ਹੀ ਕਹਿ ਦਿੰਦੀ ਹੈ। ਹੁਣ ਵੀ ਕਹੇ ਬਿਨਾਂ ਉਹ ਕਿੱਥੇ ਚੁੱਪ ਬੈਠਦੀ ਹੈ। ਕਹਿੰਦੀ ਹੈ— ਚੀਂ-ਚੀਂ ਤਾਂ ਕਰਨਗੇ ਹੀ ..... ਉਨ੍ਹਾਂ 'ਤੇ ਏਨਾ ਵਜ਼ਨ ਜੋ ਪਾਉਂਦੀ ਹੈਂ ? ਕੌਣ ਸਮਝਾਵੇ ਇਨ੍ਹਾਂ ਔਰਤਾਂ ਨੂੰ ? ਭਾਰ ਘਟਾਉਣ ਦੇ ਲਈ ਘਰਾਂ ਵਿੱਚ ਅਤੇ ਹੈਲਥ ਕਲੱਬਾਂ ਵਿੱਚ ਸਮਾਂ ਕੱਢ ਕੇ ਘੰਟਿਆਂ ਦੇ ਘੰਟੇ ਬਰਬਾਦ ਕਰਦੀਆਂ ਹਨ। ਪਰ ਅਜਿਹਾ ਕੁੱਝ ਕਿਉਂ ਨਹੀਂ ਕਰਦੀਆਂ, ਜਿਸ ਨਾਲ ਭਾਰ ਵਧ ਹੀ ਨਾ ਸਕੇ ਅਤੇ ਬਹੁਤ ਸਾਰੀਆਂ ਜਾਨ-ਬੇਜਾਨ ਚੀਜ਼ਾਂ ਬਰਬਾਦ ਹੋਣ ਤੋਂ ਬਚ ਸਕਣ—ਜਿਵੇਂ ਇਹ ਖ਼ਰਾਬ ਹੁੰਦਾ ਸਾਇਕਲ, ਘਰ ਦੇ ਵੱਡਿਆਂ ਦਾ ਸੁੱਖ ਚੈਨ, ਉਨ੍ਹਾਂ ਦੇ ਇੱਕ ਥਾਂ ਬੈਠ ਕੇ ਅਖ਼ਬਾਰ ਪੜ੍ਹਨ ਦਾ ਸੁੱਖ, ਘਰ ਵਿੱਚ ਸਥਾਪਿਤ ਕੀਤੀ ਭਗਵਾਨ ਦੀ ਮੂਰਤੀ ਸਾਹਮਣੇ ਧੂਫ਼ ਬੱਤੀ ਕਰਕੇ ਆਰਤੀ ਕਰਨ ਦਾ ਸੁੱਖ ਅਤੇ ਕਦੇ ਜ਼ੋਰ ਨਾਲ ਹਨੂੰਮਾਨ ਚਾਲੀਸਾ ਜਾਂ ਗਾਇਤਰੀ ਮੰਤਰ ਪੜ੍ਹਨ ਦਾ ਸੁੱਖ। ਹਾਂ ਸੌਣ ਦੇ ਸਮੇਂ ਜਿੰਨਾ ਜ਼ੋਰ ਦੀ ਚਾਹਵਾਂ, ਹਨੂੰਮਾਨ ਚਾਲੀਸਾ ਪੜ੍ਹ ਪਾਉਂਦਾ ਹਾਂ। ਇਹ ਸਹੂਲਤ ਹੈ, ਕਿਉਂਕਿ ਉਸ ਸਮੇਂ ਕੋਈ ਕਹਿਣ ਵਾਲਾ ਜਾਂ ਰੁਕਾਵਟ ਪਾਉਣ ਵਾਲਾ ਘਰ ਵਿੱਚ ਹੁੰਦਾ ਹੀ ਨਹੀਂ। ਸਾਰੇ ਜਾਂ ਤਾਂ ਕਲੱਬ ਵਿਚ ਹੁੰਦੇ ਹਨ ਜਾਂ ਕਿਸੇ ਪਰਿਵਾਰਕ ਮਿੱਤਰ ਦੇ ਘਰ ਪਾਰਟੀ ਵਿੱਚ। ਸਾਰੇ ਕਹਿਣ ਦਾ ਮਤਲਬ ਹੈ ਪੁੱਤਰ, ਨੂੰਹ, ਪੋਤਾ ਅਤੇ ਪੋਤੀ। ਇਨ੍ਹਾਂ ਚਾਰ ਲੋਕਾਂ ਦੀ ਚੌਕੜੀ ਹੈ। ਚੰਡਾਲ ਚੌਕੜੀ ਨਹੀਂ ਕਹਾਂਗਾ......... ਆਪਣਿਆਂ ਨੂੰ ਕੋਈ ਇਸ ਤਰ੍ਹਾਂ ਕਹਿੰਦਾ ਹੈ ਕੀ ? ਕੋਈ ਸੁਣੂਗਾ ਤਾਂ ਕੀ ਕਹੂਗਾ ?)

ਆਖਿਰ ਨੂੰਹ ਸਾਇਕਲ ਤੋਂ ਥੱਲ੍ਹੇ ਉੱਤਰੀ, 'ਹੁਣੇ ਤੇਲ ਲਿਆਈ' ਕਹਿ ਕੇ ਸਖ਼ਤ ਮਿਹਨਤ ਨਾਲ ਕੱਢਿਆ ਪਸੀਨਾ ਤੌਲੀਏ ਨਾਲ ਪੂੰਝਦੇ ਹੋਏ ਇਸ਼ਨਾਨ ਘਰ ਵਿਚ ਵੜ ਗਈ।

(ਮੈਨਾ ਵੀ ਬਿਨਾਂ ਮੁਸਕੁਰਾਇਆਂ ਨਾ ਰਹਿ ਸਕੀ—ਨਾ ਚਾਹ ਨਾ ਪਾਣੀ, ਕੇਵਲ ਪੁੱਛਿਆ, ਸ਼ੁਕਰ ਹੈ !)

ਖ਼ੈਰ, ਮੈਂ ਆਪ ਰਸੋਈਘਰ ਵਿੱਚ ਜਾ ਕੇ ਗੈਸ ਦੇ ਚੁੱਲ੍ਹੇ 'ਤੇ ਚਾਹ ਦਾ ਪਾਣੀ ਰੱਖਿਆ ਹੀ ਸੀ ਕਿ ਪਿੱਛਿਓਂ "ਡੈਡ ਮੈਨੂੰ ਵੀ ਅੱਧਾ ਕੱਪ ਚਾਹ ਦੇਣਾ" ਦੀ ਆਵਾਜ਼ ਆਈ। ਇਹ ਮੇਰਾ ਇਕਲੌਤਾ ਬੇਟਾ ਸੀ। ਜਿਹੜਾ ਗਲੀਚੇ 'ਤੇ ਖੜ੍ਹ ਕੇ ਦੋਵੇਂ ਹੱਥਾਂ ਵਿਚ ਪੰਜ ਪੰਜ ਕਿਲੋ ਦੇ ਭਾਰੇ ਡੰਬਲ ਚੁੱਕ ਕੇ ਕਦੇ ਇੱਕ ਹੱਥ ਨੂੰ ਉੱਪਰ ਕਰਦਾ ਸੀ ਤੇ ਕਦੇ ਦੂਜੇ ਨੂੰ। ਉਸ ਨੂੰ ਪੁੱਛੋ, ਇਹ ਸਜ਼ਾ ਉਹ ਆਪਣੇ ਆਪ ਨੂੰ ਕਿਉਂ ਦੇ ਰਿਹਾ ਹੈ ? ਕੀ ਰਾਤ ਨੂੰ ਪਾਰਟੀ ਵਿੱਚ ਕਿਸੇ ਦੇ ਸਾਹਮਣੇ ਸ਼ੇਖ਼ੀ ਮਾਰਨੀ ਹੈ ਕਿ ਮੈਂ ਇੰਨੀ ਦੇਰੀ, ਇੰਨਾ ਭਾਰ ਚੁੱਕਿਆ ? ਵਾਹ ਬਈ ਜ਼ਮਾਨੇ, ਮੈਂ ਕਿਸੇ ਹੋਰ ਨੂੰ ਤਾਂ ਬਦਲ ਨਹੀਂ ਸਕਿਆ, ਖ਼ੁਦ ਨੂੰ ਹੀ ਬਦਲ ਲਿਆ ਹੈ, ਚੰਗਾ

ਕੀਤਾ।

"ਚਾਹ ਤਾਂ ਦਿੰਦਾ ਹਾਂ, ਪਰ ਥੱਲੇ ਪਿਆ ਮੇਰਾ ਬਿਸਤਰਾ ਤਾਂ ਇੱਕ ਪਾਸੇ ਕਰ ਦੇ। ਇਸ ਤਰ੍ਹਾਂ ਵਿਚਾਲੇ ਪਿਆ ਰਿਹਾ ਤਾਂ ਸਾਰਾ ਦਿਨ ਮਿੱਧਿਆ ਜਾਊ।" ਮੈਂ ਰਸੋਈਘਰ ਤੋਂ ਬਾਹਰ ਜ਼ਮੀਨ 'ਤੇ ਪਏ ਮੇਰੇ ਬਿਸਤਰੇ ਵੱਲ ਇਸ਼ਾਰਾ ਕਰਦੇ ਹੋਏ ਕਿਹਾ।

"ਡੈਡੀ ਤੁਸੀਂ ਚਿੰਤਾ ਨਾ ਕਰੋ, ਸਭ ਹੋ ਜਾਵੇਗਾ।" ਇਹ ਮੇਰੇ ਬੇਟੇ ਦਾ ਆਸਾਨ ਜਿਹਾ ਜਵਾਬ ਸੀ।

"ਠੀਕ ਹੈ, ਰਹਿਣ ਦੇ। ਸਾਰਾ ਆਪਣੇ ਆਪ ਹੀ ਹੋ ਜਾਵੇਗਾ.......।" ਮੈਂ ਚਾਹ ਵਿੱਚ ਸ਼ੱਕਰ ਪਾਉਂਦੇ ਹੋਏ ਜਿਵੇਂ ਆਪਣੇ ਮਨ ਅੰਦਰਲੀ ਕੁੜੱਤਣ ਦਾ ਘੁੱਟ ਭਰਿਆ।

"ਸਵੇਰੇ ਸਵੇਰੇ, ਇਹ ਕਰੋ, ਉਹ ਕਰੋ ਦੇ ਨਾਲ ਦਿਨ ਸ਼ੁਰੂ ਨਾ ਕਰੋ ਡੈਡੀ। ਘਰ ਵਿੱਚ ਕੁੱਝ ਸ਼ਾਂਤੀ ਹੋਵੇ ਤਾਂ ਚੰਗਾ ਲਗਦਾ ਹੈ, ਤੁਸੀਂ ਆਨੰਦ ਲਵੋ ਤੇ ਹੋਰਾਂ ਨੂੰ ਵੀ ਮਜ਼ਾ ਲੈਣ ਦੇਵੋ।"

"ਹਾਂ, ਇਹ ਤਾਂ ਹੈ.....।" ਮੈਂ ਕੀ ਕਹਿੰਦਾ, ਵਿਚਾਰੀ ਮੈਨਾ ਵੀ ਚੁੱਪ ਹੋ ਗਈ।

"ਡੈਡ, ਦੱਦੂ..... ਪਲੀਜ਼ ਥੋੜ੍ਹੀ ਹੌਲ਼ੀ ਗੱਲ ਕਰੋ, ਮੈਂ ਡਿਸਟਰਬ ਹੋ ਰਿਹਾ ਹਾਂ।" ਇਹ ਪੋਤਾ ਸੀ। ਬਾਪ ਸੇਰ ਤਾਂ ਬੇਟਾ ਸਵਾ ਸੇਰ।

ਮਨ ਦੀ ਮੈਨਾ ਬੋਲੀ—"ਕਿਉਂ ਨਹੀਂ ਮੇਰੇ ਲਾਲ। ਹੁਣ ਚੁੱਪ ਹੀ ਤਾਂ ਰਹਿਣਾ ਹੈ, ਖ਼ਾਮੋਸ਼ੀ ਦੀ ਦੌਲਤ ਨਾਲ ਖ਼ੁਦ ਨੂੰ ਮਾਲਾਮਾਲ ਕਰਨਾ ਹੈ।" ਅਤੇ ਸੱਚ ਵਿੱਚ ਹੀ ਮੈਂ ਚੁੱਪ ਧਾਰ ਲਈ। ਚੁੱਪ ਵਿੱਚ ਕਿੰਨਾ ਸਕੂਨ ਹੈ, ਇਸ ਗੱਲ ਨਾਲ ਮੇਰੇ ਮਨ ਦੀ ਮੈਨਾ ਅਜੇ ਤੱਕ ਵਾਕਿਫ਼ ਨਹੀਂ ਹੋਈ ਹੈ।

"ਥੈਂਕਸ...... ਦੱਦੂ, ਥੈਂਕਸ ਡੈਡ..........!" ਪੋਤੇ ਨੇ ਸ਼ਿਸ਼ਟਾਚਾਰ ਦਾ ਪ੍ਰਦਰਸ਼ਨ ਕੀਤਾ।

ਪਤਾ ਨਹੀਂ ਮੇਰਾ ਇਹ ਪਾਗਲ ਮਨ ਮੰਨਦਾ ਹੀ ਨਹੀਂ? ਜਿਵੇਂ ਪਿੰਜਰੇ ਵਿੱਚ ਕੈਦ ਮਨ ਆਖੇ 'ਰਾਮ ਰਾਮ' ਉਸ ਤਰ੍ਹਾਂ ਹੀ ਮੇਰੇ ਮਨ ਦੀ ਮੈਨਾ ਆਖੇ 'ਰਾਮ ਰਾਮ ਕੀ ਜ਼ਮਾਨਾ ਹੈ? ਨਾ ਵੱਡਿਆ ਦੇ ਪੈਰੀਂ ਹੱਥ, ਨਾ ਅਸੀਸਾਂ ਲੈਣੀਆਂ, ਨਾ ਸਲਾਹ, ਨਾ ਮਸ਼ਵਰਾ, ਬਸ 'ਪਲੀਜ਼' ਅਤੇ 'ਥੈਂਕਯੂ' ਦੇ ਦੋ ਸ਼ਬਦ ਕਹਿ ਦਿੰਦੇ ਹਨ, ਉਪਰੋਂ ਫੇਰ 'ਸਾੱਰੀ' ਦੀ ਮੱਲ੍ਹਮ ਵੀ ਲਗਾ ਦਿੰਦੇ ਹਨ।' ਜ਼ਖ਼ਮ ਠੀਕ ਹੋਇਆ ਜਾਂ ਨਹੀਂ, ਇਹ ਦੇਖਣਾ ਕਿਸੇ ਦਾ ਕੰਮ ਨਹੀਂ ਹੈ। ਕਿੰਨ੍ਹੇ ਡੂੰਘੇ ਡੂੰਘੇ ਜ਼ਖ਼ਮ ਦਿੰਦੇ ਹਨ ਇਹ ਨਵੀਂ ਪੀੜ੍ਹੀ ਦੇ ਆਗਿਆਕਾਰ ਬੱਚੇ ! ਇੱਕ ਚਾਹ ਦੀ ਫ਼ਰਮਾਇਸ਼ ਕਰਦਾ ਹੈ, ਤਾਂ ਦੂਜਾ ਚੁੱਪ ਰਹਿਣ ਦੀ ਫ਼ਰਮਾਇਸ਼! ਓ ਏਥੇ ਮੇਰੀ



ਸੁਣਨ ਵਾਲਾ ਕੋਈ ਨਹੀਂ ਹੈ ਕੀ? ਕਿਉਂ ਨਹੀਂ ਹੈ? ਅੱਜ ਕਿਉਂ ਦਿਖਾਈ ਨਹੀਂ ਦਿੱਤੀ ਮੇਰੀ ਜਾਨੇ ਜਿਗਰ, ਮੇਰੀ ਰੂਹ ਦਾ ਸਕੂਨ—ਮੇਰੀ ਪੋਤੀ? ਕੀ ਅੱਜ ਉਹ ਹੁਣ ਤੱਕ ਉੱਠੀ ਹੀ ਨਹੀਂ ਹੈ? ਸਾਢੇ ਸੱਤ ਵੱਜ ਗਏ ਹਨ।

ਓ ਮੈਂ ਵੀ ਕਿੰਨਾ ਭੁਲੱਕੜ ਹਾਂ! ਅੱਜ ਤਾਂ ਐਤਵਾਰ ਹੈ—ਉਹ ਬਾਰ੍ਹਾਂ ਵਜੇ ਤੋਂ ਪਹਿਲਾਂ ਨਹੀਂ ਉੱਠਦੀ? ਮੇਰੀ ਪੋਤੀ ਵੀ ਨਿਰਾਲੀ ਹੈ, ਉੱਠ ਕੇ ਕਦੇ ਕਸਰਤ ਕਰਦੀ ਹੈ, ਤਾਂ ਕਦੇ ਯੋਗਾ, ਉਹ ਵੀ ਸਰਲ ਸਹਿਜ। 'ਮੁਸ਼ਕਿਲ' ਵਾਲੇ ਕਹਿੰਦੀ ਹੈ ਕਿ ਬਹੁਤ ਮੁਸ਼ਕਿਲ ਹਨ। ਮੇਰੇ ਮਨ ਦੀ ਮੈਨਾ ਮਨ ਹੀ ਮਨ ਮੁਸਕੁਰਾਉਂਦੀ ਹੈ, ਪਰ ਕਹਿੰਦੀ ਕੁੱਝ ਨਹੀਂ। ਕਹਿੰਦੀ ਵੀ ਹੈ ਤਾਂ ਸਿਰਫ਼ ਮੈਂ ਹੀ ਸੁਣ ਸਕਦਾ ਹਾਂ।

"ਮਜ਼ਾਕ ਹੈ ਕੀ" ਯੋਗ ਕਰਨਾ? ਜਿਹੜੀ ਰੋਜ਼ ਰੋਟੀ ਖਾਂਦੀ ਹੈ, ਉਹ ਅੱਜ ਤੱਕ ਖ਼ੁਦ ਕਦੇ ਬਣਾਈ ਨਹੀਂ, ਤਾਂ ਯੋਗ ਕੀ.....? ਬੱਸ ਕੋਸ਼ਿਸ਼ ਕਰਦੀ ਰਹਿ .. ਸਿੱਖ ਜਾਵੇਂਗੀ। ਸਮਾਂ ਸਭ ਨੂੰ ਸਭ ਕੁੱਝ ਸਿਖਾ ਦਿੰਦਾ ਹੈ। ਇਹ ਮੇਰੀ ਮੈਨਾ ਹੈ ਜਿਹੜੀ ਮੇਰੇ ਅੰਦਰ ਬੈਠੀ ਘੁਸਰ-ਮੁਸਰ ਕਰ ਰਹੀ ਹੈ।

"ਬੇਟਾ ਇਹ ਲੈ ਚਾਹ, ਇੱਥੇ ਰੱਖੀ ਹੈ।" ਕਹਿ ਕੇ ਮੈਂ ਆਪਣੀ ਪਿਆਲੀ ਲੈ ਕੇ ਹਾਲ ਦੇ ਇੱਕ ਖੂੰਜੇ ਵਿੱਚ ਆਪਣੇ ਨਿਸ਼ਚਿਤ ਸਥਾਨ 'ਤੇ ਬੈਠ ਹੀ ਰਿਹਾ ਸੀ ਕਿ ਪਿੱਛਿਓਂ 'ਥੈਂਕਸ' ਦੀ ਆਵਾਜ਼ ਆਈ।

"ਡੈਡੀ, ਥੋੜ੍ਹੀ ਚਾਹ ਜ਼ਿਆਦਾ ਹੈਗੀ ਐ? ਮੈਨੂੰ ਵੀ ਦੋ ਸਿਪ ਚਾਹੀਦੈ ਨੇ।"

ਇਹ ਮੇਰੀ ਨੂੰਹ ਸੀ ਜੋ ਇਸ਼ਨਾਨ ਘਰ ਵਿੱਚੋਂ ਹੁਣੇ ਹੁਣੇ ਬਾਹਰ ਆਈ ਹੈ। ਮੇਰਾ ਬਿਸਤਰਾ ਮਿੱਧਦੀ, ਮੇਰੇ ਨਾਲ ਵਾਲੇ ਸੋਫ਼ੇ 'ਤੇ ਬੈਠ ਕੇ ਆਪਣੇ ਵਾਲ਼ ਬੁਰਸ਼ ਨਾਲ ਸੰਵਾਰਨ ਲੱਗ ਪਈ।

"ਇਹ ਲੈ ਬੇਟਾ!" ਕਹਿੰਦੇ ਹੋਏ ਮੈਂ ਉਹ ਚਾਹ ਦੀ ਪਿਆਲੀ, ਜੋ ਅਜੇ ਤੱਕ ਮੇਰੇ ਬੁੱਲ੍ਹਾਂ ਤੱਕ ਨਹੀਂ ਆਈ ਸੀ ਉਸ ਦੇ ਵੱਲ ਵਧਾ ਦਿੱਤੀ। ਉਹ ਚਾਹ ਪੀਣ ਲੱਗ ਪਈ ਅਤੇ ਮੈਂ ਉੱਠ ਕੇ ਵਿਚਾਲੇ ਪਏ ਬਿਸਤਰੇ ਨੂੰ ਇਕੱਠਾ ਕਰਨ ਲੱਗਿਆ।

"ਡੈਡੀ ਤੁਸੀਂ ਛੱਡੋ, ਕਿਉਂ ਤਕਲੀਫ਼ ਕਰ ਰਹੇ ਹੋ? ਮੈਂ ਚਾਹ ਪੀ ਕੇ ਸਾਰਾ ਕੁੱਝ ਕਰ ਦਿੰਦੀ ਹਾਂ।"

ਮੈਂ ਕੁਝ ਨਹੀਂ ਕਿਹਾ। ਕੀ ਕਹਾਂ? ਕਿਸ ਨੂੰ ਕਹਾਂ? ਕਹਾਂ—ਪਰ ਕੋਈ ਸੁਣਨ ਵਾਲਾ ਵੀ ਤਾਂ ਹੋਵੇ। ਇਸ ਰੌਲ਼ੇ ਦੀ ਬਸਤੀ ਵਿੱਚ ਸਭ ਬੋਲ਼ੇ ਨੇ। ਚੀਕਾਂ ਮਾਰਾਂ ਵੀ, ਤਾਂ ਵੀ ਕੌਣ ਸੁਣੇਗਾ? ਸੱਚ ਕਹਿੰਦਾ ਹੈ ਪੋਤਾ—"ਹੌਲ਼ੀ ਗੱਲ ਕਰੋ" ਪਰ ਇੱਥੇ ਗੱਲ ਕਰਨ ਲਈ ਬਚਿਆ ਹੀ ਕੀ ਹੈ?

'ਸਾਰਾ ਕੁੱਝ ਬਾਅਦ ਵਿਚ ਕਰਨ ਵਾਲੀ ਮੇਰੀ ਨੂੰਹ ਬਾਅਦ ਵਿੱਚ ਬਹੁਤ ਕੁਝ ਭੁੱਲ ਜਾਂਦੀ ਹੈ। ਮੈਂ ਜੇਕਰ ਬਿਸਤਰਾ ਥੱਲਿਓਂ ਨਾ ਚੁੱਕਾਂ, ਤਾਂ ਸਾਰਾ ਦਿਨ ਉੱਥੇ ਹੀ ਪਿਆ ਰਹੇਗਾ, ਪਤਾ ਨੀ ਕਿੰਨੀ ਵਾਰ ਮਿੱਧਿਆ ਜਾਵੇ, ਜਦੋਂ ਤੱਕ ਰਾਤ ਨੂੰ ਫੇਰ ਉਸ ਨੂੰ ਝਾੜ ਕੇ ਉਸ 'ਤੇ ਸੌਂ ਨਾ ਜਾਵਾਂ। ਮੇਰਾ ਹੈ, ਮੈਂ ਹੀ ਚੁੱਕਾਂ, ਕਿਹੜੀ ਵੱਡੀ ਗੱਲ ਹੈ?' ਪਰ ਇੱਕ ਗੱਲ ਉਸ ਨੂੰ ਯਾਦ ਰਹੀ—"ਸਾਇਕਲ ਦੇ ਲਈ ਤੇਲ ਲਿਆਉਣਾ।"

"ਇਹ ਲਓ ਡੈਡੀ!" ਮੇਰੇ ਸਾਹਮਣੇ ਸ਼ੀਸ਼ੀ ਰੱਖਦਿਆਂ ਉਸ ਨੇ ਕਿਹਾ ਅਤੇ ਰਸੋਈਘਰ ਦੇ ਵੱਲ ਜਾਂਦੇ ਹੋਏ ਮਾਣ ਨਾਲ ਐਲਾਨ ਕੀਤਾ, "ਮੈਂ ਸਾਰਿਆਂ ਲਈ ਨਾਸ਼ਤਾ ਬਣਾਉਂਦੀ ਹਾਂ।"

ਨਿਰਾਸ਼ਾ ਵਿੱਚ ਉਮੀਦ ਦੀ ਕਿਰਨ! ਹਰ ਐਤਵਾਰ ਨੂੰ ਤਾਂ 'ਤਾਜ' ਤੋਂ ਲਿਆਂਦੇ ਗਏ ਡੋਸੇ, ਇਡਲੀ, ਬੜੇ ਸਾਂਭਰ, ਚਟਨੀ ਅਤੇ ਘਰ ਦੀ ਚਾਹ ਨਾਲ 'ਬ੍ਰੰਚ' ਹੁੰਦਾ ਹੈ, ਅੱਜ ਇਹ...ਬਦਲਾਓ, ਚੰਗਾ ਲੱਗਿਆ।

"ਡੈਡੀ ਕੁੱਝ ਚਾਹੀਦੈ....?" ਹਾਲ ਵਿੱਚ ਆਉਂਦੇ ਹੀ ਬੇਟੇ ਨੇ ਬਹੁਤ ਹੀ ਅਪਣੱਤ ਦੇ ਲਹਿਜ਼ੇ ਵਿੱਚ ਪੁੱਛਿਆ। ਲੱਗਦਾ ਹੈ ਕਿ ਭਾਰ ਚੁੱਕ ਕੇ ਥੱਕ ਗਿਆ ਹੈ। ਮੇਰਾ ਨਹੀਂ, ਉਨ੍ਹਾਂ ਡੰਬਲਾਂ ਦਾ। ਮੇਰਾ ਥੋੜ੍ਹਾ ਜਿਹਾ ਬੋਝ ਵੀ ਜੇਕਰ ਉਹ ਚੁੱਕਦਾ ਤਾਂ ਮੇਰੇ ਮਨ ਦਾ ਬਹੁਤ ਸਾਰਾ ਬੋਝ ਘੱਟ ਹੋ ਜਾਂਦਾ। ਅਤੇ ਇਹ ਜਿਹੜੀ ਮੇਰੇ ਮਨ ਦੀ ਮੈਨਾ ਵਿੱਚ ਵਿਚਾਲੇ ਬੋਲ ਪੈਂਦੀ ਹੈ। ਉਹ ਸ਼ਾਇਦ ਕੁੱਝ ਸ਼ਾਂਤ ਹੋ ਜਾਵੇ।

"ਨਹੀਂ ਬੇਟਾ ਮੈਨੂੰ ਕੁਝ ਨਹੀਂ ਚਾਹੀਦਾ ਮਨ ਦੀ ਮੈਨਾ ਫੇਰ ਬੋਲ ਉੱਠੀ ਪਰ ਇਸ ਵਾਰ ਕੁੱਝ ਜ਼ਿਆਦਾ ਹੌਲ਼ੀ ਜਿਹੇ!" (ਮੈਨੂੰ ਤਾਂ ਕੁੱਝ ਨਹੀਂ ਚਾਹੀਦਾ, ਤੈਨੂੰ ਕੀ ਚਾਹੀਦੈ? ਮੈਨੂੰ ਜਿਹੜਾ ਨਹੀਂ ਚਾਹੀਦਾ ਸੀ ਉਹ ਵੀ ਦੇ ਦਿੱਤਾ ਹੈ, ਇਹ ਸ਼ੋਰ, ਇਹ ਕੁਰੂਕਸ਼ੇਤਰ ਵਰਗਾ ਘਰ, ਬੈਠਣ ਲਈ ਖੂੰਜੇ ਵਾਲਾ ਸੋਫ਼ਾ, ਰਾਤ ਨੂੰ ਸੌਣ ਲਈ ਇੱਕ ਬਿਸਤਰਾ, ਹੋਰ ਕੀ ਚਾਹੀਦੈ ਮੈਨੂੰ?)

ਮੈਂ ਲਗਾਤਾਰ ਕੋਸ਼ਿਸ਼ ਕਰਦਾ ਹਾਂ ਕਿ ਮਨ ਦੀ ਮੈਨਾ ਚੁੱਪ ਰਹੇ ਤਾਂ ਮੈਂ ਵੀ ਕੁੱਝ ਪਲ ਆਰਾਮ ਕਰਾਂ। ਪਰ ਇਹ ਮੰਨੇ, ਤਾਂ ਨਾ? ਉਹ ਬੋਲਦੀ ਹੀ ਰਹਿੰਦੀ ਹੈ, ਨਿਡਰ-ਬੇਖ਼ੌਫ਼। ਕਿਹੜਾ ਉਸ ਨੂੰ ਆਖੇ ਕਿ ਉਹ ਚੁੱਪ ਹੋ ਜਾਵੇ, ਹੌਲ਼ੀ ਬੋਲੇ.....! ਮੈਂ ਉਸ ਨੂੰ ਰਾਤ ਦੀ ਖ਼ਾਮੋਸ਼ੀ ਵਿੱਚ ਕਹਿੰਦੇ ਸੁਣਿਆ ਹੈ- "ਜਿਹੜੇ ਲੈਣ ਦੇ ਆਦੀ ਹੋ ਜਾਣ, ਉਹ ਦੇਣ ਦੀ ਪਹਿਲ ਕੀ ਕਰਨਗੇ। ਜਿਹੜੇ ਮੂੰਹ ਕੋਲ ਆਈ ਚਾਹ ਨੂੰ ਖੋਹ ਲੈਂਦੇ ਹਨ, ਉਹ ਮੈਨੂੰ ਕੀ ਦੇਣਗੇ? ਇਹ ਘਰ ਮੇਰਾ ਹੈ, ਬੱਚੇ ਮੇਰੇ ਹਨ, ਇਹ ਬਿਸਤਰਾ ਮੇਰਾ ਹੈ, ਚਾਹ ਮੇਰੀ.....ਹਾਂ....ਹਾਂ.....ਮੇਰੀ ਚਾਹ ਉਨ੍ਹਾਂ ਦੀ ਹੈ.....ਮੈਂ ਕਿਸ ਦਾ ਹਾਂ?

—o—



# ਜੰਗ ਜਾਰੀ ਹੈ...

ਕੈਦੀ ਦੇ ਲਈ ਆਜ਼ਾਦੀ ਦਾ ਹੁਕਮ ਜਾਰੀ ਕੀਤਾ ਗਿਆ।

ਕੈਦਖ਼ਾਨੇ ਦੇ ਪਰਲੇ ਪਾਸੇ ਸਲਾਖਾਂ ਦੇ ਅੰਦਰ ਉਹ ਆਪਣੀ ਹੀ ਸੋਚ ਦੇ ਜੰਗਲ ਵਿੱਚ ਘੁੰਮ ਰਿਹਾ ਸੀ। ਪਿਛਲੇ ਨੌਂ ਸਾਲਾਂ ਤੋਂ ਇੱਥੇ ਰਹਿੰਦੇ ਰਹਿੰਦੇ ਉਹ ਉਸ ਕੋਠੜੀ ਨੂੰ ਹੀ ਆਪਣਾ ਘਰ ਸਮਝਣ ਲੱਗਿਆ। ਉਹ ਠਿਕਾਣਾ ਜਿੰਨਾ ਪੱਕਾ ਸੀ, ਉਨਾ ਹੀ ਡਾਵਾਂਡੋਲ।

"ਕੈਦੀ ਤੇਰੇ ਲਈ ਹੁਕਮ ਆ ਗਿਆ ਹੈ।"

"ਕਿਹੋ ਜਿਹਾ ਹੁਕਮ?" ਕੈਦਖ਼ਾਨੇ ਦੀਆਂ ਸਲਾਖਾਂ ਤੋਂ ਇਧਰਲੇ ਪਾਸੇ ਖੜ੍ਹੇ ਥਾਣੇਦਾਰ ਦੇ ਵੱਲ ਬਿਨਾਂ ਦੇਖੇ ਹੀ ਉਹਨੇ ਜਾਣਨਾ ਚਾਹਿਆ।

"ਤੈਨੂੰ ਰਿਹਾਅ ਕਰਨ ਦਾ"

"ਕਿਉਂ, ਕੀ ਮੇਰੀ ਸਜ਼ਾ ਪੂਰੀ ਹੋ ਗਈ ਹੈ?" ਕੈਦੀ ਦੀਆਂ ਹੈਰਾਨੀ ਨਾਲ ਖੁੱਲ੍ਹੀਆਂ ਅੱਖਾਂ ਹੁਣ ਥਾਣੇਦਾਰ ਦੇ ਚਿਹਰੇ ਦਾ ਮੁਆਇਨਾ ਕਰਦੀਆਂ ਹੋਈਆਂ ਉਹਦੇ ਚਿਹਰੇ 'ਤੇ ਰੁਕ ਗਈਆਂ।

"ਨਹੀਂ ਹੁਣ ਦੇਸ਼ ਆਜ਼ਾਦ ਹੋ ਗਿਆ ਹੈ।"

ਅਤੇ ਉਹ ਲਗਭਗ ਚੀਕਦਾ ਹੋਇਆ ਆਪਣੀ ਆਵਾਜ਼ ਵਿਚ ਦੁਹਰਾਉਣ ਲੱਗਿਆ – 'ਦੇਸ਼ ਆਜ਼ਾਦ ਹੋ ਗਿਆ ਆਖਿਰ ਦੇਸ਼ ਆਜ਼ਾਦ ਹੋ ਹੀ ਗਿਆ' ਅਤੇ ਸਲਾਖਾਂ ਦੇ ਅੰਦਰ ਹੀ ਖੜ੍ਹਿਆ ਖੜ੍ਹਿਆ ਜੋਸ਼ ਵਿੱਚ ਚੱਕਰ ਲਾਉਂਦੇ ਹੋਏ ਉਹ ਖ਼ੁਸ਼ੀ ਵਿਚ ਤਾੜੀ ਮਾਰ ਕੇ ਨਾਅਰੇ ਲਗਾਉਂਦਾ ਰਿਹਾ।

ਆਜ਼ਾਦੀ ਤਾਂ ਉਹਨੂੰ ਮਿਲਣੀ ਹੀ ਸੀ, ਦੇਸ਼ ਦੀ ਆਜ਼ਾਦੀ ਦੇ ਨਾਲ। ਇਸ ਲੜਾਈ ਦੇ ਲਈ ਤਾਂ ਉਹ ਲੜੇ ਸਨ, ਇੱਕ ਨਹੀਂ, ਦੋ ਨਹੀਂ, ਹਜ਼ਾਰਾਂ, ਲੱਖਾਂ, ਸੈਂਕੜੇ ਦੇਸ਼ ਪ੍ਰੇਮੀ। ਇਹ ਉਨ੍ਹਾਂ ਦੀਆਂ ਹੀ ਕੁਰਬਾਨੀਆਂ ਦਾ ਨਤੀਜਾ ਸੀ, ਉਨ੍ਹਾਂ ਜਾਂਬਾਂਜ਼ ਸਿਪਾਹੀਆਂ ਦੀਆਂ ਅਣਥੱਕ ਕੋਸ਼ਿਸ਼ਾਂ ਦਾ ਨਤੀਜਾ ਸੀ ਜਿਹੜੀ ਅੱਜ ਇਹ ਖ਼ੁਸ਼ਖ਼ਬਰੀ ਉਸ ਨੂੰ ਮਿਲੀ ਹੈ ਅਤੇ ਤੋਹਫ਼ੇ ਦੇ ਰੂਪ ਵਿਚ ਮਿਲੀ ਹੈ ਉਹਨੂੰ ਆਪਣੀ ਆਜ਼ਾਦੀ।

"ਤੂੰ ਆਪਣੀਆਂ ਚੀਜ਼ਾਂ ਦੀ ਸ਼ਨਾਖ਼ਤ ਲਈ ਦੋ ਘੰਟਿਆਂ ਮਗਰੋਂ ਦਫ਼ਤਰ ਵਿੱਚ ਹਾਜ਼ਰ ਹੋਣਾ ਹੈ ਅਤੇ ਫੇਰ ਤੂੰ ਏਥੋਂ ਜਿੱਥੇ ਮਰਜ਼ੀ ਜਾ ਸਕਦਾ ਹੈਂ।"

ਉਹ ਆਪਣੇ ਅਤੀਤ ਦੀਆਂ ਸੌੜੀਆਂ ਗਲੀਆਂ ਵਿੱਚੋਂ ਹੁੰਦਾ ਹੋਇਆ, ਮੇਨ ਰੋਡ ਦੇ ਸੱਜੇ ਪਾਸੇ ਵਾਲੀ ਲਾਈਨ ਵਿਚ ਬਣੇ ਘਰਾਂ ਵਿਚੋਂ ਘਰ ਨੰ. 11 ਦੇ ਵੱਲ ਟਿਕਟਿਕੀ ਲਾ ਕੇ ਖੜ੍ਹਾ ਹੋ ਗਿਆ। ਘਰ ਵੱਡਾ ਨਹੀਂ, ਛੋਟਾ ਜਿਹਾ ਹੀ ਸੀ। ਇਕ ਕਮਰਾ, ਛੋਟਾ ਜਿਹਾ ਚੌਂਤਰਾ ਖਾਣਾ ਬਣਾਉਣ ਦੇ ਲਈ, ਗ਼ੁਸਲਖ਼ਾਨਾ ਅਤੇ ਛੋਟਾ ਜਿਹਾ ਖੁੱਲ੍ਹਾ ਵਿਹੜਾ, ਜਿਹਦੇ ਵਿਚ ਇਕ ਮੋਰੀ ਸੀ। ਉਥੇ ਹੀ ਭਾਂਡੇ ਅਤੇ ਕੱਪੜੇ ਧੋਂਦੇ ਸਨ। ਘਰ ਦੇ ਵਾਂਗ ਪਰਿਵਾਰ ਵੀ ਛੋਟਾ ਜਿਹਾ ਹੀ ਸੀ—ਪਤਨੀ ਸਰਸਵਤੀ, ਤਿੰਨ ਸਾਲ ਦਾ ਬੇਟਾ ਰਾਹੁਲ। ਕ੍ਰਾਂਤੀਕਾਰੀ ਮਾਹੌਲ ਵਿਚ ਆਰਾਮ ਦੇ ਨਾਲ-ਨਾਲ ਸਰਸਵਤੀ ਪਤਨੀ-ਧਰਮ ਦੇ ਨਾਲ ਨਾਲ ਹਮਸਫ਼ਰ ਬਣ ਕੇ ਆਪਣਾ ਫ਼ਰਜ਼ ਬਾਖ਼ੂਬੀ ਨਿਭਾਉਂਦੀ ਰਹੀ। ਦੇਸ਼ ਧ੍ਰੋਹੀਆਂ ਨੂੰ ਦੇਸ਼ ਨਿਕਾਲਾ ਅਤੇ ਦੇਸ਼ ਵਾਸੀਆਂ ਨੂੰ ਆਜ਼ਾਦੀ ਮਿਲੇ ਇਹੀ ਤਾਂ ਟੀਚਾ ਸੀ ਕਮਲਕਾਂਤ ਸਹਾਏ ਦੇ ਗੁੱਟ ਦਾ, ਜਿਸ ਵਿਚ ਉਹ ਇੱਕ ਜੁੱਟ ਹੋ ਕੇ ਆਪਣੀਆਂ ਸੇਵਾਵਾਂ ਕੰਮਾਂ ਵਿਚ ਲਗਾਉਂਦੇ ਸਨ। ਉਹਦੀ ਸਾਥਣ ਹੋਣ ਦੇ ਨਾਤੇ ਸਰਸਵਤੀ ਕਦੇ ਚਾਰ-ਪੰਜ ਮੈਂਬਰਾਂ ਦਾ ਖਾਣਾ ਬਣਾਉਂਦੀ, ਉਨ੍ਹਾਂ ਦੇ ਕੱਪੜੇ ਧੋ ਕੇ, ਸੁਕਾ ਕੇ ਉਨ੍ਹਾਂ ਕੋਲ ਪਹੁੰਚਾਉਂਦੀ, ਜਦੋਂ ਵੀ ਉਨ੍ਹਾਂ ਦਾ ਪੜਾਅ ਉਸ ਇਲਾਕੇ ਵਿਚ ਹੁੰਦਾ। ਜ਼ਿੰਦਗੀ ਦਾ ਮਕਸਦ ਸਾਰਿਆਂ ਦਾ ਇਕ ਸੀ—ਦੇਸ਼ ਨੂੰ ਆਜ਼ਾਦ ਕਰਾਉਣਾ।

o

ਅੱਜ ਉਹਨੂੰ ਰਿਹਾਅ ਕੀਤਾ ਜਾਵੇਗਾ। ਆਜ਼ਾਦ ਦੇਸ਼ ਦਾ ਆਜ਼ਾਦ ਨਾਗਰਿਕ ਜਿੱਥੇ ਮਰਜ਼ੀ ਜਾ ਸਕਦਾ ਹੈ। ਪਰ ਉਹ ਕਿੱਥੇ ਜਾ ਸਕਦਾ ਹੈ ? ਨੌਂ ਸਾਲ ਦਾ ਅਰਸਾ ਲੰਬਾ ਹੁੰਦਾ ਹੈ, ਜ਼ਿੰਦਗੀ ਦਾ ਇੱਕ ਹਿੱਸਾ। ਜਦੋਂ ਹੋਰ ਕ੍ਰਾਂਤੀਕਾਰੀਆਂ ਦੇ ਨਾਲ ਉਹਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤਾਂ ਉਦੋਂ ਉਹ ਘਰੇ ਹੀ ਸੀ। ਦਸਤਕ ਦੇ ਕੇ, ਦੋਵਾਂ ਹੱਥਾਂ ਵਿਚ ਹੱਥਕੜੀਆਂ ਲਾ ਕੇ ਜਦੋਂ ਸਿਪਾਹੀ ਉਹਨੂੰ ਲਿਜਾਣ ਲੱਗੇ, ਤਾਂ ਤਿੰਨ ਸਾਲ ਦਾ ਰਾਹੁਲ ਦੋਵੇਂ ਹੱਥ ਅੱਗੇ ਕਰ ਕੇ ਉਹਦੇ ਵੱਲ ਆਪਣੇ ਨਿੱਕੇ ਪੈਰ ਵਧਾਉਣ ਲੱਗਿਆ ਪਰ ਜ਼ੰਜੀਰਾਂ ਕਿੱਥੇ ਢਿੱਲੀਆਂ ਹੁੰਦੀਆਂ ਹਨ, ਕਿੱਥੇ ਫ਼ਾਸਲਿਆਂ ਨੂੰ ਤੈਅ ਕਰ ਪਾਉਂਦੀਆਂ ਹਨ ? ਉਹ ਵੀ ਇਕ ਕੈਦੀ ਦੀਆਂ ? ਉਹ ਨਾ ਆਪਣੇ ਬੱਚੇ ਨੂੰ ਪੁਚਕਾਰ ਸਕਿਆ, ਨਾ ਚੁੰਮ ਸਕਿਆ, ਨਾ ਉਹਨੂੰ ਆਪਣੇ ਕਲਾਵੇ ਵਿਚ ਲੈ ਸਕਿਆ। ਸਰਸਵਤੀ ਦੀਆਂ ਹੰਝੂਆਂ ਨਾਲ ਭਿੱਜੀਆਂ ਅੱਖਾਂ ਵਿਚ ਉਹ ਸਿਰਫ਼ ਉਮੀਦ ਨਾਉਮੀਦ ਦੇ ਵਿਚਾਲੇ ਲਮਕਦੀ ਹੋਈ ਇੱਕ ਤਸਵੀਰ ਬਣ ਗਿਆ, ਆਪਣੇ ਹੀ ਕਹੇ—ਅਣਕਹੇ ਸ਼ਬਦਾਂ ਦਾ ਕੈਦੀ।

ਇੱਕ ਦਿਨ ਪਹਿਲਾਂ ਹੀ ਤਾਂ ਪਤਨੀ ਨੇ ਪੁੱਛਿਆ ਸੀ - "ਜਦੋਂ ਅਸੀਂ



ਆਜ਼ਾਦ ਹੋਵਾਂਗੇ, ਕੀ ਉਦੋਂ ਸਾਨੂੰ ਕੋਈ ਤਕਲੀਫ਼ ਪ੍ਰੇਸ਼ਾਨੀ ਨਹੀਂ ਹੋਵੇਗੀ ? ਕੀ ਸਾਡੇ ਨਵੇਂ ਨੇਤਾ ਸਾਡੇ ਮਾਂ ਬਾਪ ਬਣ ਕੇ ਸਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨਗੇ ? ਸਾਨੂੰ ਕੱਪੜਾ, ਅਨਾਜ ਅਤੇ ਬੱਚਿਆਂ ਨੂੰ ਸਿੱਖਿਆਂ ਦੀ ਸਹੂਲਤ ਦੇ ਸਕਣਗੇ ?"

"ਹਾਂ, ਹਾਂ.... ਉਦੋਂ ਉਹ ਸਭ ਕੁੱਝ ਮਿਲੂਗਾ ਜਿਹਦੀ ਤੂੰ ਕਲਪਨਾ ਵੀ ਨਹੀਂ ਕਰ ਸਕਦੀ। ਸਾਰੇ ਬੇਰੁਜ਼ਗਾਰਾਂ ਨੂੰ ਕੰਮ, ਗ਼ਰੀਬਾਂ ਨੂੰ ਉਨ੍ਹਾਂ ਦੀ ਹਾਲਤ ਮੁਤਾਬਕ ਸਹੂਲਤਾਂ ਅਤੇ ਜ਼ਰੂਰਤਮੰਦਾਂ ਨੂੰ ਲੋੜ ਅਨੁਸਾਰ ਮੁਫ਼ਤ ਦਵਾਈ ਬੂਟੀ, ਮੁਫ਼ਤ ਸਿੱਖਿਆ ਅਤੇ ਮੁਫ਼ਤ ਵਿਚ ਉਨ੍ਹਾਂ ਦੇ ਝਗੜੇ-ਝੇੜਿਆਂ ਨੂੰ ਵੀ ਨਬੇੜਿਆਂ ਜਾਵੇਗਾ। ਆਜ਼ਾਦ ਦੇਸ਼ ਦਾ ਹਰ ਆਜ਼ਾਦ ਵਿਅਕਤੀ ਖ਼ੁਸ਼ਹਾਲ ਹੋਵੇਗਾ।"

"ਮੈਨੂੰ ਵਿਸ਼ਵਾਸ ਨਹੀਂ ਹੋ ਰਿਹਾ ਅਜਿਹਾ ਕੁਝ ਹੋਵੇਗਾ। ਇਕ ਸੁਪਨਾ ਜਿਹਾ ਲਗ ਰਿਹਾ ਹੈ।" ਪਤਨੀ ਦੇ ਕਹੇ ਸ਼ਬਦ ਉਹਨੂੰ ਯਾਦ ਆਏ......।

"ਸੁਪਨਿਆਂ ਨੂੰ ਹਕੀਕਤ ਵਿਚ ਬਦਲਣ ਦੇ ਯਤਨਾਂ ਵਿਚ ਹੀ ਤਾਂ ਅਸੀਂ ਅੱਗੇ ਵਧ ਰਹੇ ਹਾਂ। ਹੁਣ ਪੈਰ ਪਿੱਛੇ ਨਹੀਂ ਹਟਦੇ ਜਦੋਂ ਤਕ ਮੰਜ਼ਿਲ ਨਹੀਂ ਮਿਲਦੀ।" ਕਮਲਕਾਂਤ ਨੇ ਜੋਸ਼ ਭਰੇ ਸ਼ਬਦਾਂ ਵਿਚ ਕਿਹਾ ਸੀ।

ਅਤੇ ਉਸ ਸਮੇਂ ਦਸਤਕ ਹੋਈ, ਹਥੇਲੀਆਂ ਹੱਥਕੜੀਆਂ ਵਿਚ ਜਕੜੀਆਂ ਗਈਆਂ ਅਤੇ ਜਿਵੇਂ ਕੋਈ ਬੇਰਹਿਮ ਸ਼ਿਕਾਰੀ ਆਪਣੇ ਸ਼ਿਕਾਰ ਨੂੰ ਲੈ ਜਾਂਦਾ ਹੈ। ਕੁਝ ਅਜਿਹੀ ਹੀ ਹਾਲਤ ਵਿਚ ਕਮਲਕਾਂਤ ਨੂੰ ਵੀ ਲਿਜਾਇਆ ਗਿਆ।

ਸਰਸਵਤੀ ਸੁਪਨੇ ਅਤੇ ਹਕੀਕਤ ਦੇ ਫ਼ਾਸਲੇ ਦਾ ਗਣਿਤ ਜੋੜ ਰਹੀ ਸੀ। ਉਮੀਦਾਂ ਦੀਆਂ ਨਾਜ਼ੁਕ ਟਹਿਣੀਆਂ ਤੂਫ਼ਾਨੀ ਹਵਾਵਾਂ ਵਿਚ ਨੁਕਸਾਨੀਆਂ ਗਈਆਂ ਦਿਖਾਈ ਦਿੱਤੀਆਂ। ਕੁਝ ਕਹਿਣ, ਕਰਨ ਦਾ ਦੂਜਾ ਰਸਤਾ ਨਾ ਸੁੱਝਿਆ ਤਾਂ ਉਹ ਥਾਣੇਦਾਰ ਦੇ ਮੂਹਰੇ ਹੱਥ ਜੋੜ ਕੇ ਗਿੜਗਿੜਾਉਂਦੀ ਹੋਈ ਕਹਿਣ ਲੱਗੀ, "ਮੈਨੂੰ ਵੀ ਇਨ੍ਹਾਂ ਦੇ ਨਾਲ ਹੀ ਕੈਦੀ ਬਣਾ ਕੇ ਲੈ ਚੱਲੋ, ਮੈਂ ਵੀ ਉਥੇ ਹੀ ਆਪਣੀ ਜ਼ਿੰਦਗੀ ਕੱਟ ਲਵਾਂਗੀ। ਇਥੇ ਇਕੱਲੀ ਰਹੀ ਤਾਂ ਜੀਅ ਨਹੀਂ ਸਕਾਂਗੀ।"

"ਤੂੰ ਇਹਦੇ ਬਾਰੇ ਕਿਉਂ ਸੋਚਦੀ ਐਂ। ਤੈਨੂੰ ਇਕੱਲੀ ਨੂੰ ਕਿਵੇਂ ਕੋਈ ਰਹਿਣ ਦੇਊਗਾ ? ਨੇੜੇ-ਤੇੜੇ ਹੀ ਸਾਡਾ ਥਾਣਾ ਹੈ। ਏਨੇ ਸਾਰੇ ਸਿਪਾਹੀ-ਥਾਣੇਦਾਰ ਹਨ, ਕੋਈ ਨਾ ਕੋਈ ਤਾਂ ਤੇਰੀ ਮਦਦ ਲਈ ਆਊਗਾ ਹੀ, ਇਸ ਗੱਲ ਦਾ ਵਾਅਦਾ ਰਿਹਾ। ਇਹ ਦੇਸ਼ ਧ੍ਰੋਹੀ ਹੈ, ਏਹਨੂੰ ਤਾਂ ਸੀਖਾਂ ਦੇ ਪਿੱਛੇ ਰਹਿਣਾ ਪਵੇਗਾ....ਤੂੰ.... ਤੂੰ...."

"ਥੂਅ...ਥੂਅ...ਥੂਅ ਕਰਦੀ ਹਾਂ ਤੇਰੇ ਮੂੰਹ 'ਤੇ, ਲਾਹਣਤ ਹੈ ਤੇਰੀ ਸੋਚ 'ਤੇ ਜਿਹੜਾ ਦੇਸ਼ ਦਾ ਰਖਵਾਲਾ ਹੋ ਕੇ ਲੁਟੇਰਿਆਂ ਵਰਗੀਆਂ ਗੱਲਾਂ ਕਰਦਾ ਹੈ। ਮੇਰਾ ਪਤੀਵਰਤਾ ਧਰਮ ਹੀ ਮੇਰੀ ਤਾਕਤ ਹੈ, ਮੇਰਾ ਪਤੀ ਮੇਰਾ ਮਾਲਕ... ਅਤੇ ਤੂੰ ਸਰਕਾਰ ਦਾ ਪਾਲਤੂ ਕੁੱਤਾ....।"

ਸਰਸਵਤੀ ਦੀਆਂ ਅੱਖਾਂ ਵਿਚੋਂ ਲਗਾਤਾਰ ਹੰਝੂ ਵਹਿ ਰਹੇ ਸਨ। ਉਹ ਜਾਂਦੇ ਹੋਏ ਕਮਲਕਾਂਤ ਨੂੰ ਉਦੋਂ ਤੱਕ ਤੱਕਦੀ ਰਹੀ ਜਦੋਂ ਤਕ ਉਹ ਉਹਦੀਆਂ ਅੱਖਾਂ ਤੋਂ ਓਹਲੇ ਨਾ ਹੋਇਆ। ਉਹਦੀਆਂ ਅੱਖਾਂ ਵਿਚ ਜਿਵੇਂ ਖ਼ੂਨ ਉਤਰ ਆਇਆ ਸੀ। ਜਿਹੜਾ ਸੁਪਨਾ ਅੱਖਾਂ ਨੇ ਬੁਣਿਆ ਸੀ ਉਹ ਟੁੱਟ ਗਿਆ, ਸਾਰੀਆਂ ਕਲਪਨਾਵਾਂ ਹਕੀਕਤਾਂ ਨਾਲ ਟਕਰਾ ਕੇ ਟੁੱਟ ਗਈਆਂ...ਇਹ ਕਿਹੋ ਜਿਹਾ ਦੇਸ਼ ਹੈ ਜਿਥੇ ਭਾਰਤ ਦੇ ਮੱਕਾਰ ਲੋਕ ਅੰਗ੍ਰੇਜ਼ਾਂ ਦੇ ਤਲਵੇ ਚੱਟਦੇ ਫਿਰਦੇ ਹਨ, ਆਪਣੀ ਮਿੱਟੀ ਨੂੰ ਨਫ਼ਰਤ ਕਰਦੇ ਹਨ, ਆਪਣੀ ਧਰਤੀ ਨੂੰ ਨਫ਼ਰਤ ਕਰਦੇ ਹਨ, ਧਰਤੀ ਦੀ ਮਰਿਆਦਾ ਦੇ ਵੈਰੀ ਬਣਕੇ ਉਹਦੇ ਸੀਨ੍ਹੇ ਨੂੰ ਦਾਗ਼ਦਾਰ ਕਰਨ ਨੂੰ ਤਿਆਰ ਰਹਿੰਦੇ ਹਨ?

ਅਜਿਹੇ ਕਈ ਸਵਾਲ ਉਸਦੇ ਮਨ ਵਿਚ ਘੁੰਮਦੇ ਰਹੇ। ਉਹ ਚੁੱਪ ਨੂੰ ਤੋੜਨ ਦੀ ਕੋਸ਼ਿਸ਼ ਵਿਚ ਬੁੜਬੁੜਾਉਂਦੀ ਰਹੀ ਜਿਵੇਂ ਕਿਸੇ ਸਦਮੇ ਦੇ ਤਹਿਤ ਇਜ਼ਹਾਰ ਹੋ ਰਿਹਾ ਹੋਵੇ....। ਆਜ਼ਾਦ ਹਿੰਦੋਸਤਾਨ... ਨਾ ਕੋਈ ਅਮੀਰ, ਨਾ ਗ਼ਰੀਬ। ਹਰ ਇਕ ਦੀ ਜ਼ਰੂਰਤ ਪੂਰੀ ਹੋਵੇਗੀ, ਮੁਫ਼ਤ ਦਵਾਈ-ਬੂਟੀ, ਮੁਫ਼ਤ ਸਿੱਖਿਆ ਅਤੇ ਮੁਫ਼ਤ ਵਿਚ ਇਨਸਾਫ਼....।

ਬਸ ਸਮੇਂ ਨੇ ਪਾਸਾ ਬਦਲਿਆ, ਜਿਹੜਾ ਕੁਝ ਉਸਦੇ ਕੋਲ ਸੀ, ਸਭ ਕੁਝ ਲੁੱਟ ਗਿਆ। ਉਹਨੂੰ ਲੱਗਿਆ ਜਿਵੇਂ ਉਹ ਇਕ ਨਹੀਂ ਅਨੇਕ ਜ਼ੰਜੀਰਾਂ ਵਿਚ ਜਕੜੀ ਗਈ ਸੀ, ਗ਼ਰੀਬੀ ਦੀ ਜ਼ੰਜੀਰ, ਭੁੱਖ ਦੀ ਜ਼ੰਜੀਰ, ਹਵਸ ਦੀ ਜ਼ੰਜੀਰ, ਸਾਹਾਂ ਦੀ ਜ਼ੰਜੀਰ...! ਜ਼ੰਜੀਰਾਂ ਦੇ ਦਮਘੋਟੂ ਮਾਹੌਲ ਵਿਚ ਉਹ ਜਿਊਣ ਲਈ ਮਜਬੂਰ ਹੋਈ ਸੀ।

ਆਪਣੇ ਦੋਵੇਂ ਖਾਲੀ ਹੱਥਾਂ ਦੀਆਂ ਮੁੱਠੀਆਂ ਨੂੰ ਭੀਚ ਕੇ ਉਹਨੇ ਦੇਖਿਆ, ਦੋਵੇਂ ਹੱਥਾਂ ਵਿਚ ਸੁਹਾਗਣ ਦੀਆਂ ਚੂੜੀਆਂ ਦੀ ਬਜਾਇ ਲੋਹੇ ਤੋਂ ਵੀ ਮਜ਼ਬੂਤ ਅਣਦੇਖੀਆਂ ਜ਼ੰਜੀਰਾਂ ਸਨ। ਉਹਨੇ ਆਪਣੇ ਥੱਲ੍ਹੇ ਦੇ ਬੁੱਲ੍ਹ ਨੂੰ ਦੰਦਾਂ ਦੇ ਵਿਚਾਲੇ ਏਨੀ ਜ਼ੋਰ ਨਾਲ ਦਬਾਇਆ ਕਿ ਬੁੱਲ੍ਹਾਂ 'ਚ ਰੰਗਤ ਆ ਗਈ।

ਅਤੇ ਸਮਾਂ, ਕਾਲ ਚੱਕਰ ਦੇ ਦਾਇਰੇ ਵਿਚ ਘੁੰਮਦਾ ਰਿਹਾ.... ਦੋ ਸਾਲ ਵੀ ਨਹੀਂ ਲੰਘੇ ਕਿ ਉਹ ਸਰਸਵਤੀ ਨਾ ਰਹਿ ਕੇ, ਇਕ ਬਦਨਾਮ, ਬਦਚਲਣ, ਪਾਗਲ ਅਵਾਰਾ ਔਰਤ ਦੇ ਨਾਂ ਨਾਲ ਜਾਣੀ ਜਾਣ ਲੱਗੀ। ਬੱਚਾ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ। ਪਾਗਲ ਔਰਤ ਪਾਲਣ ਪੋਸ਼ਣ ਦੇ ਕਾਬਿਲ ਨਹੀਂ



ਹੁੰਦੀ, ਇਹੀ ਸਬੱਬ ਬਣ ਗਿਆ।

o

ਕਮਲਕਾਂਤ ਨੂੰ ਆਪਣਾ ਨਾਂ ਤਕ ਯਾਦ ਨਾ ਰਿਹਾ, ਬਸ ਕੈਦੀ ਨੰਬਰ 9 ਉਹਦੀ ਪਛਾਣ ਬਣ ਗਿਆ। ਜੇਲ੍ਹ ਦੀ ਕੋਠੜੀ ਨੰ. 9 ਉਹਦਾ ਰੈਣ ਬਸੇਰਾ ਬਣ ਗਈ। ਉਥੇ ਉਹਨੂੰ ਸਕੂਨ ਮਿਲਦਾ ਅਤੇ ਉਸੇ ਗੁੰਮਨਾਮ ਮਾਹੌਲ ਵਿਚ ਉਹ ਪਿਆ ਸੋਚਦਾ ਰਹਿੰਦਾ ਸੀ ਕਿ ਸਰਸਵਤੀ 'ਤੇ ਕੀ ਬੀਤੀ ਹੋਵੇਗੀ? ਕਿਵੇਂ ਇਕੱਲੀ ਉਨ੍ਹਾਂ ਭੁੱਖੇ ਸ਼ਿਕਾਰੀਆਂ ਅਤੇ ਦਲਾਲਾਂ ਦੀ ਦੁਨੀਆਂ ਤੋਂ ਜਿੱਤੀ ਹੋਵੇਗੀ? ਹੋਵੇਗੀ ਵੀ ਜਾਂ ਨਹੀਂ? ਨਾ ਉਹਨੂੰ ਬਾਹਰ ਦੀ ਦੁਨੀਆਂ ਦੀ ਕੋਈ ਖ਼ਬਰ ਦਿੰਦਾ, ਨਾ ਉਹ ਆਪਣੇ ਵੱਲੋਂ ਕੋਈ ਖ਼ਬਰ ਘਰ ਭੇਜ ਸਕਦਾ। ਹਰ ਹਾਲ ਤੋਂ ਬੇਖ਼ਬਰ ਉਹ ਜੀਅ ਰਿਹਾ ਸੀ।

ਅਤੇ ਅੱਜ ਨੌਂ ਸਾਲ ਮਗਰੋਂ ਉਹਨੂੰ ਆਜ਼ਾਦੀ ਬਖ਼ਸ਼ੀ ਗਈ ਹੈ, ਹੱਥ ਪੈਰ ਖੋਲ੍ਹ ਦਿੱਤੇ ਹਨ, ਕੋਈ ਜ਼ੰਜੀਰ ਜਕੜਨ ਦੇ ਲਈ ਹੁਣ ਨਹੀਂ ਰਹੀ। ਸੋਚ ਦੀਆਂ ਅਣਗਿਣਤ ਜ਼ੰਜੀਰਾਂ ਉਹਨੂੰ ਯਾਦਾਂ ਦੇ ਖੰਡਰਾਂ ਵੱਲ ਧੱਕ ਕੇ ਲੈ ਜਾ ਰਹੀਆਂ ਸਨ....ਉਹਦੇ ਘਰ ਦੇ ਵੱਲ, ਆਪਣੇ ਪਰਿਵਾਰ ਦੇ ਵੱਲ.....।

ਘਰ ਤਾਂ ਘਰਵਾਲਿਆਂ ਨਾਲ ਹੁੰਦਾ ਹੈ, ਹੁਣ ਤਾਂ ਰਾਹੁਲ ਬਾਰ੍ਹਾਂ ਸਾਲਾਂ ਦਾ ਹੋ ਗਿਆ ਹੋਣਾ ਅਤੇ ਸਰਸਵਤੀ....? ਸਰਸਵਤੀ ਦੀ ਯਾਦ ਆਉਂਦੇ ਹੀ ਉਹਦੇ ਸਾਹ ਮਹਿਕਣ ਲਗਦੇ। ਉਹ ਅੱਖਾਂ ਬੰਦ ਕਰ ਕੇ ਜਿਵੇਂ ਉਹਦੀ ਮਹਿਕ ਨੂੰ ਆਪਣੇ ਅੰਦਰ ਭਰ ਲੈਂਦਾ। ਭੱਜਦੇ ਹੋਏ ਬੱਚੇ ਦੇ ਨਿੱਕੇ ਪੈਰਾਂ ਦੀ ਪੈੜ ਚਾਲ ਉਹਦੇ ਜ਼ਿਹਨ ਵਿਚ ਬਚੀਆਂ ਹੋਈਆਂ ਯਾਦਾਂ ਦੇ ਪਰਛਾਵਿਆਂ ਨੂੰ ਹੋਰ ਜ਼ਿਆਦਾ ਗੂੜ੍ਹਾ ਬਣਾਉਣ ਲੱਗੀ। ਅਤੀਤ ਉਹਦੇ ਅੱਜ ਨਾਲ ਜੁੜਨ ਲੱਗਿਆ।

"ਮੈਨੂੰ ਵਿਸ਼ਵਾਸ ਨਹੀਂ ਹੋ ਰਿਹਾ ਅਜਿਹਾ ਕੁਝ ਹੋਵੇਗਾ। ਇਕ ਸੁਪਨਾ ਜਿਹਾ ਲਗ ਰਿਹਾ ਹੈ।" ਪਤਨੀ ਦੇ ਕਹੇ ਸ਼ਬਦ ਉਹਨੂੰ ਯਾਦ ਆਏ ....।

"ਹਾਂ, ਹਾਂ....ਉਦੋਂ ਉਹ ਸਭ ਕੁੱਝ ਮਿਲੂਗਾ ਜਿਹਦੀ ਤੂੰ ਕਲਪਨਾ ਵੀ ਨਹੀਂ ਕਰ ਸਕਦੀ। ਸਾਰੇ ਬੇਰੁਜ਼ਗਾਰਾਂ ਨੂੰ ਕੰਮ, ਗ਼ਰੀਬਾਂ ਨੂੰ ਉਨ੍ਹਾਂ ਦੀ ਹਾਲਤ ਮੁਤਾਬਕ ਸਹੂਲਤਾਂ ਅਤੇ ਜ਼ਰੂਰਤਮੰਦਾਂ ਨੂੰ ਲੋੜ ਅਨੁਸਾਰ ਮੁਫ਼ਤ ਦਵਾਈ ਬੂਟੀ, ਮੁਫ਼ਤ ਸਿੱਖਿਆ ਅਤੇ ਮੁਫ਼ਤ ਵਿਚ ਉਨ੍ਹਾਂ ਦੇ ਝਗੜੇ-ਝੇੜਿਆਂ ਨੂੰ ਵੀ ਨਬੇੜਿਆ ਜਾਵੇਗਾ। ਆਜ਼ਾਦ ਦੇਸ਼ ਦਾ ਹਰ ਆਜ਼ਾਦ ਵਿਅਕਤੀ ਖ਼ੁਸ਼ਹਾਲ ਹੋਵੇਗਾ।" ਇਹੀ ਤਾਂ ਉਹਨੇ ਵੀ ਉਹਨੂੰ ਦਿਲਾਸਾ ਦਿੰਦੇ ਹੋਏ ਕਿਹਾ ਸੀ।

ਇਸੇ ਖ਼ਿਆਲ ਵਿਚ ਗੜੁੱਚ, ਜੇਲ੍ਹ ਦੀ ਚਾਰਦੀਵਾਰੀ ਤੋਂ ਬਾਹਰ ਆਉਂਦੇ ਹੀ ਜਿਹੜਾ ਰਸਤਾ ਸਾਹਮਣੇ ਦਿਸਿਆ ਉਹ ਉਸੇ 'ਤੇ ਕਦਮ ਵਧਾਉਂਦਾ ਰਿਹਾ। ਸਭ ਕੁਝ ਬਿਗਾਨਾ ਜਿਹਾ, ਅਣਜਾਣਿਆ ਜਿਹਾ ਲੱਗਿਆ। ਨਾ

ਦਿਸ਼ਾ ਦਾ ਧਿਆਨ ਰਿਹਾ, ਨਾ ਆਪਣੀ ਦਸ਼ਾ ਦਾ। ਬਸ ਤੇਜ਼ ਧੁੱਪ ਦੇ ਪਰਛਾਵੇਂ ਵਿਚ ਉਹ ਬੇਮਕਸਦ ਹੀ ਘੁੰਮਦਾ ਰਿਹਾ। ਅਚਾਨਕ ਠੋਕਰ ਖਾ ਕੇ ਡਿੱਗਣ ਲੱਗਿਆ ਸੀ ਕਿ ਇਕ ਤੁਰੇ ਜਾਂਦੇ ਰਾਹੀ ਨੇ ਉਹਨੂੰ ਫੜਿਆ ਅਤੇ ਸਹਾਰਾ ਦੇ ਕੇ ਨੇੜੇ ਹੀ ਦਰੱਖ਼ਤ ਦੀ ਛਾਂ ਥੱਲ੍ਹੇ ਬਿਠਾਇਆ।

"ਬਈ ਲਗਦਾ ਹੈ ਕਿ ਲੰਬਾ ਸਫ਼ਰ ਕਰਕੇ ਆਇਆ ਹੈਂ, ਥੱਕਿਆ ਹੋਇਆ ਵੀ ਹੈਂ, ਪਾਣੀ ਪੀ ਕੇ ਥੋੜ੍ਹਾ ਅਰਾਮ ਕਰ ਲੈ, ਫੇਰ ਹੀ ਅੱਗੇ ਜਾਵੀਂ।" ਅਤੇ ਉਹ ਆਪਣੇ ਰਾਹ 'ਤੇ ਤੁਰ ਪਿਆ। ਦਰੱਖ਼ਤ ਦੀ ਛਾਂ ਥੱਲ੍ਹੇ ਕਦੋਂ ਕਮਲਕਾਂਤ ਦੀ ਅੱਖ ਲਗ ਗਈ ਪਤਾ ਨਹੀਂ, ਪਰ ਅਚਾਨਕ ਇਕ ਚੀਕਦੀ ਹੋਈ ਆਵਾਜ਼ ਨੇ ਉਹਨੂੰ ਜਗਾ ਦਿੱਤਾ।

"ਲੜਾਈ ਹੋ ਰਹੀ ਹੈ, ਆਜ਼ਾਦੀ ਦੇ ਲਈ ਲੜਾਈ ਲੜੀ ਜਾ ਰਹੀ ਹੈ। ਬਾਰੂਦੀ ਬੰਬ ਬਰਸ ਰਹੇ ਹਨ, ਘਰ ਮੱਚ ਕੇ ਸੁਆਹ ਹੋ ਰਹੇ ਨੇ, ਫ਼ਸਲਾਂ ਤਬਾਹ ਹੋ ਰਹੀਆਂ ਹਨ। ਲੋਕਾਂ ਵਿਚ ਹਾਹਾਕਾਰ ਮੱਚੀ ਹੋਈ ਹੈ, ਲਾਸ਼ਾਂ ਵਿਛ ਰਹੀਆਂ ਹਨ, ਭੁੱਖ ਪਿਆਸ ਨਾਲ ਆਦਮੀ ਮਰ ਰਹੇ ਹਨ। ਉਠੋ... ਜਾਗੋ.... ਕੋਈ ਤਾਂ ਉਨ੍ਹਾਂ ਨੂੰ ਬਚਾਓ.... ਉਨ੍ਹਾਂ ਨੂੰ ਜੀਣ ਦਾ ਹੱਕ ਦਿਵਾਓ... ਉੱਠੋ... ਜਾਗੋ....।"

ਅਤੇ ਉਹ ਉੱਭੜਵਾਹੇ ਉੱਠ ਗਿਆ। ਕਮਲਕਾਂਤ ਦੀਆਂ ਅੱਖਾਂ ਤੋਂ ਨੀਂਦ ਗ਼ਾਇਬ ਹੋ ਗਈ। ਇਕ ਮੁਸਾਫ਼ਿਰ ਦਾ ਹੱਥ ਫੜ ਕੇ ਉਹਨੇ ਸਲੀਕੇ ਨਾਲ ਪੁੱਛਿਆ - "ਭਾਈ, ਇਹ ਔਰਤ ਕੌਣ ਹੈ ?"

"ਬਈ ਕੀ ਦੱਸੀਏ, ਇਕ ਪਾਗਲ ਔਰਤ ਹੈ। ਕਹਿੰਦੇ ਹਨ ਇਹਦੇ ਆਦਮੀ ਨੂੰ ਕ੍ਰਾਂਤੀਕਾਰੀ ਸਮਝ ਕੇ ਪੁਲਿਸ ਵਾਲੇ ਬੇੜੀਆਂ 'ਚ ਜਕੜ ਕੇ ਲੈ ਗਏ। ਬਸ ਉਦੋਂ ਤੋਂ ਪਾਗਲਪਣ ਦੇ ਦੌਰਿਆਂ ਨੇ ਏਹਨੂੰ ਇਸ ਹਾਲ ਤਕ ਪਹੁੰਚਾਇਆ ਹੈ, ਹੁਣ ਇਹ ਨਾ ਕੁਝ ਸਮਝਦੀ ਹੈ, ਨਾ ਜਾਣਦੀ ਹੈ। ਨਾ ਕਿਸੇ ਨੂੰ ਪਛਾਣਦੀ ਹੈ। ਜੇਕਰ ਕੋਈ ਭੁੱਲ ਭੁਲੇਖੇ ਇਹਦੀ ਮਦਦ ਨੂੰ ਬਹੁੜਦਾ ਵੀ ਹੈ ਤਾਂ ਉਹਨੂੰ ਵੱਢਣ ਨੂੰ ਪੈਂਦੀ ਹੈ, ਉਹਨੂੰ ਆਪਣੇ ਲੰਬੇ ਨਹੁੰਆਂ ਨਾਲ ਲਹੂ-ਲੁਹਾਣ ਕਰ ਦਿੰਦੀ ਹੈ।"

ਉਹ ਔਰਤ ਆਪਣੇ ਨਾਅਰੇ ਖ਼ਤਮ ਕਰਕੇ ਸ਼ਾਇਦ ਥਕਾਵਟ ਦੂਰ ਕਰਨ ਲਈ ਹੀ ਉਸ ਦਰੱਖ਼ਤ ਦੇ ਥੱਲ੍ਹੇ ਰੁਕ ਗਈ। ਫੇਰ ਪਤਾ ਨੀ ਕਮਲਕਾਂਤ ਨੂੰ ਕੀ ਸੁੱਝਿਆ, ਉਹ ਖੜ੍ਹਾ ਹੋ ਕੇ ਉਹਦੇ ਕੋਲ ਗਿਆ ਅਤੇ ਪਿਆਰ ਨਾਲ ਕਿਹਾ, "ਹੁਣ ਜੰਗ ਖਤਮ ਹੋ ਗਈ ਹੈ।" ਕਹਿੰਦਿਆਂ ਹੀ ਉਹਦੀਆਂ ਅੱਖਾਂ ਤੋਂ ਹੰਝੂਆਂ ਦੀ ਧਾਰ ਵਗਣ ਲੱਗੀ ਅਤੇ ਅੱਖਾਂ ਦੇ ਕੋਨੇ ਸੁੰਗੜਨ ਲੱਗੇ।

ਔਰਤ ਨੇ ਸਿਰ ਉੱਪਰ ਚੁੱਕਿਆ ਅਤੇ ਇਕ ਲੰਬਾ ਚਿੰਤਾ ਮੁਕਤ ਸਾਹ ਲਿਆ। ਸ਼ਾਇਦ ਰਾਹਤ ਮਹਿਸੂਸ ਕੀਤੀ—ਜਿਵੇਂ ਸਚਮੁਚ ਹੀ ਜੰਗ ਖ਼ਤਮ ਹੋ



ਗਈ ਸੀ.....।

"ਹੁਣ ਜ਼ੰਜੀਰਾਂ ਤੋਂ ਮੁਕਤੀ ਮਿਲੂਗੀ, ਗ਼ਰੀਬੀ ਦੀ ਜ਼ੰਜੀਰ, ਭੁੱਖ ਦੀ ਜ਼ੰਜੀਰ, ਹਵਸ ਦੀ ਜ਼ੰਜੀਰ, ਸਾਹਾਂ ਦੀ ਜ਼ੰਜੀਰ, ਮਤਲਬ ਹਰੇਕ ਦਮਘੋਟੂ ਜ਼ੰਜੀਰ ਤੋਂ ਰਿਹਾਈ...." ਉਹ ਬੁੜਬੁੜਾਈ।

ਉਹਨੇ ਕਮਲਕਾਂਤ ਦੇ ਵੱਲ ਦੇਖਦੇ ਹੋਏ ਕਿਹਾ—"ਕੀ ਆਜ਼ਾਦ ਦੇਸ਼ ਵਿਚ ਵੀ ਇਹ ਜ਼ੰਜੀਰਾਂ ਬਾਕੀ ਰਹਿਣਗੀਆਂ ?" ਜਿਵੇਂ ਉਹਨੂੰ ਕੁਝ ਯਾਦ ਆ ਗਿਆ। ਉਹਦੇ ਦੋਵਾਂ ਹੱਥਾਂ ਦੀਆਂ ਚੂੜੀਆਂ ਤੋੜ ਦਿੱਤੀਆਂ ਗਈਆਂ ਸਨ, ਉਹਦਾ ਸਿੰਧੂਰ ਪੂੰਝ ਦਿੱਤਾ ਗਿਆ ਸੀ....ਉਹਨੂੰ ਵਿਧਵਾ ਕਰਾਰ ਦਿੱਤਾ ਗਿਆ...ਅਤੇ ਉਹਦੇ ਮਗਰੋਂ ਇਹੀ ਜ਼ੰਜੀਰਾਂ ਉਹਦਾ ਸੰਘ ਘੁੱਟਦੀਆਂ ਰਹੀਆਂ....ਗ਼ਰੀਬੀ, ਭੁੱਖ, ਸਾਹਾਂ ਦੀਆਂ ਜ਼ੰਜੀਰਾਂ...! ਅਤੇ ਉਹ ਬਦਨਾਮ, ਬਦਚਲਨ, ਅਵਾਰਾ ਔਰਤ ਬਣ ਗਈ। ਉਹਨੇ ਆਪਣੇ ਦੋਵੇਂ ਸੁੰਨੇ ਹੱਥਾਂ ਨੂੰ ਮੁੱਠੀਆਂ ਬੰਦ ਕਰ ਕੇ ਕਮਲਕਾਂਤ ਦੇ ਮੂਹਰੇ ਫੈਲਾਇਆ....।

ਕਮਲਕਾਂਤ ਨੇ ਪਤਾ ਨੀ ਕੀ ਸੋਚ ਕੇ, ਉਸ ਔਰਤ ਦੇ ਸਿਰ 'ਤੇ ਆਪਣੇ ਦੋਵੇਂ ਹੱਥ ਰੱਖ ਦਿੱਤੇ, ਆਪਣੇ ਹੰਝੂਆਂ ਦੀ ਧਾਰ ਨਾਲ ਉਹਦੀ ਮਾਂਗ ਦੇ ਹਰ ਇਕ ਦਾਗ਼ ਨੂੰ ਧੋ ਦਿੱਤਾ। ਹੌਲ਼ੀ ਜਿਹੇ ਸਹਾਰਾ ਦੇ ਕੇ ਉਹਨੂੰ ਉਠਾਇਆ, ਬਾਹਾਂ ਦਾ ਸਹਾਰਾ ਦਿੰਦੇ ਹੋਏ ਉਹਨੂੰ ਆਪਣੇ ਨਾਲ ਖੜ੍ਹਾ ਕੀਤਾ - ਫੇਰ ਉਹਦੀਆਂ ਅੱਖਾਂ ਵਿਚ ਐਵੇਂ ਦੇਖਿਆ ਜਿਵੇਂ ਉਹਦੀਆਂ ਅੱਖਾਂ ਜ਼ਰੀਏ ਗਲੇ ਮਿਲ ਰਿਹਾ ਹੋਵੇ। ਦੇਸ਼ ਦੀ ਆਜ਼ਾਦੀ ਦੀ ਖ਼ੁਸ਼ੀ ਵਿਚ ਇਕ ਗਲਵੱਕੜੀ।

ਫੇਰ ਪਤਾ ਨੀ ਕੀ ਹੋਇਆ, ਜਿਵੇਂ ਮੌਸਮ ਬਦਲਿਆ। ਪਾਗਲ ਔਰਤ ਆਪਣੇ ਹੀ ਆਲੇ ਦੁਆਲੇ ਘੁੰਮਦੇ ਹੋਏ ਖ਼ੁਸ਼ੀ ਵਿਚ ਤਾੜੀਆਂ ਮਾਰਨ ਲੱਗੀ ਜਿਵੇਂ ਹਵਾਵਾਂ ਝੂਮ ਉੱਠੀਆਂ ਹੋਣ। ਫੁੱਲ ਖਿੜਨ ਲੱਗੇ ਹੋਣ, ਤਿਤਲੀਆਂ ਉਡਾਣ ਭਰਨ ਲੱਗੀਆਂ ਹੋਣ ਅਤੇ ਉਹ ਫ਼ਿਜ਼ਾਵਾਂ ਦੇ ਨਾਲ ਸੁਰਤਾਲ ਮਿਲਾਉਂਦੇ ਹੋਏ ਬੋਲ ਪਈ—"ਹੁਣ ਜੰਗ ਖ਼ਤਮ ਹੋ ਗਈ ਹੈ, ਦੇਸ਼ ਆਜ਼ਾਦ ਹੋ ਗਿਆ ਹੈ। ਹੁਣ ਕੋਈ ਜ਼ੰਜੀਰ ਬਾਕੀ ਨਹੀਂ। ਆਜ਼ਾਦ ਦੇਸ਼ ਵਿਚ ਸਾਰੇ ਬੇਰੁਜ਼ਗਾਰਾਂ ਨੂੰ ਕੰਮ, ਗ਼ਰੀਬਾਂ ਨੂੰ ਸਹੂਲਤਾਂ, ਮੁਫ਼ਤ ਦਵਾਈ ਬੂਟੀ, ਮੁਫ਼ਤ ਸਿੱਖਿਆ ਅਤੇ ਮੁਫ਼ਤ ਇਨਸਾਫ਼ ਮਿਲੇਗਾ। ਆਜ਼ਾਦ ਦੇਸ਼ ਦਾ ਹਰ ਆਜ਼ਾਦ ਆਦਮੀ ਖ਼ੁਸ਼ਹਾਲ ਹੋਵੇਗਾ।"

ਮੁਕਤ ਹਵਾਵਾਂ ਵਿਚ ਦੋ ਸਾਥੀ, ਆਜ਼ਾਦੀ ਦੀ ਸਲੀਬ ਨੂੰ ਢੋਅ ਕੇ, ਕਦਮ ਦਰ ਕਦਮ ਅਣਜਾਣੇ ਰਾਹਾਂ ਦੇ ਵੱਲ ਨਿਰੰਤਰ ਵਧਦੇ ਰਹੇ.....ਅੱਗੇ... ਹੋਰ ਅੱਗੇ....।

—o—

# ਰਖੇਲ ਦੀ ਕੁੜੀ

ਉਹ ਏਵੇਂ ਹੀ ਖੜ੍ਹਿਆ ਖੜ੍ਹਿਆ ਪਤਾ ਨੀ ਯਾਦਾਂ ਦੇ ਕਿਹੜੇ ਸਮੁੰਦਰਾਂ ਵਿਚੋਂ ਇਕ ਤੋਂ ਬਾਅਦ ਇਕ ਨਵੀਂ ਜ਼ੰਜੀਰ ਦਾ ਕੈਦੀ ਬਣਦਾ ਜਾ ਰਿਹਾ ਸੀ, ਜ਼ੰਜੀਰਾਂ ਦੀ ਘਾਟ ਕਿਤੇ ਹੈ ਤਾਂ ਨਹੀਂ ? ਉਹਨਾਂ ਯਾਦਾਂ ਦੀਆਂ ਅਨੇਕ ਲੜੀਆਂ ਸਨ, ਜਿਹੜੀਆਂ ਉਹਦੇ ਜ਼ਿਹਨ ਦੀਆਂ ਤਹਿਆਂ ਵਿਚ ਦਫ਼ਨ ਸਨ। ਇਕ ਯਾਦ ਆਉਂਦੀ, ਉਸ ਦੇ ਜਾਣ ਤੋਂ ਪਹਿਲਾਂ ਹੀ ਦੂਜੀ ਉਹਦੇ ਨਾਲ ਜੁੜ ਜਾਂਦੀ। ਇਹ ਬੇੜੀਆਂ ਹੀ ਤਾਂ ਹਨ ਜਿਹੜੀਆਂ ਮਰਿਆਦਾ ਦੇ ਬੰਧਨਾਂ ਵਿਚ ਇਕ ਔਰਤ ਨੂੰ ਬੰਨ੍ਹ ਕੇ ਰੱਖਦੀਆਂ ਹਨ, ਮੁਕਤ ਨਹੀਂ ਹੋਣ ਦਿੰਦੀਆਂ....ਉਹ ਸੋਚਦਾ ਰਿਹਾ....।

ਪਿਆਰ, ਪਰਿਵਾਰ ਅਤੇ ਤਿਆਗ ਦੀ ਪਰਿਭਾਸ਼ਾ।

ਕੀ ਔਰਤ ਦਾ ਇਹ ਰੂਪ ਵੀ ਹੋ ਸਕਦਾ ਹੈ ? ਕਹਾਣੀਆਂ, ਕਿੱਸਿਆਂ ਵਿਚ ਪੜ੍ਹਿਆ ਹੈ, ਸੁਣਿਆ ਹੈ—ਪਰ ਜ਼ਿੰਦਗੀ ਦੇ ਰਾਹ 'ਤੇ ਆਪਣੇ ਹੀ ਤਨ ਮਨ ਦੀ ਚਾਰਦੀਵਾਰੀ ਦੀ ਕੈਦ ਵਿਚ ਫਸੀ ਇਕ ਮਾਂ ਦੇ ਤਿਆਗ ਦੀ ਪਰਿਭਾਸ਼ਾ ਮੂੰਹੋਂ ਸੁਣਨ, ਸਮਝਣ ਅਤੇ ਮਹਿਸੂਸ ਕਰਨ ਤਕ ਮਿਲੇਗੀ, ਇਹਦੀ ਕਲਪਨਾ ਨਾਲ ਹੀ ਸਰੀਰ ਵਿਚ ਬਿਜਲੀ ਵਰਗੀ ਕੰਬਣੀ ਛਿੜਨ ਲਗਦੀ, ਦਿਲ ਵਿਚ ਬਿਜਲੀ ਦੀਆਂ ਤਾਰਾਂ ਵਰਗੀ ਝਰਨਾਟ ਫਿਰਨ ਲਗਦੀ, ਕਰੰਟ ਵਰਗੀਆਂ ਤਰੰਗਾਂ ਡੰਗ ਮਾਰਨ ਲਗਦੀਆਂ। ਯਾਦਾਂ ਜ਼ਿਹਨ ਵਿਚ ਇਕ ਦੂਜੇ ਨੂੰ ਧੱਕਦੀਆਂ ਹੋਈਆਂ ਆਪਣੇ ਵਜੂਦ ਨੂੰ ਜ਼ਾਹਿਰ ਕਰਨ ਵਿਚ ਤੇਜ਼ੀ ਨਾਲ ਭੱਜ ਰਹੀਆਂ ਹਨ।

o

ਆਂਧਰਾ ਪ੍ਰਦੇਸ਼ ਵਿਚ ਰਹਿਣ ਵਾਲੇ ਲੋਕ, ਜ਼ਿਆਦਾਤਰ ਔਰਤਾਂ ਆਪਣੇ ਸੱਭਿਆਚਾਰਕ ਚਰਿੱਤਰ ਅਤੇ ਸੱਭਿਅਤਾ ਦੀਆਂ ਮੁਰੀਦ ਹੁੰਦੀਆਂ ਹਨ। ਉਹ ਔਰਤਾਂ ਆਪਣੇ ਰਹਿਣ ਸਹਿਣ, ਸਜ ਧਜ ਕੇ ਰਹਿਣ ਦਾ ਹਮੇਸ਼ਾ ਖਿਆਲ ਰੱਖਦੀਆਂ ਹਨ। ਉਹਨਾਂ ਦੇ ਵੱਡੇ ਕਾਲ਼ੇ ਵਾਲ਼ਾਂ ਦੀ ਗੁੰਦੀ ਹੋਈ ਗੁੱਤ ਵਿਚ ਟੰਗੇ ਸੰਤਰੀ ਅਤੇ ਚਿੱਟੇ ਰੰਗ ਦੇ ਫੁੱਲ ਉਨ੍ਹਾਂ ਦੀ ਸੁੰਦਰਤਾ ਨੂੰ ਚਾਰ ਚੰਨ



ਲਾਉਂਦੇ ਹਨ। ਇਹਨਾਂ ਹੀ ਵਸੀਲਿਆਂ ਨਾਲ ਤਿਆਰ ਹੋ ਕੇ ਉਹ ਆਪਣੇ ਨਿੱਤ ਦਿਹਾੜੀ ਦੇ ਕੰਮਾਂ ਨੂੰ ਅੰਜਾਮ ਦਿੰਦੀਆਂ ਹੋਈਆਂ ਆਪਣੀ ਹੋਂਦ ਦੀ ਪਛਾਣ ਪਾਉਂਦੀਆਂ ਹਨ।

ਸਵੇਰੇ ਸਵੇਰੇ ਉੱਠ ਕੇ, ਸਭ ਤੋਂ ਪਹਿਲਾਂ ਘਰ ਦੀ ਦੇਹਲੀ ਦੇ ਬਾਹਰ ਝਾੜੂ ਮਾਰਨਾ, ਪਾਣੀ ਛਿੜਕਣਾ, ਗੋਹੇ ਨਾਲ ਲਿੱਪਣਾ, ਆਖਿਰ ਵਿਚ ਪੋਚਾ ਲਾ ਕੇ ਸਫੈਦ ਰੰਗ ਦੇ ਪਾਊਡਰ ਨਾਲ ਦੇਹਲੀ ਦੇ ਬਾਹਰ ਸੁੰਦਰ ਰੰਗੋਲੀ ਜਿਹੀ ਬਣਾਉਂਦੀਆਂ, ਜਿਹੜੀ ਘਰ ਦੇ ਅੰਦਰ ਆਉਣ ਵਾਲੇ ਦਾ ਸਵਾਗਤ ਕਰਦੀ। ਫੇਰ ਖੁਦ ਨਹਾ ਧੋ ਕੇ ਸਾਫ਼ ਸੁਥਰੀ ਸੂਤੀ ਸਾੜ੍ਹੀ ਪਾ ਕੇ, ਪੂਜਾ ਘਰ ਵਿਚ ਕੁਲ ਗੁਰੂ ਦੇ ਸਾਹਮਣੇ ਜੋਤ ਲਾ ਕੇ ਆਪਣੇ ਗਲ ਵਿਚ ਪਾਏ ਲਾਲ ਕਾਲ਼ੇ ਮੋਤੀਆਂ ਅਤੇ ਸੁਨਹਿਰੀ ਦਾਣਿਆਂ ਵਾਲੇ ਮੰਗਲਸੂਤਰ ਜਿਹਦੇ ਵਿਚਾਲੇ ਦੋ ਸੋਨੇ ਦੀਆਂ ਕੌਲੀਆਂ ਵਰਗਾ ਸੂਤਰ ਅਤੇ ਉਹਨਾਂ ਦੇ ਵਿਚਾਲੇ ਇਕ ਰੂਬੀ ਸਮਾਨ ਲਾਲ ਪੱਥਰ। ਉਹ ਉਸ ਸੂਤਰ 'ਤੇ ਚੰਦਨ ਅਤੇ ਹਲਦੀ ਦਾ ਟਿੱਕਾ ਲਗਾਉਂਦੀ ਅਤੇ ਭਗਵਾਨ ਦੇ ਨਾਮ ਦਾ ਜਾਪ ਕਰਦੇ ਹੋਏ ਉਹਨੂੰ ਆਪਣੀਆਂ ਅੱਖਾਂ 'ਤੇ ਰੱਖਦੀ। ਸੁਹਾਗਣ ਹੋਣਾ ਵੈਸੇ ਵੀ ਇਕ ਔਰਤ ਦਾ ਮਾਣ ਹੈ ਅਤੇ ਮਾਂ ਬਣਨਾ ਉਹਦੀ ਪੂਰਨਤਾ ਦਾ ਪ੍ਰਤੀਕ! ਗਲ ਵਿਚ ਮੰਗਲਸੂਤਰ ਅਤੇ ਹਲਦੀ ਲੱਗੇ ਪੈਰਾਂ ਦੀਆਂ ਉਂਗਲਾਂ ਵਿਚ ਬਿਛੂਏ (ਛੱਲੇ) ਉਨ੍ਹਾਂ ਦੀ ਪਛਾਣ, ਉਨ੍ਹਾਂ ਦੇ ਸੁਹਾਗਣ ਹੋਣ ਦੀ ਨਿਸ਼ਾਨੀ, ਉਹਨਾਂ ਦੀ ਸਭਿਅਤਾ ਦਾ ਪ੍ਰਤੀਕ ਤੇ ਪ੍ਰਮਾਣ।

ਰਾਜੰਮਾ ਵੀ ਆਪਣੀ ਮੌਜੂਦਗੀ ਦੀ ਮਰਿਆਦਾ ਨੂੰ ਆਪਣੇ ਵਜੂਦ ਦੇ ਨਾਲ ਇਕ ਕਰਕੇ ਪੁਰਸ਼ ਪ੍ਰਧਾਨ ਸਮਾਜ ਵਿਚ ਆਪਣਾ ਸਥਾਨ ਬਣਾ ਕੇ ਆਪਣੇ ਲਈ ਇਕ ਮਹਿਫ਼ੂਜ਼ ਦਾਇਰਾ ਬਣਾਉਣ ਦੀ ਕੋਸ਼ਿਸ਼ ਵਿਚ ਸਭ ਤੋਂ ਜ਼ਿਆਦਾ ਯਤਨਸ਼ੀਲ ਰਹਿੰਦੀ।

o

ਸੋਚ ਦੇ ਪਰਛਾਵਿਆਂ ਤੋਂ ਦਰਵਾਜ਼ੇ ਤਕ ਲੈ ਆਉਣ ਵਾਲੀ ਉਹਦੀ ਦਿੱਤੀ ਹੋਈ ਦਸਤਕ ਦੇ ਜਵਾਬ ਵਿਚ ਪੁਰਾਣੀ ਝੁੱਗੀ ਦਾ ਦਰਵਾਜ਼ਾ ਖੋਲ੍ਹਣ ਵਾਲੀ ਦੀ ਖਰਵੀਂ ਆਵਾਜ਼ ਨੇ ਜਿਵੇਂ ਉਹਨੂੰ ਨੀਂਦ ਤੋਂ ਜਗਾ ਦਿੱਤਾ।

"ਕੌਣ ਹੈ ? ਪਤਾ ਨੀ ਕਿਹੜਾ ਸਵੇਰੇ ਸਵੇਰੇ ਆਪਣਾ ਸੁੱਖ ਬਰਬਾਦ ਕਰਕੇ ਹੋਰਾਂ ਦਾ ਸੁੱਖ ਲੁੱਟਣ ਆਇਆ ਹੈ ?" ਦਰਵਾਜ਼ੇ ਦੀ ਅਰਲ ਖੋਲ੍ਹਦੇ ਹੀ ਉਸ ਸੁੰਦਰ ਕੁੜੀ ਨੇ ਆਪਣੇ ਸਾਮ੍ਹਣੇ ਇਕ ਸੁੰਦਰ ਨੌਜਵਾਨ ਨੂੰ ਖੜ੍ਹਿਆ ਦੇਖਿਆ, "ਕੌਣ ਹੈ ਭਾਈ ? ਇਥੇ ਕੀ ਕਰ ਰਿਹੈਂ ?" ਉਹ ਇਕ ਹੀ ਸਾਹ ਵਿਚ ਪੁੱਛ ਬੈਠੀ। ਉਹ ਖ਼ਾਮੋਸ਼ੀ ਨਾਲ ਉਹਨੂੰ ਤੱਕਦੇ ਹੋਏ ਮੁਸਕਾਉਣ ਲੱਗਿਆ।

"ਮੁਤਰ-ਮੁਤਰ ਕੀ ਝਾਕਦਾ ਐਂ ? ਸੁਣਦਾ ਨਹੀਂ ਬੋਲ਼ਾ ਐਂ ?

'....' ਉਹਦੀਆਂ ਝੁਕੀਆਂ ਹੋਈਆਂ ਅੱਖਾਂ ਬੁੱਲ੍ਹਾਂ ਨਾਲ ਤਾਲਮੇਲ ਖਾਂਦੀਆਂ ਰਹੀਆਂ।

"ਓਏ ਕੁਝ ਤਾਂ ਬੋਲ... ਕੀ ਗੂੰਗਾ ਹੈਂ?" ਕਹਿੰਦੇ ਹੋਏ ਉਹ ਵੀ ਉਸ ਵੱਲ ਤੱਕਣ ਲੱਗੀ।

"ਕੁੱਝ ਵੀ ਨਹੀਂ, ਬਸ ਐਵੇਂ ਹੀ ....।" ਇਹ ਕਹਿੰਦੇ ਹੋਏ ਉਹਨੇ ਜੀਅ ਭਰ ਕੇ ਉਹਨੂੰ ਤੱਕਿਆ ਅਤੇ ਮੁਸਕਾਉਂਦੇ ਹੋਏ ਲਿਆਂਦਾ ਹੋਇਆ ਪਾਨ ਉਹਦੀ ਹਥੇਲੀ 'ਤੇ ਰੱਖ ਦਿੱਤਾ।

"ਤੂੰ ਕੀ ਮੈਨੂੰ ਬਜ਼ਾਰੂ ਔਰਤ ਸਮਝ ਲਿਆ ਹੈ, ਜਿਹੜਾ ਆਏ ਦਿਨ ਮੂੰਹ ਵਿਚ ਪਾਨ ਦਾ ਬੀੜਾ ਦੱਬੀ, ਮੇਰੇ ਵਾਸਤੇ ਇਕ ਲੈ ਕੇ ਦਰਵਾਜ਼ਾ ਖੜਕਾਉਂਦਾ ਰਹਿੰਦਾ ਐਂ, ਜਿਵੇਂ ਮੇਰਾ ਹੱਥ ਮੰਗਣ ਦੀ ਭੂਮਿਕਾ ਬੰਨ੍ਹ ਰਿਹਾ ਹੋਵੇਂ।"

ਉਹ ਚੁੱਪ ਚਾਪ ਅੱਖਾਂ ਨੀਵੀਂ ਕੀਤਿਆਂ ਮੰਦ ਮੰਦ ਮੁਸਕੁਰਾਉਂਦਾ ਰਿਹਾ ਅਤੇ ਉਸ ਵੱਲ ਉਵੇਂ ਹੀ ਦੇਖਦਾ ਰਿਹਾ ਜਿਵੇਂ ਉਹ ਉਸਦਾ ਆਪਣਾ ਗੁੰਮ ਹੋਇਆ ਕੋਈ ਖ਼ਜ਼ਾਨਾ ਹੋਵੇ....।

ਇਕਹਿਰਾ ਸਰੀਰ, ਕੱਦ 5 ਫੁੱਟ 3 ਇੰਚ, ਤਿੱਖੇ ਨੈਣ ਨਕਸ਼, ਕਣਕਵੰਨਾ ਰੰਗ, ਜਿਸ ਉਤੇ ਕੇਸਰੀ ਰੰਗ ਦੀ ਸਾੜ੍ਹੀ ਜਿਹਦਾ ਕਾਲ਼ਾ ਬਾਰਡਰ ਉਹਦੇ ਸਰੀਰ 'ਤੇ ਕਸੇ ਹੋਏ ਕਾਲ਼ੇ ਬਲਾਊਜ਼ ਦੇ ਨਾਲ ਸੁੰਦਰਤਾ ਨੂੰ ਦੁੱਗਣਾ ਕਰ ਰਿਹਾ ਸੀ। ਹੱਥ ਵਿਚ ਹਰੇ ਰੰਗ ਦੀਆਂ ਕੱਚ ਦੀ ਚੂੜੀਆਂ, ਵਾਲ਼ਾਂ ਦੇ ਵਿਚਾਲੇ ਚੀਰ, ਚੀਰ ਵਿਚ ਭਰਿਆ ਲਾਲ ਸਿੰਧੂਰ, ਮੱਥੇ 'ਤੇ ਵੱਡਾ ਸਾਰਾ ਲਾਲ ਟਿੱਕਾ, ਜਿਹੜਾ ਉਹਦੀ ਸਾਦਗੀ ਵਿਚ ਸੁੰਦਰਤਾ ਦਾ ਪ੍ਰਤੀਕ ਲਗ ਰਿਹਾ ਸੀ। ਨਜ਼ਰ ਜਿਵੇਂ ਜਿਵੇਂ ਚਿਹਰੇ ਤੋਂ ਹੁੰਦੀ ਹੋਏ ਥੱਲ੍ਹੇ ਉਤਰਦੀ ਤਾਂ ਪਤਲੇ ਲੱਕ ਵਿਚ ਟੰਗਿਆ ਹੋਇਆ ਸਾੜ੍ਹੀ ਦਾ ਬੇਢੰਗਾ ਪੱਲਾ ਉਹਦੀ ਜਵਾਨੀ ਦੀ ਰੱਖਿਆ 'ਤੇ ਉਤਾਰੂ ਹੁੰਦਾ ਦਿਖਾਈ ਦਿੰਦਾ। ਲੱਕ ਦੇ ਨੇੜੇ ਤੇੜੇ ਨਰਮ ਚਮੜੀ ਤੋਂ ਹੁੰਦਾ ਹੋਇਆ, ਚਾਂਦੀ ਦੇ ਘੁੰਗਰੂਆਂ ਨਾਲ ਜੜਿਆ ਇਕ ਛੱਲਾ ਝੂਲਦਾ ਹੋਇਆ, ਉਹਦੇ ਹਰ ਕਦਮ 'ਤੇ ਲੱਕ ਦੀ ਲਚਕ ਨਾਲ ਕੁਝ ਅਜਿਹੀ ਹਲਚਲ ਮਚਾਉਂਦਾ ਜਿਵੇਂ ਕਿਸੇ ਨੇ ਰੁਕੇ ਪਾਣੀ ਵਿਚ ਰੋੜਾ ਮਾਰਿਆ ਹੋਵੇ...।

ਸਮੁੱਚੇ ਸਰੀਰ ਤੋਂ ਨਜ਼ਰ ਤਿਲ੍ਹਕਦੀ ਹੋਏ ਉਹਦੇ ਪੈਰਾਂ 'ਤੇ ਆ ਕੇ ਅਟਕ ਜਾਂਦੀ, ਹਲਦੀ ਲੱਗੇ ਪੈਰਾਂ ਦੀ ਦੂਜੀ ਉਂਗਲ ਵਿਚ ਪਾਏ ਛੱਲੇ ਉਹਦੇ ਨਾਰੀਤਵ ਨੂੰ ਪੂਰਾ ਕਰ ਰਹੇ ਸਨ।

ਅਚਾਨਕ ਉਸਦੀ ਲਲਕਾਰ ਦੀ ਆਵਾਜ਼ ਨੇ ਜਿਵੇਂ ਫੇਰ ਉਹਨੂੰ ਨੀਂਦ ਤੋਂ ਜਗਾਇਆ।

"ਤੈਨੂੰ ਸ਼ਰਮ ਨਹੀਂ ਆਉਂਦੀ, ਇਸ ਤਰ੍ਹਾਂ ਰੋਜ਼ ਕਿਸੇ ਕੁੜੀ ਦੇ ਕੋਲ



ਆਉਣਾ ਜਾਣਾ, ਤੇਰੇ ਘਰ ਵਿਚ ਕੋਈ ਮਾਂ ਭੈਣ ਹੈ ਜਾਂ ਨਹੀਂ?"

'........'

"ਕੀ ਮੂੰਹ ਵਿਚ ਮੋਤੀ ਉਗ ਰਹੇ ਨੇ, ਜਿਹੜਾ ਚੁੱਪ ਕਰ ਗਿਐਂ?'

'..........'

"ਜੇਕਰ ਅੱਖਾਂ ਨੇ ਆਪਣਾ ਕੰਮ ਪੂਰਾ ਕਰ ਲਿਆ ਹੋਵੇ ਤਾਂ ਤੂੰ ਇਥੋਂ ਰਫ਼ਾ-ਦਫ਼ਾ ਹੋ ਜਾ। ਮੈਂ ਆਪਣੇ ਘਰ ਦਾ ਕੰਮ ਕਰਨਾ ਹੈ।" ਕਹਿੰਦੇ ਹੋਏ ਉਹਨੇ ਜ਼ੋਰ ਨਾਲ ਦਰਵਾਜ਼ਾ ਬੰਦ ਕਰ ਦਿੱਤਾ। ਪੁੱਠੇ ਪੈਰ ਘਰ ਦੇ ਅੰਦਰ ਜਾਂਦੇ ਹੋਏ ਉਹ ਸੋਚਦੀ ਰਹੀ ਕਿ ਇਹ ਕਿਹੋ ਜਿਹਾ ਇਨਸਾਨ ਹੈ, ਜਵਾਨ ਤਾਂ ਹੈ, ਸ਼ਰੀਫ਼ ਵੀ ਹੈ। ਮੇਰੇ ਏਨਾ ਝਾੜ-ਝੰਭ ਅਤੇ ਬੇਇਜ਼ਤੀ ਕਰਨ ਦੇ ਬਾਵਜੂਦ ਵੀ ਮੋੜ ਕੇ ਗ਼ਲਤ ਸ਼ਬਦ ਦਾ ਇਸਤੇਮਾਲ ਨਹੀਂ ਕਰਦਾ। ਕਦੇ ਔਰਤ ਦੇ ਲਈ ਗ਼ਲਤ ਜਾਂ ਅਪਮਾਨਿਤ ਲਫ਼ਜ਼ ਨਹੀਂ ਬੋਲਦਾ। ਕੀ ਉਸ ਦਾ ਇਥੇ ਆਉਣਾ ਕਿਸੇ ਉਦੇਸ਼ ਦੀ ਪੂਰਤੀ ਹੈ ਜਾਂ ਉਹਦੇ ਮਨ ਵਿਚ ਕੋਈ ਲਾਲਸਾ ਜਾਂ ਇੱਛਾ ਹੈ ਜਿਹੜੀ ਉਹ ਦੱਸਦਾ ਨਹੀਂ ਜਾਂ ਦੱਸਣਾ ਨਹੀਂ ਚਾਹੁੰਦਾ? ਪਤਾ ਨੀ ਕਿਹੜੀ ਮਜਬੂਰੀਵੱਸ ਉਹ ਹਰ ਰੋਜ਼ ਆਉਂਦਾ ਰਹਿੰਦਾ ਹੈ। ਰੁਕਦਾ ਹੈ, ਮੁਸਕੁਰਾਉਂਦਾ ਹੈ ਅਤੇ ਬਹੁਤ ਸਾਰੀਆਂ ਕੌੜੀਆਂ ਗੱਲਾਂ ਸੁਣ ਕੇ ਮੁੜ ਜਾਂਦਾ ਹੈ ਫੇਰ ਆਉਣ ਵਾਸਤੇ। ਇਹ ਸੋਚ ਉਹਨੂੰ ਵਾਰ ਵਾਰ ਪ੍ਰੇਸ਼ਾਨ ਕਰਦੀ।

ਅਗਲੀ ਵਾਰ ਜਦੋਂ ਉਹਦੀ ਦਸਤਕ ਦੇ ਜਵਾਬ ਵਿਚ ਰਾਜੰਮਾ ਨੇ ਦਰਵਾਜ਼ਾ ਖੋਲ੍ਹਿਆ ਤਾਂ ਉਹਨੂੰ ਦੇਖਦੇ ਹੀ ਆਪਣੇ ਅੰਦਰ ਦੀ ਸਾਰੀ ਕੁੜੱਤਣ ਕੱਢਦੇ ਹੋਏ ਪੈਰ ਦੀ ਜੁੱਤੀ ਕੱਢ ਕੇ ਬਾਹਰ ਸੁੱਟਦੇ ਹੋਏ ਕਿਹਾ-"ਆਪਣੀ ਇੱਜ਼ਤ ਦਾ ਖਿਆਲ ਨਹੀਂ ਨਾ ਸਹੀ, ਘੱਟ ਤੋਂ ਘੱਟ ਕਿਸੇ ਕੁੜੀ ਦੀ ਮਾਣ ਮਰਿਆਦਾ ਦਾ ਤਾਂ ਖਿਆਲ ਰੱਖ...। ਤੂੰ ਸਮਝ ਕਿਉਂ ਨਹੀਂ ਰਿਹਾ?"

'...........' ਉਹ ਚੁੱਪ-ਚਾਪ ਖੜ੍ਹਿਆ ਉਸ ਵੱਲ ਤੱਕਦਾ ਰਿਹਾ।

"ਮੇਰੀ ਬਦਨਾਮੀ ਨਾਲ ਤੈਨੂੰ ਕੀ ਮਿਲੂਗਾ?" ਉਹ ਜਿਵੇਂ ਉਹਨੂੰ ਗਾਲ੍ਹਾਂ ਕੱਢਦੀ ਕੱਢਦੀ, ਬੇਇੱਜ਼ਤੀ ਕਰਦੀ ਕਰਦੀ ਥੱਕ ਗਈ ਸੀ। ਕੁੱਝ ਕਹਿੰਦੇ ਕਹਿੰਦੇ ਫੇਰ ਚੁੱਪ ਹੋ ਗਈ।

"...ਮੈਂ....ਮੈਂ...." ਕਹਿੰਦੇ ਕਹਿੰਦੇ ਉਹ ਵੀ ਚੁੱਪ ਹੋ ਗਿਆ।

"ਇਹ ਕੀ ਬੱਕਰੀ ਦੇ ਵਾਂਗੂੰ ਮੈਂਅ... ਮੈਂਅ ਕਰ ਰਿਹਾ ਹੈਂ? ਤੇਰੀਆਂ ਨਜ਼ਰਾਂ ਇੱਕ ਤੇਜ਼ ਧਾਰ ਦੇ ਵਾਂਗ ਮੇਰੇ ਸਰੀਰ ਨੂੰ ਵਿੰਨ੍ਹਣ ਦੇ ਵਿਚ ਮਾਹਿਰ ਹਨ, ਪਰ ਕੀ ਤੇਰੀ ਜ਼ਬਾਨ ਨੂੰ ਅਧਰੰਗ ਮਾਰ ਗਿਆ ਐ...ਕਿ" ਰਾਜੰਮਾ ਹੁਣ ਕਹਿਣ ਨੂੰ ਤਾਂ ਬਹੁਤ ਕੁਝ ਕਹਿ ਜਾਂਦੀ ਪਰ ਉਹਦੀ ਸੋਚ ਇਹ ਦਾਅਵਾ ਕਰਦੀ ਰਹੀ ਕਿ ਕੋਈ ਗੱਲ ਤਾਂ ਹੈ ਜਿਹੜਾ ਇਹ ਏਨਾ ਕੁੱਝ ਸੁਣਨ ਤੋਂ ਮਗਰੋਂ

ਵੀ, ਉਹ ਸੱਭਿਅਕ ਮੁਸਕੁਰਾਹਟ ਚਿਹਰੇ ’ਤੇ ਲੈ ਕੇ ਵਾਪਸ ਮੁੜ ਜਾਂਦਾ ਹੈ। ਇੱਥੇ ਇਸ ਤੋਂ ਪਹਿਲਾਂ ਕੋਈ ਇਸ ਤਰ੍ਹਾਂ ਸਬਰ ਅਤੇ ਸੱਭਿਅਤਾ ਦੇ ਪੈਮਾਨੇ ’ਤੇ ਖ਼ਰਾ ਨਹੀਂ ਉਤਰਿਆ।

—o—

ਉਹ ਵਾਪਸ ਆਉਣ ਲਈ ਮੁੜ ਜਾਂਦਾ, ਉਸ ਕੁੜੱਤਣ ਨੂੰ ਅੰਮ੍ਰਿਤ ਵਿਚ ਬਦਲਣ ਦੇ ਲਈ। ਮਾਂ ਦੇ ਖ਼ਤ ਤੋਂ ਮਿਲੀ ਹੋਈ ਜਾਣਕਾਰੀ ਉਹਨੂੰ ਸੀ, ਪਰ ਰਾਜੰਮਾ ਤਾਂ ਅਣਜਾਣ ਸੀ। ਉਹ ਪਰਖਣਾ ਚਾਹੁੰਦਾ ਸੀ ਕਿ ਉਹਦੀ ਮਾਂ ਜਾਈ ਕਿੰਨੇ ਕੁ ਪਾਣੀ ਵਿਚ ਹੈ, ਕੀ ਉਹ ਉਸ ਘਰ ਦੇ ਸੰਸਕਾਰ ਇਸ ਘਰ ਵਿਚ ਲੈ ਕੇ ਆਈ ਹੈ। ਮਾਂ ਦੇ ਦਿੱਤੇ ਹੋਏ ਸੰਸਕਾਰਾਂ ਦਾ ਪਾਲਣ ਕਰ ਰਹੀ ਹੈ ਅਤੇ ਇਕ ਦਿਨ ਜੰਮੀ ਹੋਈ ਬਰਫ਼ ਪਿਘਲ ਗਈ—ਦਰਵਾਜ਼ੇ ’ਤੇ ਦਸਤਕ ਦਿੰਦੇ ਹੀ ਜਿਵੇਂ ਦਰਵਾਜ਼ਾ ਖੁੱਲ੍ਹਿਆ ਤਾਂ ਉਹ ਕਹਿ ਬੈਠਿਆ- “ਰਾਜੰਮਾ ਮੈਂ ਤੇਰਾ ਭਾ...ਭਾਈ...ਨਾ...ਨਾਰਾਇ...ਣ...ਤੰਗੰਮਾ ਅਤੇ ਨਾਗੇਸ਼ਵਰ ਆਈਅਰ ਦਾ ਬੇਟਾ....” ਕਹਿੰਦੇ ਹੋਏ ਉਹ ਭਿੱਜੀਆਂ ਅੱਖਾਂ ਨਾਲ ਉਹਦੇ ਵੱਲ ਦੇਖਣ ਲੱਗਿਆ।

“ਨਾਰਾਇਣ, ਮੇਰੇ ਵੀਰੇ” ਉਹ ਖ਼ੁਸ਼ੀ ਦੇ ਛਲਕਦੇ ਹੰਝੂਆਂ ਨਾਲ ਤਰ ਚਿਹਰਾ ਆਪਣੀ ਸਾੜ੍ਹੀ ਦੇ ਪੱਲੇ ਨਾਲ ਪੂੰਝਦੀ ਜਿਵੇਂ ਉਛਲਦੀ ਹੋਈ ਨਦੀ ਦੀ ਵਾਂਗ ਆ ਕੇ ਨਾਰਾਇਣ ਦੀ ਚੌੜੀ ਛਾਤੀ ਨਾਲ ਚਿੰਬੜ ਗਈ।

ਨਾਰਾਇਣ ਨੇ ਰਾਜੰਮਾ ਨੂੰ ਆਪਣੇ ਸੀਨ੍ਹੇ ਨਾਲ ਲਾਉਂਦੇ ਹੋਏ, ਸਿਰ ’ਤੇ ਹੱਥ ਫੇਰਿਆ ਤਾਂ ਰਾਜੰਮਾ ਨੂੰ ਲੱਗਿਆ ਕਿ ਉਹ ਇਕ ਸੰਘਣੇ ਦਰੱਖ਼ਤ ਦੀ ਛਾਂ ਥੱਲ੍ਹੇ ਖੜ੍ਹੀ ਹੈ।

“ਤੂੰ... ਤੂੰ... ਇੱਥੇ ਕਿਵੇਂ ਵੀਰ.... ਕਿਵੇਂ ਪਤਾ ਚੱਲਿਆ ਕਿ ਮੈਂ ਇੱਥੇ ਹਾਂ......”

ਇਸ ਤੋਂ ਪਹਿਲਾਂ ਕਿ ਉਹ ਹੋਰ ਕੁੱਝ ਪੁੱਛਦੀ, ਨਾਰਾਇਣ ਨੇ ਉਹਦੇ ਸਿਰ ਨੂੰ ਥਪਥਪਾਉਂਦੇ ਹੋਏ ਕਿਹਾ, “ਭੈਣ, ਮਾਂ ਦੀ ਚਿੱਠੀ ਵਿਚ ਤੇਰੀ ਜਾਣਕਾਰੀ ਮਿਲੀ ਅਤੇ ਪਤਾ ਵੀ। ਇਸੇ ਕਾਰਨ ਮੈਂ ਤੇਰੇ ਸਾਹਮਣੇ ਖੜ੍ਹਾ ਹਾਂ।”

“ਵੀਰੇ ਮੇਰੇ... ਵੀਰੇ ਮੈਂ ਵੀ ਇੱਥੇ ਇਕ ਸਾਲ ਤੋਂ ਮਾਂ ਦੇ ਹੁਕਮ ਅਨੁਸਾਰ ਤੇਰਾ ਹੀ ਇੰਤਜ਼ਾਰ ਕਰ ਰਹੀ ਹਾਂ। ਮਾਂ ਨੇ ਤਾਂ ਇਥੇ ਭੇਜਣ ਤੋਂ ਪਹਿਲਾਂ ਮੇਰਾ ਰੂਪ ਹੀ ਬਦਲ ਦਿੱਤਾ, ਲੱਗਿਆ ਜਿਵੇਂ ਮੈਂ ਮਾਂ ਦਾ ਨਵਾਂ ਅਵਤਾਰ ਹਾਂ ਅਤੇ ਵਾਰ ਵਾਰ ਤਾਕੀਦ ਕਰਦੇ ਹੋਏ ਦੋ ਤਿੰਨ ਵਾਰ ਤੁਹਾਡਾ ਨਾਂ ਲੈਂਦੇ ਹੋਏ, ਤੁਹਾਡਾ ਇੰਤਜ਼ਾਰ ਕਰਨ ਦੀ ਸਖ਼ਤ ਹਿਦਾਇਤ ਦਿੱਤੀ। ਪੁੱਛਣ ’ਤੇ ਇਹੀ ਕਿਹਾ ਕਿ



ਉਹ ਆ ਕੇ ਤੈਨੂੰ ਦੱਸ ਦੇਵੇਗਾ ਅਤੇ ਸੰਭਾਲ ਲਵੇਗਾ.... ਅਤੇ ਮੈਂ ਬਸ ਇੱਥੇ ਇਹਨਾਂ ਹੀ ਉਲਝਣਾਂ ਦੇ ਦਰਿਆਵਾਂ ਵਿਚ ਡੁੱਬਦੀ ਤੈਰਦੀ ਤੁਹਾਡਾ ਇੰਤਜ਼ਾਰ ਕਰਦੀ ਰਹੀ...” ਕਹਿ ਕੇ ਉਹ ਜਿਵੇਂ ਆਪਣੇ ਸਾਲਾਂ ਤੋਂ ਗੁਆਚੇ ਭਾਈ ਦੇ ਵੱਲ ਸੁੰਨੀਆਂ ਅੱਖਾਂ ਨਾਲ ਦੇਖਣ ਲੱਗੀ।

“ਤਾਂ ਤੂੰ ਮੈਨੂੰ ਪਛਾਣਿਆ ਨਹੀਂ ?” ਕਹਿੰਦਾ ਹੋਇਆ ਉਹ ਇਕ ਛੁਪੇ ਹਾਸੇ ਨੂੰ ਰੋਕਣ ਲੱਗਿਆ।

“ਨਹੀਂ, ਇਸੇ ਕਰਕੇ ਅਜਿਹੀਆਂ ਗੁਸਤਾਖ਼ੀਆਂ ਕਰ ਬੈਠੀ.....ਪਰ ਉਹ ਪਾਨ ਲੈ ਕੇ ਆਉਣਾ.....?”

“ਝੱਲੀਏ, ਬਸ ਐਵੇਂ ਹੀ ਦੇਖ ਰਿਹਾ ਸੀ ਕਿ ਮਾਂ ਦੇ ਦਿੱਤੇ ਹੋਏ ਸੰਸਕਾਰ ਕਿਵੇਂ ਇਸ ਵਿਹੜੇ ਵਿਚ ਮਹਿਕ ਰਹੇ ਹਨ, ਜਿਨ੍ਹਾਂ ਦੀ ਖ਼ੁਸ਼ਬੋ ਮੈਨੂੰ ਇਥੇ ਤਕ ਖਿੱਚ ਲਿਆਈ ਹੈ।”

“ਵੀਰੇ ਮੈਨੂੰ ਮਾਫ਼ ਕਰ ਦੇਣਾ। ਮੈਂ ਤੈਨੂੰ ਉਨ੍ਹਾਂ ਮਰਦਾਂ ਦੀ ਲਾਈਨ ਵਿਚ ਖੜ੍ਹਾ ਕੀਤਾ ਜਿਹੜੇ ਔਰਤ ਨੂੰ ਸਿਰਫ਼ ਭੋਗ ਵਿਲਾਸ ਦੀ ਵਸਤੂ ਸਮਝਦੇ ਹਨ... ਅਤੇ....”

“ਕਮਲੀ ਨਾ ਹੋਵੇ, ਤੂੰ ਹੁਣ ਸਭ ਕੁਝ ਭੁੱਲ ਜਾ। ਹੁਣ ਤੂੰ ਇਕੱਲੀ ਨਹੀਂ, ਤੇਰੇ ਨਾਲ ਤੇਰਾ ਵੱਡਾ ਭਾਈ ਹੈ।” ਕਹਿੰਦੇ ਹੋਏ ਨਾਰਾਇਣ ਨੇ ਘਰ ਵੱਲ ਦੇਖਿਆ।

“ਵੀਰ ਮੇਰਿਆ, ਮੇਰੀ ਮੂਰਖਤਾ ਨੇ ਮੇਰੇ ਤੋਂ ਕੀ ਕੁਝ ਨਹੀਂ ਕਹਾਇਆ...” ਅਜੇ ਗੱਲ ਪੂਰੀ ਵੀ ਨਹੀਂ ਸੀ ਕਰ ਸਕੀ ਕਿ ਨਾਰਾਇਣ ਨੇ ਵਿਚਾਲੇ ਹੀ ਗੱਲ ਕੱਟਦੇ ਹੋਏ ਕਿਹਾ, “ਰਾਜੰਮਾ, ਤੂੰ ਅਤੇ ਮੈਂ ਇੱਕ ਹੀ ਮਾਂ ਦੀ ਕੁੱਖ ’ਚੋਂ ਜਨਮੇ ਹਾਂ। ਪਰ ਮੇਰਾ ਪਿਤਾ ਨਾਗੇਸ਼ਵਰ ਆਈਅਰ ਅਤੇ ਤੇਰਾ ਪਿਤਾ ਰਾਘਵਨ ਨਾਗਰ। ਤੇਰੀ ਖ਼ਾਤਿਰ ਮਾਂ ਨੇ ਆਪਣੇ ਹੀ ਬੇਟੇ ਨਾਲੋਂ ਨਾਤਾ ਤੋੜਿਆ ਅਤੇ ਤੈਨੂੰ ਆਪਣੀ ਬੇਟੀ ਸਵੀਕਾਰ ਕੀਤਾ। ਬਹੁਤ ਸਾਲ ਲੰਘ ਗਏ, ਮੈਂ ਮਾਂ ਦੀ ਬੁੱਕਲ ਦੀ ਛਾਂ ਨੂੰ ਤਰਸਦਾ ਰਿਹਾ, ਪਰ ਉਹਨਾਂ ਦੀ ਜ਼ਿੰਦਗੀ ਦੇ ਤਿਆਗਮਈ ਰਸਤਿਆਂ ਨੂੰ ਯਾਦ ਕਰ ਕੇ ਨਤਮਸਤਕ ਹੋ ਜਾਂਦਾ ਹਾਂ। ਮੇਰੇ ਪਿਤਾ ਇਕ ਹਾਦਸੇ ਵਿਚ ਅਪੰਗ ਹੋ ਗਏ, ਬਸ ਬਿਸਤਰੇ ਜੋਗੇ ਰਹਿ ਗਏ, ਮੈਂ ਘਰ ਵਿਚ ਛੋਟਾ ਪੰਜ ਸਾਲ ਦਾ ਹੋਵਾਂਗਾ ਸ਼ਾਇਦ ....। ਮਾਂ ਮੈਨੂੰ ਸਕੂਲ ਭੇਜ ਕੇ ਪਿਤਾ ਜੀ ਦੀਆਂ ਜ਼ਰੂਰਤਾਂ ਪੂਰੀਆਂ ਕਰ ਕੇ ਉਨ੍ਹਾਂ ਨੂੰ ਖਾਣਾ ਖੁਆ ਕੇ ਕੁਝ ਹਿਦਾਇਤਾਂ ਦੇ ਨਾਲ ਘਰ ਦੇ ਬਾਹਰ ਚਲੀ ਜਾਂਦੀ ਅਤੇ ਦੇਰ ਰਾਤ ਨੂੰ ਘਰ ਮੁੜਦੀ, ਜਦੋਂ ਮੈਂ ਸੌਂ ਚੁੱਕਿਆ ਹੁੰਦਾ। ਫੇਰ ਇਹ ਸਿਲਸਿਲਾ ਤਿੰਨ ਸਾਲ ਤਕ ਚੱਲਿਆ। ਇਕ ਦਿਨ ਪਿਤਾ ਜੀ ਨੂੰ ਅਟੈਕ ਹੋਇਆ ਅਤੇ ਉਹ ਸਵਰਗ ਸਿਧਾਰ ਗਏ। ਇਕ

ਤਰ੍ਹਾਂ ਨਾਲ ਮਾਂ ਨੂੰ ਉਸ ਦੋਗਲੀ ਜ਼ਿੰਦਗੀ ਤੋਂ ਨਿਜਾਤ ਮਿਲ ਗਈ। ਪਰ ਮੈਂ ਫੇਰ ਵੀ ਘਾਟੇ 'ਚ ਰਿਹਾ। ਮਾਂ ਦਾ ਪਿਆਰ ਮਿਲਿਆ, ਮੈਨੂੰ ਨਹੀਂ ਤੈਨੂੰ ! ਮਾਂ ਨੇ ਇਕ ਤਰ੍ਹਾਂ ਨਾਲ ਮੇਰਾ ਤਿਆਗ ਕਰ ਦਿੱਤਾ ਤਾਂ ਕਿ ਉਨ੍ਹਾਂ ਦੇ ਜ਼ਿੰਦਗੀ ਦੇ ਰਸਤੇ ਦਾ ਕੋਈ ਪਰਛਾਵਾਂ ਆਪਣੇ ਦਿਲ ਦੇ ਪਰਦੇ 'ਤੇ ਨਾ ਉਕੇਰ ਸਕੇ।" ਕਹਿੰਦੇ ਕਹਿੰਦੇ ਉਹ ਜਿਵੇਂ ਧੁੰਦ ਦੇ ਪਰਛਾਵਿਆਂ ਵਿਚ ਗੁੰਮ ਜਿਹਾ ਹੋ ਗਿਆ। ਆਪਣੇ ਬੀਤੇ ਹੋਏ ਕੱਲ੍ਹ ਨੂੰ ਅੱਜ ਨਾਲ ਜੋੜਦਾ ਰਿਹਾ।

"ਰਾਜੰਮਾ, ਇਹੀ ਤਾਂ ਉਹ ਘਰ ਹੈ ਜਿੱਥੇ ਮੈਂ ਪੈਦਾ ਹੋਇਆ, ਵੱਡਾ ਹੋਇਆ ਪਰ ਏਨਾ ਵੱਡਾ ਨਹੀਂ ਕਿ ਆਪਣੀ ਮਾਂ ਦੇ ਕਿਸੇ ਕੰਮ ਆ ਸਕਾਂ। ਆਪਣੇ ਅਪਾਹਿਜ ਪਿਤਾ ਦੇ ਲਈ ਵੀ ਮੈਂ ਕੁੱਝ ਨਹੀਂ ਕਰ ਸਕਿਆ। ਜਿਹੜਾ ਕੁੱਝ ਕੀਤਾ ਮਾਂ ਨੇ ਕੀਤਾ। ਉਹਨੇ ਆਪਣਾ ਆਪਾ ਗਵਾ ਕੇ ਮੇਰੀ ਅਤੇ ਤੇਰੀ ਪਛਾਣ ਬਣਾਉਣ ਵਿਚ ਬਹੁਤ ਕੁੱਝ ਗੁਆ ਦਿੱਤਾ" ਕਹਿੰਦੇ ਹੋਏ ਨਾਰਾਇਣ, ਰਾਜੰਮਾ ਦਾ ਹੱਥ ਫੜੀ ਆਪਣੇ ਹੀ ਘਰ ਵਿਚ ਪੈਰ ਰੱਖਦਾ ਹੋਇਆ ਸਾਹਮਣੇ ਪਏ ਮੰਜੇ 'ਤੇ ਬੈਠਿਆ। ਉਹ ਸੁੰਨੀਆਂ ਅੱਖਾਂ ਨਾਲ ਉਨ੍ਹਾਂ ਕੰਧਾਂ ਨੂੰ ਦੇਖਣ ਲੱਗਿਆ—ਜਿਨ੍ਹਾਂ 'ਤੇ ਉਹਦੇ ਬਚਪਨ ਦੇ ਕੁਝ ਪਰਛਾਵੇਂ, ਅਕਸ ਅਜੇ ਬਾਕੀ ਸਨ। ਰਾਜੰਮਾ ਰਸੋਈ ਵਿਚ ਜਾ ਕੇ ਚਾਹ ਦੇ ਪਾਣੀ ਨੂੰ ਚੁੱਲ੍ਹੇ 'ਤੇ ਰੱਖ ਕੇ, ਉਹਦੇ ਲਈ, ਭਾਈ ਦੇ ਲਈ ਪਾਣੀ ਲੈ ਆਈ।

"ਵੀਰੇ ਮਾਂ ਦੇ ਬਾਰੇ ਵੀ ਕੁੱਝ ਦੱਸੋ ਨਾ ?" ਬੇਚੈਨ ਆਵਾਜ਼ ਵਿਚ ਰਾਜੰਮਾ ਨੇ ਕਿਹਾ।

"ਇਹੀ ਉਹ ਬਸਤੀ ਹੈ, ਜਿੱਥੇ ਮਾਂ ਨੇ ਤੈਨੂੰ ਕੁੜੀ ਬਣਾ ਕੇ ਸ਼ਰਨ ਲੈਣ ਲਈ ਮਜਬੂਰ ਕੀਤਾ। ਇਕ ਸੁਹਾਗਣ ਦੇ ਮਹਾਨ ਚਰਿੱਤਰ ਵਿਚ ਤੈਨੂੰ ਢਾਲ ਦਿੱਤਾ। ਅਪਾਹਿਜ ਪਤੀ ਜਦੋਂ ਤਕ ਸੀ, ਉਹਨੇ ਇਸੇ ਚਾਲ ਵਿਚ ਆਪਣਾ ਘਰ ਸੰਸਾਰ ਵਸਾ ਕੇ ਰੱਖਿਆ, ਉਦੋਂ ਉਹ ਮੇਰੀ ਮਾਂ ਸੀ, ਮੇਰੀ ਬਦਨਸੀਬ ਮਾਂ, ਜਿਹੜੀ ਆਪਣੇ ਬੇਟੇ ਦੀ ਪੜ੍ਹਾਈ ਲਿਖਾਈ ਦੇ ਲਈ ਰਾਘਵਨ ਨਾਗਰ ਦੇ ਅਹਿਸਾਨਾਂ ਥੱਲ੍ਹੇ ਦੱਬੀ ਉਹਦੇ ਨਾਲ ਵਫ਼ਾਦਾਰੀ ਨਿਭਾਉਂਦੀ ਰਹੀ। ਕਿਉਂਕਿ ਉਹ ਹਰ ਮਹੀਨੇ ਮੇਰੀ ਪੜ੍ਹਾਈ ਦਾ ਖਰਚਾ ਅਤੇ ਹੋਸਟਲ ਵਿਚ ਰਹਿਣ ਦਾ ਖਰਚਾ ਬਰਦਾਸ਼ਤ ਕਰਦਾ ਸੀ।"

"ਵੀਰੇ, ਪਰ ਮਾਂ ਦੀ ਅਜਿਹੀ ਕਿਹੜੀ ਮਜਬੂਰੀ ਰਹੀ ਹੋਵੇਗੀ, ਜਿਹੜੀ ਉਹ ਇਹ ਘਰ ਛੱਡ ਕੇ ਨਾਗੇਸ਼ਵਰ ਦੇ ਘਰ ਰਹਿਣ ਚਲੀ ਗਈ, ਜਿੱਥੇ ਉਹਨੂੰ ਜ਼ਿੱਲਤ ਦੇ ਇਲਾਵਾ ਕੁੱਝ ਨਹੀਂ ਮਿਲਿਆ", ਰਾਜੰਮਾ ਹੁਣ ਜ਼ਿਆਦਾ ਜਾਣਨ ਦੇ ਲਈ ਸਵਾਲਾਂ ਦੇ ਤਾਰ ਬੰਨ੍ਹਣ ਲੱਗੀ।

"ਹਾਂ ਪਰ ਉਹ ਆਪਣੇ ਫ਼ਰਜ਼ ਦੇ ਸੰਕਲਪ ਦਾ ਪਾਲਣ ਕਰਨ ਵਿਚ



ਦ੍ਰਿੜ ਰਹੀ । ਮੇਰਾ ਪਿਓ ਨਾਈਅਰ ਕਈ ਸਾਲ ਤਕ ਇਕ ਅਪੰਗ ਦਾ ਜੀਵਨ ਜਿਉਂ ਕੇ ਇਥੋਂ ਛੁਟਕਾਰਾ ਪਾ ਗਿਆ ਅਤੇ ਮਾਂ ਨੂੰ ਆਜ਼ਾਦੀ ਦੇ ਨਾਂ 'ਤੇ ਇਕ ਬਦਰੰਗ ਕੈਦਨੁਮਾ ਜ਼ਿੰਦਗੀ ਜਿਉਣ ਲਈ ਛੱਡ ਗਿਆ। ਮੈਂ ਨਾਗੇਸ਼ਵਰ ਦਾ ਬੇਟਾ ਅਤੇ ਤੂੰ ਰਾਘਵਨ ਦੀ ਬੇਟੀ, ਪਰ ਸਾਡੀ ਮਾਂ ਉਹੀ ਹੈ ਜਿਹਨੂੰ ਉਹਨੇ ਰਖੇਲ ਬਣਾ ਕੇ ਰੱਖਿਆ।

"ਨਾਂ ਨਾ ਲੈ ਉਹਦਾ ਮੇਰੇ ਵੀਰੇ, ਉਹ ਪਿਤਾ ਦੇ ਨਾਂ 'ਤੇ ਇਕ ਦਰਿੰਦਾ ਸੀ। ਔਰਤ ਕੀ ਹੈ ? ਉਹਦਾ ਤਿਆਗ ਅਤੇ ਬਲੀਦਾਨ ਕੀ ਹੁੰਦਾ ਹੈ ਮੈਨੂੰ ਪੁੱਛੋ। ਮੈਂ ਤਾਂ ਉਸੇ ਮਾਂ ਦੀ ਬੇਟੀ ਹਾਂ ਜਿਹਨੇ ਮੈਨੂੰ ਪਛਾਣ ਦੇਣ ਅਤੇ ਦਿਵਾਉਣ ਲਈ ਸਾਰਾ ਕੁਝ ਦਾਅ 'ਤੇ ਲਾ ਦਿੱਤਾ। ਖ਼ੁਦ ਨੂੰ ਕਲੰਕਿਤ ਨਾਵਾਂ ਨਾਲ ਅਖਵਾਉਂਦੀ ਰਹੀ। ਰਾਘਵਨ ਖ਼ੁਦ ਉਹਨੂੰ ਕਦੇ 'ਛਿਨਾਲ' ਤਾਂ ਕਦੇ 'ਰੰਡੀ' ਵਰਗੇ ਨਾਮੁਰਾਦ ਨਾਵਾਂ ਨਾਲ ਸੰਬੋਧਨ ਕਰਦਾ, ਤਾਂ ਕਦੇ ਆਪਣੇ ਮਿੱਤਰਾਂ ਦੇ ਮੂਹਰੇ ਬਹੁਤ ਹੀ ਮਾਣ ਨਾਲ ਉਹਨੂੰ ਆਪਣੀ 'ਰਖੇਲ' ਦਾ ਦਰਜਾ ਦਿੰਦੇ ਹੋਏ, ਮਹਿਮਾਨ-ਨਿਵਾਜ਼ੀ ਦੇ ਤੌਰ ਤਰੀਕੇ ਸਿੱਖਣ ਦੇ ਲਈ ਲਲਕਾਰਦਾ...ਕੁਝ ਏਵੇਂ ਜਿਵੇਂ ਕੋਈ ਆਪਣੇ ਮੁਲਾਜ਼ਮ ਨੂੰ ਵੀ ਨਹੀਂ ਬੁਲਾਉਂਦਾ। ਰਾਜੰਮਾ ਜ਼ਖ਼ਮੀ ਸ਼ੇਰਨੀ ਦੇ ਵਾਂਗ ਦਹਾੜਨ ਲੱਗੀ।"

"ਰਾਜੰਮਾ, ਉਸ ਔਰਤ ਨੇ ਤਾਂ ਜ਼ਿੰਦਗੀ ਨਾਲ ਸੁਲਾਹ ਕਰਦੇ ਹੋਏ ਸਭ ਕੁਝ ਸਵੀਕਾਰ ਕਰਨ ਦਾ ਫ਼ੈਸਲਾ ਕੀਤਾ। ਆਰਥਿਕ ਬੇਬਸੀ ਅੱਗੇ ਕੁਝ ਕਰਨ ਦੀ ਹਿੰਮਤ ਨਾ ਰਹੀ। ਜਿਹਦੇ ਕਰਕੇ ਮਾਂ ਨੇ ਪਰਿਵਾਰ ਦੇ ਲਈ ਕੁੱਝ ਸਮਾਂ ਉਧਾਰ ਲਿਆ ਉਸ ਜ਼ਿਮੀਦਾਰ ਰਾਘਵਨ ਨਾਗਰ ਤੋਂ, ਜਿਹਦੀ ਉਹ ਰਖੇਲ ਬਣ ਕੇ ਰਹੀ। 'ਛਿਨਾਲ' ਅਤੇ 'ਰਖੇਲ' ਦਾ ਸੰਬੋਧਨ ਸੁਣਦੇ ਸੁਣਦੇ ਉਹ ਜਿਵੇਂ ਇਸ ਅਲੰਕਾਰ ਨੂੰ ਵੀ ਆਪਣਾ ਗਹਿਣਾ ਮੰਨ ਬੈਠੀ। ਘਰ ਦੇ ਦੂਜੇ ਮੈਂਬਰ ਵੀ ਉਹਦੇ ਸਾਹਮਣੇ ਨਫ਼ਰਤ ਨਾਲ ਥੁੱਕ ਜਾਂਦੇ, ਉਦੋਂ ਵੀ ਉਹ ਆਪਣੇ ਧਰਮ ਤੋਂ ਪਰ੍ਹੇ ਨਾ ਹੋ ਸਕੀ। ਵਚਨਬੱਧ ਇਨਸਾਨ ਅਹਿਸਾਨਫ਼ਰਾਮੋਸ਼ ਕਿਵੇਂ ਹੋ ਸਕਦਾ ਹੈ ? ਉਹਨੇ ਆਪਣਾ ਨਾਰੀਤਵ, ਮਮਤਾ ਅਤੇ ਪਤੀਵਰਤਾ ਆਪਣੀ ਮਰਜ਼ੀ ਨਾਲ ਗਹਿਣੇ ਰੱਖੇ ਸਨ, ਜਿਹਦੇ ਇਵਜ ਵਿਚ ਉਹਦੇ ਅਪੰਗ ਪਤੀ ਨਾਗੇਸ਼ਵਰ ਆਈਅਰ ਨੂੰ ਕੁਝ ਸਾਲਾਂ ਤਕ ਇਲਾਜ ਮਿਲ ਸਕਿਆ। ਪ੍ਰੰਤੂ ਉਹਦੀ ਮੌਤ ਮਗਰੋਂ ਵੀ ਤੰਗੰਮਾ ਨੇ ਆਪਣਾ ਸਿੰਧੂਰ ਨਹੀਂ ਮਿਟਾਇਆ। ਆਪਣੇ ਗਲ ਵਿਚੋਂ ਮੰਗਲਸੂਤਰ ਅਤੇ ਪੈਰਾਂ ਵਿਚੋਂ ਬਿਛੂਏ (ਛੱਲੇ) ਨਹੀਂ ਲਾਹੇ। ਸਦਾ ਸੁਹਾਗਣ ਦਾ ਵਰਦਾਨ ਸਮਝ ਕੇ ਸਜਾ ਕੇ ਰੱਖਦੀ।"

ਰਾਜੰਮਾ ਨੂੰ ਯਾਦ ਆਇਆ ਆਪਣਾ ਉਹ ਬਚਪਨ, ਜਿੱਥੇ ਉਹਨੇ ਆਪਣੀ ਮਾਂ ਤੰਗੰਮਾ ਨੂੰ ਇਕ ਭਾਰਤੀ ਆਦਰਸ਼ ਨਾਰੀ ਦੇ ਰੂਪ ਵਿਚ ਦੇਖਿਆ।

ਰਾਘਵਨ ਨਾਗਰ ਉਹਦੇ ਪਿਤਾ ਸਨ, ਪਰ ਨਾਂ ਦੇ ਬਰਾਬਰ। ਜਦੋਂ ਤੋਂ ਉਹਨੇ ਅੱਖਾਂ ਖੋਲ੍ਹੀਆਂ ਸਨ, ਆਪਣੀ ਸਮਝ ਨਾਲ ਮਾਂ ਨੂੰ ਬਹੁਤ ਕੁਝ ਝੱਲਦੇ ਹੋਏ ਦੇਖਿਆ, ਉਹ ਗਾਲ੍ਹਾਂ ਜਿਹੜੀਆਂ ਉਹ ਖ਼ੁਦ ਨਹੀਂ ਸੁਣ ਸਕਦੀ ਸੀ, ਮਾਂ ਨੂੰ ਸੁਣਦੇ ਹੋਏ, ਬਰਦਾਸ਼ਤ ਕਰਦੇ ਹੋਏ ਦੇਖਿਆ। ਘਰ ਦੇ ਹੋਰ ਮੈਂਬਰ ਵੀ ਗ਼ਲਤ ਤੇ ਤ੍ਰਿਸਕਾਰ ਵਾਲੀ ਭਾਸ਼ਾ ਵਿਚ ਉਹਨੂੰ ਸੰਬੋਧਨ ਕਰਦੇ। "ਨੀ ਛਿਨਾਲ, ਕਲਮੂੰਹੀ ਕੀ ਤੈਨੂੰ ਭੋਰਾ ਵੀ ਸ਼ਰਮ ਨੀ ਆਉਂਦੀ ... ਉਸ ਭੜੂਏ (ਦਲਾਲ) ਦੇ ਕਮਰੇ ਵਿਚ ਰਾਤ ਦਿਨ ਸੜਦੀ ਰਹਿੰਦੀ ਹੈਂ।" ਇਹ ਆਵਾਜ਼ ਆਂਢ-ਗੁਆਂਢ ਦੇ ਝਰੋਖਿਆਂ ਵਿਚੋਂ ਨਿੱਤ ਨਵੇਂ ਸੁਰ ਵਿਚ ਸੁਣਾਈ ਦਿੰਦੀ।

ਇਕ ਕਹਿੰਦੀ-"ਨੀ ਏਹ ਨਾਮੁਰਾਦ ਕੀ ਪਤੀਵਰਤਾ ਧਰਮ ਦੀ ਮਾਣ-ਮਰਿਆਦਾ ਭੁੱਲ ਗਈ ਹੈ ਜੋ ਉਹਦੀ ਰਖੇਲ ਹੋਣ ਦਾ ਫ਼ਰਜ਼ ਪੂਰਾ ਕਰ ਰਹੀ ਹੈ। ਇਸ ਕੁੜੀ ਦੇ ਲਈ ਆਪਣੇ ਪੁੱਤ ਦਾ ਤਿਆਗ ਕਰ ਦਿੱਤਾ..... ਉਹਨੂੰ ਕਿਤੇ ਦੂਰ ਪੜ੍ਹਨ ਲਈ ਭੇਜ ਦਿੱਤਾ ਹੈ। ਹੁਣ ਇਸ ਕੁੜੀ ਨੂੰ ਵੀ ਇਸ ਬਸਤੀ ਤੋਂ ਦੂਰ ਰੱਖਣ ਦਾ ਸੁਪਨਾ ਲੈ ਰਹੀ ਹੈ। ਬਈ! ਬਦਨਾਮ ਬਸਤੀ ਦੇ ਬਦਨਾਮ ਲੋਕਾਂ ਦੇ ਵਿਚਾਲੇ ਅਜੇ ਵੀ ਇਹਦੀ ਸ਼ਰਾਫ਼ਤ ਪਲ ਰਹੀ ਹੈ। ਦੇਖ ਤਾਂ ਸਹੀ ਕਿਵੇਂ ਪਤੀਵਰਤਾ ਧਰਮ ਦੀ ਪਾਲਣਹਾਰ ਬਣੀ ਫਿਰਦੀ ਹੈ?"

ਦੂਜੀ ਕਹਿੰਦੀ- "ਇਕ ਤਰ੍ਹਾਂ ਨਾਲ ਕੰਮ ਨਾਲ ਕੰਮ ਰੱਖਦੀ ਹੈ। ਕਿਸੇ ਦੀਆਂ ਗੱਲਾਂ ਵਿਚ ਨਹੀਂ ਆਉਂਦੀ। ਜਦੋਂ ਤੋਂ ਪਹਿਲਾ ਪਤੀ ਮਰਿਆ ਹੈ, ਰਾਘਵਨ ਦੇ ਮਕਾਨ ਨੂੰ ਘਰ ਬਣਾਉਣ ਵਿਚ ਲੱਗੀ ਹੈ ਕੁੜੀ ਵਿਚ ਵੀ ਕਾਫ਼ੀ ਗੁਣ ਕੁੱਟ ਕੁੱਟ ਭਰੇ ਹਨ, ਹੋਰਾਂ ਵਰਗੀ ਨਹੀਂ ਹੈ ਇਹ......।" ਉਹ ਦੂਜੀ ਉਹਦੇ ਪੱਖ ਵਿਚ ਕਹਿੰਦੀ।

"ਹੋਰਾਂ ਵਰਗੀ ਨਹੀਂ ਹੈ ਤਾਂ ਕਿਹੋ ਜਿਹੀ ਹੈ ਦੱਸ?" ਪਹਿਲੀ ਔਰਤ ਭੜਕ ਕੇ ਨੱਕ ਮਰੋੜਦੀ।

ਅਤੇ ਰਾਜੰਮਾ ਤਖ਼ਤੇ ਦੇ ਓਹਲੇ ਆਪਣੇ ਆਪ ਨੂੰ ਮਾਂ ਦੀਆਂ ਨਜ਼ਰਾਂ ਵਿਚ ਤੋਲਦੀ ਅਤੇ ਕਦੇ ਹੋਰਾਂ ਦੀਆਂ ਈਰਖਾ ਭਰੀਆਂ ਨਜ਼ਰਾਂ ਵਿਚ ਤੋਲਦੀ.... ਸਮਝੌਤੇ ਦਾ ਕਿਤੇ ਨਾਮੋ ਨਿਸ਼ਾਨ ਨਾ ਹੁੰਦਾ।

ਖ਼ਿਆਲਾਂ ਦੀ ਦੁਨੀਆਂ ਵਿਚ ਹਕੀਕਤ ਨਾਲ ਸਾਮ੍ਹਣਾ ਕਰਦੇ ਹੋਏ ਰਾਜੰਮਾ ਨੇ ਨਾਰਾਇਣ ਵੱਲ ਦੇਖਦੇ ਹੋਏ ਕਿਹਾ, "ਮਾਂ ਦੀ ਪ੍ਰਤਿਭਾਵਾਨ ਸੰਸਕ੍ਰਿਤੀ ਦਾ ਸੁਹੱਪਣ, ਉਹਦਾ ਵਰਤਾਵਾ ਦੋਸ਼ ਅਤੇ ਉਲਾਂਭੇ ਤੋਂ ਪਰ੍ਹੇ ਰਿਹਾ, ਇਹਦਾ ਮੈਨੂੰ ਅੰਦਾਜ਼ਾ ਹੈ ਵੀਰੇ।"

"ਮੈਂ ਵੀ ਬਸ ਇਸੇ ਇੱਕ ਰਿਸ਼ਤੇ ਦਾ ਕਾਇਲ ਹਾਂ। ਪਿਤਾ ਜੀ ਦੇ ਗੁਜ਼ਰਦੇ ਹੀ ਰਾਘਵਨ ਨੇ ਧਾਂਕ ਜਮਾਉਣ ਦੀ ਕੋਸ਼ਿਸ਼ ਕੀਤੀ। ਬਾਅਦ ਵਿਚ



ਮੇਰੀ ਪੜ੍ਹਾਈ ਦੀ ਖ਼ਾਤਿਰ ਮਾਂ ਰਾਘਵਨ ਦੇ ਘਰ ਵਿਚ ਰਖੇਲ ਬਣ ਕੇ ਰਹਿਣ ਲੱਗੀ। ਲੇਕਿਨ ਉਹ ਸਭ ਕੁਝ ਬਰਦਾਸ਼ਤ ਕਰ ਸਕਦੀ ਸੀ, ਪਰ ਇਹ ਕਦੇ ਵੀ ਨਹੀਂ ਕਿ ਕੋਈ ਤੈਨੂੰ 'ਰਖੇਲ ਦੀ ਕੁੜੀ' ਦੇ ਨਾਂ ਨਾਲ ਸੰਬੋਧਨ ਕਰੇ। ਬਾਕੀ ਤੂੰ ਜਾਣਦੀ ਹੈਂ।" ਕਹਿੰਦੇ ਹੋਏ ਉਹਨੇ ਆਪਣੇ ਹੰਝੂ ਪੂੰਝ ਲਏ।

"ਵੀਰੇ, ਮਾਂ ਦੇ ਤਿਆਗ ਦੀ ਮਰਿਆਦਾ ਪੂਜਣਯੋਗ ਹੈ। ਇਸੇ ਕਰਕੇ ਸ਼ਾਇਦ ਮੈਨੂੰ ਇਕ ਸੁਹਾਗਣ ਦਾ ਪਹਿਰਾਵਾ ਅਤੇ ਸ਼ਿੰਗਾਰ ਵਰਦਾਨ ਵਿਚ ਦੇ ਦਿੱਤਾ ਅਤੇ ਤੇਰੇ ਆਉਣ ਦਾ ਇੰਤਜ਼ਾਰ ਕਰਨ ਦੇ ਲਈ ਕਿਹਾ। ਵੀਰ ਮੇਰਿਆ ਤੂੰ ਉਨ੍ਹਾਂ ਦੀਆਂ ਉਮੀਦਾਂ 'ਤੇ ਖਰਾ ਉਤਰਿਆ ਹੈਂ, ਮੈਨੂੰ ਇਸ ਗੱਲ 'ਤੇ ਮਾਣ ਹੈ!" ਕਹਿੰਦੇ ਹੋਏ ਰਾਜੰਮਾ ਉੱਠੀ ਅਤੇ ਆਪਣੇ ਵੀਰ ਦੇ ਪੈਰੀਂ ਹੱਥ ਲਾਉਣ ਲਈ ਝੁਕੀ।

ਨਾਰਾਇਣ ਨੇ ਵੱਡੇ ਭਾਈ ਦਾ ਫ਼ਰਜ਼ ਨਿਭਾਉਂਦੇ ਹੋਏ ਉਹਦੇ ਸਿਰ 'ਤੇ ਹੱਥ ਫੇਰਦੇ ਹੋਏ ਕਿਹਾ—"ਇੱਕ ਗੱਲ ਯਾਦ ਰੱਖਣਾ, ਹੁਣ ਤੂੰ ਸਿਰਫ਼ ਅਤੇ ਸਿਰਫ਼ ਮੇਰੀ ਛੋਟੀ ਭੈਣ ਰਾਜੰਮਾ ਹੈਂ ਅਤੇ ਆਪਣੇ ਇਸ ਘਰ ਦੀ ਮਾਲਕ ਹੈਂ। ਮੈਂ ਸਿਰਫ਼ ਮਾਂ ਦੀ ਗੱਲ ਦਾ ਮਾਣ ਰੱਖਣ ਦਾ ਯਤਨ ਕਰ ਰਿਹਾ ਹਾਂ। ਉਸ ਦੇਵੀ ਨੇ ਮੇਰੇ ਤੋਂ ਆਪਣੇ ਦੁੱਧ ਦੀ ਕੀਮਤ ਮੰਗੀ ਹੈ—ਕਿ 'ਇਕ ਵੱਡਾ ਭਾਈ ਬਣ ਕੇ ਛੋਟੀ ਭੈਣ ਦੀ ਰੱਖਿਆ ਕਰ ਅਤੇ ਉਹਦੀ ਜ਼ਿੰਦਗੀ ਦਾ ਮਾਰਗ ਦਰਸ਼ਕ ਬਣ! ਜਿਥੇ ਮੈਂ ਰਹਿੰਦੀ ਹਾਂ, ਉਸ ਬਦਨਾਮ ਬਸਤੀ ਦੇ ਵੱਲ ਭੁੱਲ ਕੇ ਵੀ ਰੁਖ਼ ਨਾ ਕਰਨਾ। ਭੁੱਲ ਜਾਣਾ ਕਿ ਤੁਹਾਡੀ ਕੋਈ ਮਾਂ ਹੈ, ਬਸ ਦੋਵੇਂ ਮੇਰੇ ਸੰਸਕਾਰ ਦੀ ਲਾਜ ਨਿਭਾਉਣਾ ਅਤੇ ਖ਼ੁਸ਼ ਰਹਿਣਾ—ਸਦਾ ਤੁਹਾਡੀ ਬੇਭਾਗੀ ਮਾਂ'..."

"ਨਾਰਾਇਣ ਵੀਰੇ ..." ਕਹਿੰਦੇ ਹੋਏ ਰਾਜੰਮਾ ਆਪਣੇ ਭਾਈ ਦੇ ਸੀਨ੍ਹੇ ਨਾਲ ਲਗ ਗਈ......।

ਖ਼ੁਸ਼ੀ ਦੀਆਂ ਲਹਿਰਾ ਦੇ ਕਿਨਾਰਿਆਂ ਦਾ ਸੰਗਮ ਪੂਰਾ ਹੋਇਆ।

—o—

# ਜਿਊਣ ਦੀ ਕਲਾ

ਪੈਰਾਂ ਵਿਚ ਝਾਂਜਰਾਂ ਪਾ ਕੇ ਛੰਮ-ਛੰਮ ਕਰਦੀ ਫਿਰਦੀ ਉਹ ਹਿਰਨੀ ਵਰਗੀ ਤੋਰ ਨਾਲ ਥਿਰਕਦੀ ਸੰਗੀਤ ਦੀ ਲੈਅ ਤਾਲ ਤੇ ਹੱਥਾਂ ਪੈਰਾਂ ਤੇ ਅੱਖਾਂ ਦੇ ਇਸ਼ਾਰਿਆਂ ਨਾਲ ਤਾਲਮੇਲ ਰੱਖਦੇ ਹੋਏ ਨ੍ਰਿਤ ਕਰਦੀ ਰਹੀ। ਨ੍ਰਿਤ ਖ਼ਤਮ ਹੋਣ ਦੀ ਦੇਰ ਸੀ ਕਿ ਹਾਲ ਵਿਚ ਤਾੜੀਆਂ ਦੀ ਗੂੰਜ ਸੁਣਾਈ ਦਿੰਦੀ ਰਹੀ ਅਤੇ ਉਨ੍ਹਾਂ ਤਾੜੀਆਂ ਦੀ ਆਵਾਜ਼ ਦੇ ਵਿਚਾਲੇ ਹੀ ਇਕ ਆਵਾਜ਼ ਸੁਣਾਈ ਦੇ ਰਹੀ ਸੀ, ਲਗਾਤਾਰ ਗੂੰਜਦਾ ਇਕ ਸੁਰ, ਇਕ ਤਾਲ ਵਿਚ, ਉਹ ਸੀ- 'ਵੰਨਸ ਮੋਰ, ਵੰਨਸ ਮੋਰ' ਅਤੇ ਇਹ ਆਵਾਜ਼ ਆਉਂਦੀ ਆਉਂਦੀ ਅਚਾਨਕ ਬੰਦ ਹੋ ਗਈ। ਜਿਵੇਂ ਸਪੀਡ ਨਾਲ ਚਲਦੀ ਹੋਈ ਗੱਡੀ ਨੂੰ ਅਚਾਨਕ ਬ੍ਰੇਕ ਲਗਾ ਦਿੱਤੇ ਹੋਣ।

ਨ੍ਰਿਤ ਸਮਾਪਤ ਹੋਣ ਤੋਂ ਬਾਅਦ ਸਟੇਜ ਦਾ ਪਰਦਾ ਜਿਹੜਾ ਥੱਲ੍ਹੇ ਡਿੱਗਿਆ ਸੀ, ਇਕ ਵਾਰ ਫੇਰ ਉਪਰ ਉੱਠਿਆ ਅਤੇ ਦਰਸ਼ਕਾਂ ਦੀਆਂ ਅੱਖਾਂ ਸਟੇਜ 'ਤੇ ਜਾ ਕੇ ਰੁਕ ਗਈਆਂ। ਹਜ਼ਾਰਾਂ ਦਿਲਾਂ ਦੀ ਧੜਕਣ, ਉਨ੍ਹਾਂ ਦੀ ਮਨਪਸੰਦ ਕਲਾਕਾਰ ਨ੍ਰਿਤ ਜਗਤ ਦੀ ਮੋਰਨੀ ਪੂਰਨਿਮਾ ਉਨ੍ਹਾਂ ਦੇ ਸਾਹਮਣੇ ਖੜ੍ਹੀ ਸੀ। ਪਰ ਇਹ ਕੀ ? ਉਹ ਦਾ ਰੰਗ ਰੂਪ ਕਿਉਂ ਉੱਡਿਆ ਹੋਇਆ ਹੈ, ਚਿਹਰੇ 'ਤੇ ਮੁੜ੍ਹਕੇ ਦੀਆਂ ਬੂੰਦਾਂ, ਅੱਖਾਂ ਵਿਚ ਬੁਝਦੀ ਹੋਈ ਰੌਸ਼ਨੀ ਦੀ ਲੋਅ ਕਿਉਂ ਹੈ ? ਬੁੱਲ੍ਹਾਂ ਦੀ ਲਾਲੀ ਦੀ ਥਾਂ ਡੂੰਘੇ ਪਰਛਾਵੇਂ ਅਤੇ ਗੱਲ੍ਹਾਂ ਦੀ ਰੰਗਤ ਏਵੇਂ ਉੱਡੀ ਹੋਈ, ਜਿਵੇਂ ਉਹਨਾਂ 'ਤੇ ਕਿਸੇ ਨੇ ਕਲੀ ਫੇਰ ਦਿੱਤੀ ਹੋਵੇ। ਉਹ ਦੋ ਸਾਥੀ ਕਲਾਕਾਰਾਂ ਦਾ ਸਹਾਰਾ ਲੈ ਕੇ ਖੜ੍ਹੀ ਸੀ, ਖੜ੍ਹੀ ਵੀ ਨਹੀਂ, ਇੰਝ ਕਹਿ ਲਓ ਜਿਵੇਂ ਉਨ੍ਹਾਂ ਦੋ ਫੁਹੜੀਆਂ ਦੇ ਆਸਰੇ ਪੂਰਨਿਮਾ ਲੜਖੜਾਉਣ ਤੋਂ ਬਚੀ ਹੋਈ ਸੀ। ਜਿਹਦੀ ਤੋਰ ਕੁਝ ਪਲ ਪਹਿਲਾਂ ਹਿਰਨੀ ਦੇ ਵਾਂਗ ਥਿਰਕ ਰਹੀ ਸੀ, ਬਿਜਲੀ ਦੇ ਵਾਂਗ ਫੁਰਤੀਲੀ ਸੀ, ਉਹ ਇਸ ਸਮੇਂ ਸਹਾਰੇ ਦੀ ਮੁਥਾਜ ਕਿਉਂ ? ਫੁੱਲਾਂ ਵਾਂਗ ਖਿੜੇ ਹੋਏ ਚਿਹਰੇ 'ਤੇ ਲਾਲੀ ਦੀ ਥਾਂ 'ਤੇ ਮਾਯੂਸੀ ਕਿਉਂ ? ਮੁਰਝਾਇਆ ਹੋਇਆ ਹਾਸਾ ਕਿਉਂ ? ਹਰ ਇੱਕ ਦਰਸ਼ਕ ਦੇ ਮਨ ਵਿਚ ਅਣਗਿਣਤ ਸਵਾਲ ਆਏ, ਜਿਨ੍ਹਾਂ ਦਾ ਉੱਤਰ ਸਾਰੇ ਜਾਣਨਾ ਚਾਹੁੰਦੇ ਸਨ। ਪਰ ਹਰ ਪਾਸੇ ਚੁੱਪ ਪਸਰੀ ਹੋਈ ਸੀ, ਸਾਰਿਆਂ ਦੇ ਮੂੰਹ ਸਿਉਂਤੇ ਹੋਏ ਸਨ, ਜਿਵੇਂ ਉਨ੍ਹਾਂ ਨੂੰ ਕੋਈ ਸੱਪ ਸੁੰਘ



ਗਿਆ ਹੋਵੇ। 'ਵੰਨਸ ਮੋਰ' ਕਹਿਣ ਵਾਲੀਆਂ ਜ਼ਬਾਨਾਂ 'ਤੇ ਜਿਵੇਂ ਜਿੰਦੇ ਜੜੇ ਗਏ ਹੋਣ ਅਤੇ ਖ਼ਾਮੋਸ਼ੀ ਦੀ ਇਸ ਠੰਢੀ ਚੁੱਪ ਨੂੰ ਇਕ ਜਾਣੀ ਪਛਾਣੀ ਕੰਬਦੀ ਹੋਈ ਆਵਾਜ਼ ਨੇ ਤੋੜਿਆ। ਇਹ ਆਵਾਜ਼ ਕਿਸੇ ਹੋਰ ਦੀ ਨਹੀਂ, ਦਰਸ਼ਕਾਂ ਦੀ ਪਸੰਦੀਦਾ ਪੂਰਨਿਮਾ ਦੀ ਮਾਂ ਨਿਰਮਲਾ ਦੇਵੀ ਦੀ ਸੀ, ਜਿਹੜੀ ਬੇਟੀ ਦਾ ਸਹਾਰਾ ਬਣ ਕੇ ਉਹਦੇ ਕੋਲ ਹੀ ਹੱਥ ਜੋੜ ਕੇ, ਸਿੱਲ੍ਹੀਆਂ ਅੱਖਾਂ ਨਾਲ ਖੜ੍ਹੀ ਸੀ।

"ਪਿਆਰੇ ਦੋਸਤੋ, ਮੈਂ ਆਪਣੇ ਵੱਲੋਂ ਅਤੇ ਤੁਹਾਡੀ ਮਹਿਬੂਬ ਕਲਾਕਾਰ ਪੂਰਨਿਮਾ ਦੇ ਵੱਲੋਂ ਮਾਫ਼ੀ ਮੰਗਦੀ ਹਾਂ। ਅੱਜ ਪਹਿਲੀ ਵਾਰ ਤੁਹਾਡੇ ਲੋਕਾਂ ਦੀ ਫ਼ਰਮਾਇਸ਼ ਪੂਰੀ ਨਾ ਕਰ ਸਕਣ ਦਾ ਦੁੱਖ ਹੈ ਅਤੇ ਦੁੱਗਣਾ ਦੁੱਖ ਇਸ ਗੱਲ ਦਾ ਹੈ ਕਿ ਅੱਜ ਮੇਰੀ ਬੇਟੀ ਦਾ ਦੁੱਖ ਤੁਹਾਡੇ ਦੁੱਖਾਂ ਦਾ ਕਾਰਨ ਬਣਿਆ ਹੈ। ਪੂਰਨਿਮਾ ਦਿਲ ਦੀ ਮਰੀਜ਼ ਹੈ, ਦਿਲ ਦੇ ਦੌਰੇ ਨੇ ਹੁਣੇ ਹੁਣੇ ਦਸਤਕ ਦੇ ਕੇ ਉਹਨੂੰ ਸਾਡੇ ਮੂਹਰੇ ਇਸ ਹਾਲ ਵਿਚ ਖੜ੍ਹਾ ਕਰ ਦਿੱਤਾ ਹੈ। ਇਸ ਵਿਚ ਸ਼ਾਇਦ ਤੁਹਾਡੇ ਸਾਰਿਆਂ ਦੀ ਦੁਆਵਾਂ ਅਤੇ ਸ਼ੁਭਕਾਮਨਾਵਾਂ ਵੀ ਸ਼ਾਮਿਲ ਹਨ ਜਿਹੜੀ ਉਹ ਤੁਹਾਡੇ ਸਾਹਮਣੇ ਨ੍ਰਿਤ ਪੇਸ਼ ਕਰ ਸਕੀ। ਹੁਣ ਤੁਸੀਂ ਸਾਨੂੰ ਇਜਾਜ਼ਤ ਦਿਓ। ਪੂਰਨਿਮਾ ਦੀ ਡਾਕਟਰ ਵੀ ਆ ਗਈ ਹੈ।" ਅਜਿਹਾ ਕਹਿੰਦੇ ਹੋਏ ਨਿਰਮਲਾ ਦੇਵੀ ਨੇ ਬੇਟੀ ਨੂੰ ਸਹਾਰਾ ਦੇ ਕੇ ਸਟ੍ਰੈਚਰ 'ਤੇ ਪਾਇਆ, ਜਿਹੜਾ ਉਸ ਸਮੇਂ ਹੀ ਸਟੇਜ 'ਤੇ ਲਿਆਂਦਾ ਗਿਆ ਸੀ। ਡਾ. ਮਮਤਾ ਨੇ ਉਥੇ ਹੀ ਜਾਂਚ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਦੇਖਦੇ ਹੀ ਦੇਖਦੇ ਭੱਜ ਦੌੜ ਸ਼ੁਰੂ ਹੋ ਗਈ। ਸਟ੍ਰੈਚਰ ਹਸਪਤਾਲ ਦੀ ਗੱਡੀ ਵਿਚ ਰੱਖਦੇ ਹੀ, ਗੱਡੀ ਨੇ ਰਫ਼ਤਾਰ ਫੜੀ ਅਤੇ ਆਡੀਟੋਰੀਅਮ ਦੇ ਫਾਟਕ ਤੋਂ ਬਾਹਰ ਨਿਕਲ ਗਈ । ਅੱਗੇ ਅੱਗੇ ਗੱਡੀ ਤੇ ਪਿੱਛੇ ਪਿੱਛੇ ਚਾਹੁਣ ਵਾਲਿਆਂ ਦਾ ਕਾਫ਼ਲਾ, ਜਿਨ੍ਹਾਂ ਦੇ ਹੱਥ ਦੁਆਵਾਂ ਵਿਚ ਉੱਠੇ ਹੋਏ ਸਨ। ਉਹ ਚਲਦੇ ਰਹੇ, ਅੱਗੇ ਵਧਦੇ ਰਹੇ, ਜਦੋਂ ਤਕ ਗੱਡੀ ਅੱਖਾਂ ਤੋਂ ਓਹਲੇ ਨਾ ਹੋ ਗਈ। ਬਿਨਾਂ ਬੁੱਲ੍ਹ ਹਿਲਾਏ ਕੀਤੀ ਗਈ ਅਰਦਾਸ ਹਾਰੇ ਹੋਏ ਇਨਸਾਨ ਦਾ ਇਕ ਮਾਤਰ ਸਹਾਰਾ ਹੁੰਦੀ ਹੈ, ਦਿਲ ਦੀਆਂ ਡੂੰਘਾਈਆਂ 'ਚੋਂ ਨਿਕਲੀ ਇਹ ਨਿਸ਼ਬਦ ਬੰਦਗੀ ਹਰੇਕ ਖ਼ਾਲੀ ਝੋਲ਼ੀ ਨੂੰ ਭਰਨ ਦਾ ਇਕ ਮਾਤਰ ਸੱਚਾ ਅਤੇ ਪੱਕਾ ਸਾਧਨ ਹੈ, ਜਿਥੇ ਦਿਲ ਦੀ ਗੱਲ ਕਹਿਣ ਤੋਂ ਪਹਿਲਾਂ ਸੁਣ ਲਈ ਜਾਂਦੀ ਹੈ। ਹਰ ਅਣਕਹੇ ਸਵਾਲ ਦਾ ਜਵਾਬ ਦਿਲ ਦੇ ਹਰ ਕੋਨੇ ਨੂੰ ਰਾਹਤ ਦਿੰਦਾ ਹੈ। ਅਜਿਹੀ ਬੰਦਗੀ ਦਵਾਈ ਤੋਂ ਪਹਿਲਾਂ ਦੁਆ ਦੀ ਦੌਲਤ ਨਾਲ ਮਾਲਾਮਾਲ ਕਰ ਦਿੰਦੀ ਹੈ।

ਥੋੜ੍ਹੇ ਹੀ ਸਮੇਂ ਵਿਚ ਹਾਲ ਖਾਲੀ ਹੋ ਗਿਆ, ਨਾ ਆਵਾਜ਼ ਸੀ, ਨਾ ਸ਼ੋਰ ਬਸ ਖ਼ਾਮੋਸ਼ੀ ਰਹੀ, ਏਵੇਂ ਲੱਗਿਆ ਜਿਵੇਂ ਕੋਈ ਮੰਦਰ ਤੋਂ, ਕੋਈ ਗਿਰਜਾ ਘਰ, ਕੋਈ ਗੁਰਦੁਆਰੇ ਅਤੇ ਕੋਈ ਮਸਜਿਦ ਤੋਂ ਮਾਲਕ ਦੀ ਰਹਿਮਤ ਦੀ ਦੁਆ ਮੰਗ

ਕੇ ਨਿਕਲਿਆ ਹੋਵੇ, ਉਸ ਕਲਾਕਾਰ ਦੇ ਲਈ ਜਿਹੜੀ ਆਪਣੇ ਨ੍ਰਿਤ ਨਾਲ ਦਿਲਾਂ ਦੀਆਂ ਧੜਕਣਾਂ ਵਿਚ ਸੰਚਾਰ ਕਰਦੀ ਰਹੀ ਅਤੇ ਅੱਜ ਉਹਦਾ ਹੀ ਦਿਲ ਆਪਣੀ ਤੋਰ ਭੁੱਲ ਕੇ ਹਸਪਤਾਲ ਦੇ ਵੱਲ ਜਾ ਰਿਹਾ ਸੀ। ਨਿਰਮਲਾ ਦੇਵੀ ਆਈ. ਸੀ. ਯੂ. ਦੇ ਬਾਹਰ ਨਿਰੰਤਰ ਆਪਣੀਆਂ ਬੇਚੈਨੀਆਂ ਤੋਂ ਜਾਣੂ ਸੀ। ਇਹ ਕੋਈ ਪਹਿਲਾ ਮੌਕਾ ਨਹੀਂ ਸੀ। ਪਹਿਲਾਂ ਵੀ ਦੋ ਵਾਰ ਨ੍ਰਿਤ ਕਰਦੇ ਹੋਏ ਅਜਿਹਾ ਹੋ ਚੁੱਕਿਆ ਸੀ। ਪਹਿਲੀ ਵਾਰ ਉਦੋਂ, ਜਦੋਂ ਪੂਰਨਿਮਾ ਸੱਤ ਸਾਲਾਂ ਦੀ ਸੀ ਅਤੇ ਦੂਜੀ ਵਾਰ ਉਦੋਂ ਜਦੋਂ ਉਹ ਦਸਵੀਂ 'ਚ ਪੜ੍ਹਦੀ ਸੀ। ਪਹਿਲੀ ਵਾਰ ਹੀ ਡਾਕਟਰ ਨੇ ਚੈਕਅੱਪ ਤੋਂ ਬਾਅਦ ਦੱਸਿਆ ਸੀ ਕਿ ਉਹਦੇ ਦਿਲ ਵਿਚ ਸੁਰਾਖ਼ ਹੈ, ਜਿਹੜਾ ਉਹਦੀ ਵਧਦੀ ਉਮਰ ਦੇ ਨਾਲ ਨਾਲ ਹੀ ਵਧਦਾ ਜਾ ਰਿਹਾ ਸੀ। ਜਦੋਂ ਜਦੋਂ ਦਿਲ ਦੀ ਧੜਕਣ ਤੇਜ਼ ਹੋਵੇਗੀ। ਉਹਦੇ ਦਿਲ 'ਤੇ ਦਬਾਅ ਵਧਣ ਦਾ ਡਰ ਬਣਿਆ ਰਹੇਗਾ। ਡਾਕਟਰਾਂ ਨੇ ਤਾਂ ਨਿਰਮਲਾ ਦੇਵੀ ਨੂੰ ਇਹ ਵੀ ਕਿਹਾ ਸੀ ਕਿ ਨ੍ਰਿਤ ਕਲਾ ਨਾਲ ਦਿਲ ਦੀ ਧੜਕਣ ਏਨੀ ਤੇਜ਼ ਹੋ ਜਾਂਦੀ ਹੈ ਕਿ ਆਮ ਇਨਸਾਨ ਨੂੰ ਵੀ ਆਕਸੀਜਨ ਦੀ ਜ਼ਰੂਰਤ ਪੈਂਦੀ ਹੈ। ਪੂਰਨਿਮਾ ਤਾਂ.....। ਇਸ ਸੱਚਾਈ ਨੂੰ ਨਿਰਮਲਾ ਦੇਵੀ ਨੇ ਮਾਂ ਹੋ ਕੇ ਜਾਣਿਆ, ਪਲ ਪਲ ਮਹਿਸੂਸ ਕੀਤਾ ਅਤੇ ਭੋਗਿਆ। ਸਮੇਂ ਦੇ ਨਾਲ ਹਰ ਸੱਚਾਈ ਦਾ ਸਾਹਮਣਾ ਕਰਦੇ ਹੋਏ ਉਹ ਇਸ ਗੱਲ ਤੋਂ ਭਲੀਭਾਂਤ ਜਾਣੂ ਸੀ। ਸਭ ਤੋਂ ਜ਼ਿਆਦਾ ਦਰਦਨਾਕ ਗੱਲ ਤਾਂ ਇਹ ਰਹੀ ਕਿ ਉਹ ਆਪਣੀ ਬੇਟੀ ਦੇ ਲਈ ਕੁਝ ਨਾ ਕਰ ਸਕਣ ਦੀ ਬੇਬਸੀ ਨੂੰ ਮਹਿਸੂਸ ਕਰਦੀ ਰਹੀ, ਚੁੱਪਚਾਪ ਹੰਝੂ ਵਹਾਉਂਦੀ ਰਹੀ, ਪਰ ਉਹਦਾ ਨਾ ਇਲਾਜ ਬਣ ਸਕੀ, ਨਾ ਕਰਵਾ ਸਕੀ।

ਪੰਜ ਸਾਲ ਦੀ ਉਮਰ ਵਿਚ ਹੀ ਪੂਰਨਿਮਾ ਨੇ ਇਹ ਕਲਾ ਸਿੱਖਣੀ ਸ਼ੁਰੂ ਕਰ ਦਿੱਤੀ। ਗਾਣਾ ਅਤੇ ਨੱਚਣਾ ਦੋਵੇਂ ਨਾਲੋ ਨਾਲ ਚਲਦੇ ਰਹੇ। ਪਰ ਜਲਦੀ ਹੀ ਉਹਨੂੰ ਗਾਣੇ ਦੀ ਇੱਛਾ ਨੂੰ ਤਿਆਗਣਾ ਪਿਆ ਕਿਉਂਕਿ ਗਾਉਂਦੇ ਸਮੇਂ ਸਾਹ ਰੋਕ ਕੇ ਸੁਰ ਲਗਾਉਣ ਵਿਚ ਦਿੱਕਤ ਪੈਦਾ ਹੋ ਰਹੀ ਸੀ ਅਤੇ ਸੰਗੀਤ ਬਿਨਾਂ ਰਿਆਜ਼ ਤੋਂ ਕਿੱਥੇ ਪੂਰਾ ਹੁੰਦਾ ਹੈ? ਪੂਰਨਿਮਾ ਨੇ ਸੰਗੀਤ ਨੂੰ ਤਿਆਗ ਦਿੱਤਾ ਪਰ ਨ੍ਰਿਤ ਨੂੰ ਖ਼ੁਦ ਤੋਂ ਕਦੇ ਵੀ ਅਲੱਗ ਨਾ ਕਰ ਸਕੀ। ਮਾਂ ਦੇ ਹਰ ਤਰਕ ਦਾ ਜਵਾਬ ਉਹਦੇ ਕੋਲ ਸੀ- 'ਜੇਕਰ ਮੈਂ ਸਰੀਰ ਹਾਂ ਨ੍ਰਿਤ ਕਲਾ ਮੇਰੀ ਆਤਮਾ ਹੈ, ਜੇਕਰ ਆਤਮਾ ਸਰੀਰ ਤੋਂ ਅਲੱਗ ਕਰ ਦਿੱਤੀ ਜਾਵੇ ਤਾਂ ਸਰੀਰ ਮੁਰਦਾ ਬੇਜਾਨ ਹੋ ਜਾਵੇਗਾ। ਜੇਕਰ ਨ੍ਰਿਤ ਮੇਰੇ ਤੋਂ ਛੁਡਵਾਇਆ ਗਿਆ ਤਾਂ ਮੈਂ ਵੀ ਮਰ ਜਾਵਾਂਗੀ।' ਬਸ ਇਥੇ ਆ ਕੇ ਹਰ ਤਰਕ ਦੇ ਮੂਹਰੇ ਇਕ ਮਾਂ ਤਾਂ ਨਹੀਂ, ਪਰ ਮਾਂ ਦੀ ਮਮਤਾ ਹਾਰ ਮੰਨ ਜਾਂਦੀ ਸੀ।

ਜਦੋਂ ਪੂਰਨਿਮਾ ਦਸਵੀਂ ਵਿਚ ਸੀ ਤਾਂ ਵਿਦਾਇਗੀ ਪਾਰਟੀ ਵਿਚ ਨ੍ਰਿਤ



ਸੰਗੀਤ ਦਾ ਆਯੋਜਨ ਵੀ ਕੀਤਾ ਗਿਆ। ਪੂਰਨਿਮਾ ਨੇ ਮਾਂ ਅਤੇ ਡਾਕਟਰ ਦੀ ਸਲਾਹ ਨੂੰ ਨਜ਼ਰਅੰਦਾਜ਼ ਕਰਦੇ ਹੋਏ ਨ੍ਰਿਤ ਵਿਚ ਭਾਗ ਲਿਆ। ਅਭਿਆਸ ਕਰਦੇ ਕਰਦੇ ਉਹ ਥੱਕ ਕੇ ਨਿਢਾਲ ਹੋ ਜਾਂਦੀ ਅਤੇ ਹੰਭਣ ਲਗਦੀ। ਜਿਵੇਂ ਪਿਆਰ ਅਤੇ ਜੰਗ ਵਿਚ ਸਭ ਜਾਇਜ਼ ਹੁੰਦਾ ਉਵੇਂ ਹੀ ਪੂਰਨਿਮਾ ਨੂੰ ਵੀ ਲੱਗਿਆ ਕਿ ਜ਼ਿੰਦਗੀ ਦੇ ਨਾਲ ਜੁੜਿਆ ਇਹ ਮੌਤ ਦਾ ਪਰਛਾਵਾਂ ਵੀ ਉਹਦੇ ਨਾਲ ਨਾਲ ਹੀ ਰਹੇਗਾ ਜਦੋਂ ਤਕ ਉਹਦੇ ਸਾਹ ਚਲਦੇ ਹਨ। ਜ਼ਿੰਦਗੀ ਵੀ ਤਾਂ ਜੰਗ ਹੈ ਅਤੇ ਲਗਾਤਾਰ ਲੜਦੇ ਰਹਿਣਾ ਇਕ ਸੰਘਰਸ਼ ਦੇ ਵਾਂਗ, ਜਿਹਦਾ ਸਾਹਮਣਾ ਭਾਵੇਂ ਮੈਦਾਨ-ਏ-ਜੰਗ ਵਿਚ ਕਰਨਾ ਹੋਵੇ ਜਾਂ ਸਹੂਲਤਾਂ ਦੀ ਸੇਜ 'ਤੇ। ਇਸੇ ਤਰਕ ਨਾਲ ਉਹ ਆਪਣੇ ਆਪ ਨੂੰ, ਮਾਂ ਨੂੰ ਤਸੱਲੀ ਦਿੰਦੀ ਹੁੰਦੀ ਸੀ। ਇਸ ਸੰਘਰਸ਼ ਦੇ ਰਾਹ 'ਤੇ ਕਦੇ ਪੈਦਲ ਚੱਲ ਕੇ, ਕਦੇ ਦੌੜ ਕੇ, ਕਦੇ ਹੱਸਦੇ ਨੱਚਦੇ, ਕਦੇ ਸਟ੍ਰੈਚਰ 'ਤੇ ਲੇਟਿਆਂ, ਉਹ ਆਪਣੇ ਇਸ ਇਕਲੌਤੇ ਸ਼ੌਕ ਨੂੰ ਸੰਘਰਸ਼ ਦਾ ਇਕ ਹਿੱਸਾ ਮੰਨ ਕੇ ਬਹੁਤ ਦਲੇਰੀ ਨਾਲ ਅੱਗੇ ਵੱਧਦੀ। ਉਹਦੇ ਇਸ ਜਨੂੰਨ ਦੀ ਹੱਦ 'ਤੇ, ਇਲਾਜ ਕਰਨ ਵਾਲੇ ਡਾਕਟਰ ਵੀ ਹੈਰਾਨ ਹੁੰਦੇ।

ਡਾਕਟਰ ਮਮਤਾ ਅਕਸਰ ਪੂਰਨਿਮਾ ਅਤੇ ਉਹਦੀ ਮਾਂ ਨਿਰਮਲਾ ਦੇਵੀ ਦੇ ਨਾਲ ਪ੍ਰੋਗਰਾਮ ਦੇ ਸਮੇਂ ਵੀ ਨਾਲ ਰਹਿੰਦੀ। ਕੀ ਪਤਾ ਕਦੋਂ ਕਿਹੜੀ ਮੁਸ਼ਕਲ ਸਥਿਤੀ ਵਿਚ ਉਸਦੀ ਜ਼ਰੂਰਤ ਪੈ ਜਾਵੇ। ਕਦੇ ਤਾਂ ਉਹਨੂੰ ਲਗਦਾ ਸੀ ਕਿ ਸ਼ਾਇਦ ਹੁਣੇ, ਹਾਂ ਬਸ ਹੁਣੇ ਹੀ ਦਿਲ ਧੜਕਦਾ ਧੜਕਦਾ ਰੁਕ ਜਾਵੇਗਾ, ਪਰ ਅਜਿਹਾ ਅੱਜ ਤਕ ਹੋਇਆ ਨਹੀਂ ਸੀ। ਪੂਰਨਿਮਾ ਦਾ ਤਨ, ਮਨ ਮੋਰ ਰੂਪੀ ਆਤਮਾ—ਇਕ ਲੈਅ, ਇਕ ਤਾਲ ਤੇ ਜ਼ਿੰਦਗੀ ਦੇ ਸੁਰ ਤਾਲ ਤੇ ਨ੍ਰਿਤ ਕਰਦੇ ਹੋਏ ਸਾਹਾਂ ਦਾ ਸਾਥ ਨਿਭਾਉਂਦੇ। ਆਤਮਾ ਵੀ ਕਦੇ ਮਰਦੀ ਹੈ? ਜੇਕਰ ਨਹੀਂ ਤਾਂ ਉਹਦਾ ਪਰਦਾ ਬਣਿਆ ਸਰੀਰ ਜਿਹਦੇ ਵਿਚ ਅਜਿਹੀ ਅਮਰ ਆਤਮਾ ਵਾਸ ਕਰਦੀ ਹੈ, ਜਿਹੜੀ ਸਾਹਾਂ ਦੇ ਸਾਜ਼ 'ਤੇ ਨ੍ਰਿਤ ਕਰਦੀ ਹੈ, ਹਰ ਪਲ, ਹਰ ਛਿਣ, ਦਿਨ ਰਾਤ, ਆਦਿ ਜੁਗਾਦਿ ਤੋਂ... ਕਿਵੇਂ ਮੁਰਝਾ ਸਕਦੀ ਹੈ?

ਪੂਰਨਿਮਾ ਦੀਆਂ ਅਜਿਹੀਆਂ ਗੱਲਾਂ ਸੁਣ ਕੇ ਡਾਕਟਰ ਵੀ ਹੈਰਾਨ ਹੋ ਜਾਂਦੇ ਸਨ। ਜਦੋਂ ਉਹ ਦਲੀਲਾਂ ਨੂੰ ਆਪਣੇ ਸ਼ੌਕ ਨੂੰ ਜਿਉਂਦਾ ਰੱਖਣ ਦੇ ਲਈ ਪੇਸ਼ ਕਰਦੀ। ਅਜਿਹੇ ਮੌਕਿਆ 'ਤੇ ਉਹ ਮੁਸਕੁਰਾਉਂਦੇ ਹੋਏ ਬਾਹਰ ਆਉਂਦੇ, ਇੰਤਜ਼ਾਰ ਕਰਨ ਨੂੰ ਕਹਿੰਦੇ। ਉਹ ਸਿਰਫ਼ ਮਾਂ ਸੀ, ਜਿਹੜੀ ਆਪਣੀ ਮਮਤਾ ਦੇ ਮੂਹਰੇ ਬੇਬਸ, ਕਮਜ਼ੋਰ ਸੀ। ਕੁਝ ਨਾ ਕਰ ਸਕਣ ਦੀ ਬੇਬਸੀ ਤੋਂ ਇਲਾਵਾ, ਇਕ ਕੰਮ ਜੋ ਉਹ ਲਗਨ ਨਾਲ ਕਰਿਆ ਕਰਦੀ—ਉਹ ਹੈ ਪੂਰਨਿਮਾ ਦੇ ਨੇੜੇ ਤੇੜੇ ਰਹਿੰਦੇ ਹੋਏ ਉਹਦੇ ਹੋਸ਼ ਵਿਚ ਆਉਣ ਦਾ ਇੰਤਜ਼ਾਰ ਕਰਨਾ। ਉਹ ਜਾਣਦੀ ਸੀ ਕਿ ਬੇਟੀ ਜਦੋਂ ਜਦੋਂ ਜ਼ਿਆਦਾ ਨੱਚੇਗੀ ਉਹਨੂੰ ਮੁੜ ਮੁੜ ਕੇ ਇਸੇ ਦੌਰ ਵਿਚੋਂ

ਲੰਘਣਾ ਪਵੇਗਾ, ਦੁੱਖ ਨੂੰ ਸਹਿਣਾ ਪਵੇਗਾ, ਉਨ੍ਹਾਂ ਪਲਾਂ ਨੂੰ ਜਿਉਣਾ ਪਵੇਗਾ। ਇਹੋ ਹੀ ਹੋਣੀ ਹੈ।

"ਮੈਡਮ ਤੁਸੀਂ ਮਰੀਜ਼ ਨੂੰ ਮਿਲ ਸਕਦੇ ਹੋ ?" ਇਹ ਨਰਸ ਦੀ ਆਵਾਜ਼ ਸੀ। ਨਿਰਮਲਾ ਦੇਵੀ ਨੇ ਕਮਰੇ ਦੇ ਅੰਦਰ ਆ ਕੇ ਬੇਟੀ ਦੇ ਚਿਹਰੇ 'ਤੇ ਇਕ ਨੂਰ ਦੇਖਿਆ, ਲੱਗਿਆ ਜਿਵੇਂ ਕਿਸੇ ਨੇ ਅਜੰਤਾ ਏਲੋਰਾ ਦੀ ਮੂਰਤੀ ਵਿਚ ਜਾਨ ਪਾ ਦਿੱਤੀ ਹੋਵੇ। ਪੂਰਨਿਮਾ ਦਾ ਮੱਥਾ ਚਮਕ ਰਿਹਾ ਸੀ, ਅੱਖਾਂ ਬੇਨਤੀ ਦੀ ਨਮੀ ਨਾਲ ਚਮਕਦੀਆਂ, ਬੁੱਲ੍ਹਾਂ 'ਤੇ ਜ਼ਿੰਦਗੀ ਦੇ ਵਿਸ਼ਵਾਸ ਨਾਲ ਇਕ ਭਰਪੂਰ ਹਾਸੀ, ਜਿਵੇਂ ਅਨੰਤ ਤੋਂ ਆਉਂਦੀ ਹੋਈ ਧੁਨ 'ਤੇ ਥਿਰਕਦੀ ਹੋਈ ਉਹਦੀ ਧੜਕਣ ਉੱਥੇ ਲੀਨ ਹੋਵੇ, ਜਿਥੇ ਸਰੀਰ ਅਤੇ ਆਤਮਾ ਦੋਵੇਂ ਇਕਮਿਕ ਹੋ ਗਈਆਂ ਹੋਣ।

ਨਿਰਮਲਾ ਨੇ ਥੋੜ੍ਹਾ ਅੱਗੇ ਹੋ ਕੇ ਝੁਕ ਕੇ ਉਹਦਾ ਮੱਥਾ ਚੁੰਮਦੇ ਹੋਏ ਕਿਹਾ "ਅਗਲੇ ਮਹੀਨੇ ਪੂਰਨਮਾਸ਼ੀ ਦੀ ਰਾਤ ਨੂੰ ਗ੍ਰੀਨ ਇੰਸਟੀਚਿਊਟ ਵਾਲੇ ਤਾਰੀਖ਼ ਮੰਗ ਰਹੇ ਨੇ। ਉਨ੍ਹਾਂ ਨੂੰ ਕੀ ਕਹਾਂ ?"

"ਉਹੀ ਜਿਹੜਾ ਹਮੇਸ਼ਾ ਕਹਿੰਦੀ ਐਂ। ਤੇਰੇ ਆਸ਼ੀਰਵਾਦ ਨਾਲ ਹੀ ਮੈਂ ਤੇਰੇ ਹਰ ਡਰ ਨੂੰ ਝੂਠਾ ਸਾਬਤ ਕਰ ਕੇ ਤੇਰੀ ਨਾਰਾਜ਼ਗੀ ਤੋਂ ਬਚ ਜਾਂਦੀ ਹਾਂ। ਇਸ ਕਰਕੇ ਤੂੰ ਖ਼ੁਸ਼ੀ ਖ਼ੁਸ਼ੀ ਹਾਂ ਕਰਦੇ ਮਾਂ। ਦੋ ਤਿੰਨ ਦਿਨ ਏਥੇ ਆਰਾਮ, ਦੋ ਤਿੰਨ ਦਿਨ ਘਰ ਵਿਚ ਆਰਾਮ, ਫੇਰ ਇਹੀ ਸਿਲਸਿਲੇਵਾਰ ਥਕਾਵਟ। ਹਰ ਪੜਾਅ 'ਤੇ ਰੁਕਣਾ, ਸਾਹ ਲੈਣਾ ਅਤੇ ਫੇਰ ਮੰਜ਼ਿਲ ਦੇ ਵੱਲ ਅੱਗੇ ਹੋਰ ਅੱਗੇ ਚਲਦੇ ਰਹਿਣਾ ਹੀ ਤਾਂ ਜ਼ਿੰਦਗੀ ਹੈ। ਮਾਂ, ਮੇਰੀ ਪਿਆਰੀ ਮਾਂ, ਚੱਲਣ ਦੇ ਏਵੇਂ ਹੀ ਇਸ ਸਿਲਸਿਲੇ ਨੂੰ। ਹਾਂ ਇਕ ਸ਼ਰਤ ਹੈ, ਮੇਰੇ ਸਫ਼ਰ ਵਿਚ ਤੂੰ ਹੀ ਮੇਰੀ ਹਮਸਫ਼ਰ ਰਹੀਂ, ਤੇਰੇ ਕਦਮਾਂ ਦੇ ਨਕਸ਼ਾਂ 'ਤੇ ਚਲਦੇ ਹੋਏ ਮੈਂ ਜ਼ਿੰਦਗੀ ਦਾ ਸਫ਼ਰ ਤੈਅ ਕਰਾਂ। ਤੂੰ ਹੀ ਮੇਰੀ ਕਿਸ਼ਤੀ ਅਤੇ ਤੂੰ ਹੀ ਮੇਰੀ ਮਲਾਹ ਹੈਂ, ਤੂੰ ਹੀ ਏਹਨੂੰ ਪਾਰ ਲਾਉਣਾ ਹੈ।" ਕਹਿੰਦੇ ਹੋਏ ਪੂਰਨਿਮਾ ਨੇ ਅੱਖਾਂ ਬੰਦ ਕਰ ਲਈਆਂ। ਜਿਵੇਂ ਉਹ ਸੱਚ ਵਿਚ ਹੀ ਆਰਾਮ ਦੀ ਤਲਬਗਾਰ ਹੋਵੇ।

"ਚਲ ਝੱਲੀ ਨਾ ਹੋਵੇ ਹੁਣ ਬਸ ਕਰ। ਜਾਣਦੀ ਹਾਂ ਤੂੰ ਗੁਣੀ ਤੇ ਗਿਆਨੀ ਹੈਂ। ਇਸ ਵਿਚ ਕੋਈ ਸ਼ੱਕ ਨਹੀਂ, ਮੈਂ ਹੀ ਤੇਰੀ ਕਿਸ਼ਤੀ ਅਤੇ ਤੇਰਾ ਮਲਾਹ। ਹੁਣ ਚੁੱਪ ਰਹਿ ਕੇ ਥੋੜ੍ਹਾ ਚਿਰ ਆਰਾਮ ਕਰ ਲੈ" ਕਹਿੰਦੇ ਹੋਏ ਨਿਰਮਲਾ ਦੇਵੀ ਨੇ ਉਹਦੇ ਸਿਰ 'ਤੇ ਪਿਆਰ ਨਾਲ ਹੱਥ ਫੇਰਦੇ ਹੋਏ ਉਹਦੇ ਮੱਥੇ ਨੂੰ ਚੁੰਮ ਲਿਆ। ਉਹਨੂੰ ਯਕੀਨ ਜਿਹਾ ਹੁੰਦਾ ਜਾ ਰਿਹਾ ਸੀ ਕਿ ਪੂਰਨਿਮਾ ਨੇ ਆਪਣੇ ਜਿਊਣ ਦੇ ਮਕਸਦ ਨੂੰ ਪਛਾਣਿਆ ਹੈ ਅਤੇ ਨਾਲ ਹੀ ਜਿਊਣ ਦੀ ਕਲਾ 'ਤੇ ਵੀ ਮੁਹਾਰਤ ਹਾਸਿਲ ਕਰ ਲਈ ਹੈ।

—o—



# ਮਮਤਾ

"ਇਹ ਕਿਥੋਂ ਦਾ ਇਨਸਾਫ਼ ਹੈ ਕਿ ਮੈਂ ਆਪਣੇ ਬੱਚੇ ਨੂੰ ਦੇਖ ਨਹੀਂ ਸਕਦੀ ? ਦੇਖਦੇ ਹੋਏ ਉਹਨੂੰ ਛੂਹ ਨਹੀਂ ਸਕਦੀ ? ਉਹਦੇ ਮੁਲਾਇਮ ਸਰੀਰ ਨੂੰ ਮਹਿਸੂਸ ਨਹੀਂ ਕਰ ਸਕਦੀ ? ਉਹਨੂੰ ਆਪਣੇ ਕਲਾਵੇ ਵਿਚ ਨਹੀਂ ਲੈ ਸਕਦੀ, ਕਿਉਂ, ਪਰ ਕਿਉਂ ? ਮੈਂ ਮਾਂ ਹਾਂ ਉਹਦੀ, ਮੈਨੂੰ ਇਹ ਕਿਹੋ ਜਿਹੀ ਸਜ਼ਾ ਦਿੱਤੀ ਜਾ ਰਹੀ ਹੈ ?"

ਮਾਲਾ ਦੀਆਂ ਇਹ ਭਾਵਨਾਵਾਂ ਇਸ ਸਮੇਂ ਕਿਸੇ ਮਾਲਾ ਦੇ ਖਿੰਡੇ ਹੋਏ ਮੋਤੀਆਂ ਵਾਗੂੰ ਲੜਖੜਾਉਂਦੀ ਜ਼ਬਾਨ ਤੋਂ ਟੁੱਟੇ ਹੋਏ ਸ਼ਬਦਾਂ ਵਿਚ ਆਪਣੀ ਤੜਫ਼ ਨੂੰ ਜ਼ਾਹਿਰ ਕਰਨ ਦੇ ਯਤਨਾਂ ਵਿਚ ਵਿਲ੍ਹਕਦੇ ਨਜ਼ਰ ਆ ਰਹੇ ਸਨ।

"ਤੂੰ ਖ਼ੁਦ ਨੂੰ ਇਸ ਦੇ ਲਾਇਕ ਰੱਖਿਆ ਹੀ ਕਦੋਂ ਹੈ ?"

"ਕੀ ਮਤਲਬ ?" ਇਹ ਮਾਲਾ ਦੀ ਡਰੀ ਹੋਈ ਆਵਾਜ਼ ਸੀ।

"ਤੂੰ ਆਪਣੇ ਆਪ ਨੂੰ ਪੁੱਛ, ਆਪਣੇ ਅੰਦਰਲੇ ਮਨ ਨੂੰ ਪੁੱਛ ? ਆਪਣੇ ਅੰਦਰ ਦੀ ਉਸ ਮਾਂ ਨੂੰ ਪੁੱਛ ਜਿਹੜੀ ਅੱਜ ਮਮਤਾ ਦਾ ਦਾਅਵਾ ਕਰ ਰਹੀ ਹੈ।"

"ਮਾਂ ਹਾਂ ਮੈਂ ਉਹਦੀ, ਉਹਦੀ ਜਨਮਦਾਤੀ। ਮੇਰੀ ਕੁੱਖ 'ਚੋਂ ਪੈਦਾ ਹੋਇਆ ਉਹ ਮੇਰਾ ਅੰਸ਼ ਹੈ, ਫੇਰ ਸਾਡੇ ਵਿਚਾਲੇ ਇਹ ਦੂਰੀ ਕਿਹੋ ਜਿਹੀ ਹੈ ?" ਮਾਲਾ ਟੁੱਟਵੇਂ ਸ਼ਬਦਾਂ ਵਿਚ ਜਿਵੇਂ ਆਪਣੇ ਆਪ ਨਾਲ ਗੱਲਾਂ ਕਰਦੀ ਜਾ ਰਹੀ ਸੀ, ਪਰ ਮਨ ਹੀ ਮਨ ਵਿਚ ਕਿਤੇ ਨਾ ਕਿਤੇ ਖ਼ੁਦ ਨੂੰ ਦੋਸ਼ਣ ਵੀ ਸਮਝ ਰਹੀ ਸੀ।

"ਇਸ ਵਿਚ ਕੋਈ ਸ਼ੱਕ ਨਹੀਂ ਕਿ ਤੂੰ ਉਹਦੀ ਮਾਂ ਹੈਂ, ਇਹ ਵੀ ਮੰਨਿਆ ਕਿ ਉਹ ਤੇਰਾ ਅੰਸ਼ ਹੈ, ਪਰ ਮਾਂ ਹੋਣ ਦੇ ਨਾਲ ਨਾਲ ਮਾਂ ਦੇ ਕੁਝ ਫ਼ਰਜ਼ ਵੀ ਹੁੰਦੇ ਹਨ, ਜਿਨ੍ਹਾਂ ਦਾ ਤੂੰ ਪਾਲਣ ਨਹੀਂ ਕੀਤਾ, ਇਹ ਤੂੰ ਬਾਖ਼ੂਬੀ ਜਾਣਦੀ ਹੈਂ। ਕੀ ਕਸੂਰ ਹੈ ਇਸ ਬੱਚੇ ਦਾ, ਜਿਹਨੇ ਅਜੇ ਤਕ ਅੱਖਾਂ ਖੋਲ੍ਹ ਕੇ ਦੁਨੀਆ ਦੀ ਰੌਸ਼ਨੀ ਵੀ ਨਹੀਂ ਦੇਖੀ ਹੈ ? ਇਸ ਰੌਸ਼ਨੀ ਨੂੰ ਦੇਖਣ ਤੋਂ ਪਹਿਲਾਂ ਹੀ ਉਹਦੀ ਜ਼ਿੰਦਗੀ ਨੂੰ ਹਨੇਰਿਆਂ ਵੱਲ ਧੱਕ ਦਿੱਤਾ ਹੈ ਤੂੰ...।"

"ਆਖ਼ਿਰ ਤੁਸੀਂ ਕਹਿਣਾ ਕੀ ਚਾਹੁੰਦੇ ਹੋ ?" ਮਾਲਾ ਸੁੰਨੀਆਂ ਅੱਖਾਂ ਦੇ ਨਾਲ ਡਾ. ਮਾਨਵੀ ਦੇ ਵੱਲ ਤੱਕਦੀ ਰਹੀ ਜਿਹੜੀ ਕੰਧ ਬਣ ਕੇ ਉਹਦੀ ਮਮਤਾ ਤੇ ਬੱਚੇ ਦੇ ਵਿਚਕਾਰ ਖੜ੍ਹੀ ਸੀ।

"ਤੂੰ ਖੁਦ ਵੀ ਜਾਣਦੀ ਐਂ, ਕਿ ਮੈਂ ਕਹਿਣਾ ਕੀ ਚਾਹੁੰਦੀ ਹਾਂ" ਡਾ. ਮਾਨਵੀ ਨੇ ਸ਼ਾਂਤ ਅਤੇ ਠਰ੍ਹੰਮੇ ਵਾਲੀ ਆਵਾਜ਼ ਵਿਚ ਮਾਲਾ ਦੇ ਵੱਲ ਬਿਨਾਂ ਅੱਖ ਝਪਕਾਇਆਂ ਦੇਖਦੇ ਹੋਏ ਕਿਹਾ। ਮਾਲਾ ਜਿਹੜੀ ਜੰਮਣ ਪੀੜਾ ਦੀ ਤਕਲੀਫ਼ 'ਚੋਂ ਲੰਘਣ ਦੇ ਬਾਵਜੂਦ ਹੁਣ ਇਸ ਖਾਲੀਪਣ ਦੇ ਅਹਿਸਾਸ ਨੂੰ ਝੱਲ ਰਹੀ ਸੀ, ਇਕ ਅਣਜਾਣੇ ਡਰ ਦੇ ਦਬਾਅ ਨੂੰ ਮਹਿਸੂਸ ਕਰ ਰਹੀ ਸੀ। ਡਾ. ਮਾਨਵੀ ਨੂੰ ਇਹਦਾ ਅਹਿਸਾਸ ਸੀ। ਮਾਲਾ ਦੇ ਅੰਤਰਮਨ ਦੀ ਪੀੜਾ ਨੂੰ ਸਮਝਦੇ ਹੋਏ ਵੀ ਉਹ ਅਣਜਾਣ ਬਣ ਕੇ ਗੱਲਾਂ ਦੇ ਜ਼ਰੀਏ ਉਸ ਗੁੱਥੀ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰ ਰਹੀ ਸੀ, ਜਿਹੜੀ ਅੱਜ ਮਾਂ ਤੇ ਬੱਚੇ ਵਿਚਕਾਰ ਖੜ੍ਹੀ ਸੀ।

"ਫੇਰ ਵੀ ਡਾਕਟਰ ਸਾਹਿਬਾ ਕੋਈ ਤਾਂ ਵਿਚਾਲੇ ਦਾ ਅਜਿਹਾ ਰਾਹ ਲੱਭੋ ਜਿਹਦੇ ਨਾਲ ਮੈਂ ਆਪਣੇ ਬੱਚੇ ਨੂੰ ਅਪਨਾ ਸਕਾਂ ? ਉਹਨੂੰ ਗੋਦੀ ਵਿਚ ਲੈ ਕੇ ਇਕ ਵਾਰ ਪਿਆਰ ਕਰ ਸਕਾਂ। ਮੈਂ ਕਿਸੇ ਵੀ ਹਾਲਤ ਵਿਚ ਉਹਨੂੰ ਖ਼ੁਦ ਤੋਂ ਦੂਰ ਰੱਖਣ ਦੇ ਬਾਰੇ ਵਿਚ ਸੋਚ ਨਹੀਂ ਸਕਦੀ ।" ਮਾਲਾ ਨੇ ਆਪਣੇ ਹੰਝੂਆਂ ਨਾਲ ਭਿੱਜੇ ਚਿਹਰੇ ਅਤੇ ਸਿਸਕੀਆਂ ਭਰੀ ਆਵਾਜ਼ ਵਿਚ ਬੇਨਤੀ ਕਰਦੇ ਹੋਏ ਡਾ. ਮਾਨਵੀ ਦੇ ਮੂਹਰੇ ਦੋਵੇਂ ਹੱਥ ਜੋੜ ਦਿੱਤੇ, ਜਿਵੇਂ ਆਪਣੀ ਹੀ ਮਮਤਾ ਦੇ ਅੱਗੇ ਬਿਨਾਂ ਲੜਾਈ ਲੜਿਆਂ ਹਾਰੀ ਹੋਈ ਔਰਤ ਨੇ ਸਾਰੇ ਹਥਿਆਰ ਸੁੱਟ ਦਿੱਤੇ ਹੋਣ।

ਅਤੇ ਡਾ. ਮਾਨਵੀ ਇਸੇ ਕਸ਼ਮਕਸ਼ ਵਿਚ ਖ਼ੁਦ ਏਨੀ ਉਲਝ ਗਈ ਸੀ ਕਿ ਉਹਨੂੰ ਕੋਈ ਰਾਹ ਨਹੀਂ ਸੁੱਝ ਰਿਹਾ ਸੀ ਜਿਹਦੇ 'ਤੇ ਉਹ ਅਜਿਹਾ ਕੋਈ ਪੁਲ ਬਣਾ ਸਕੇ ਜਿਸ 'ਤੇ ਚੱਲ ਕੇ ਮਾਂ ਅਤੇ ਬੱਚੇ ਦਾ ਮਿਲਨ ਹੋਵੇ, ਕਦੇ ਨਾ ਵਿਛੜਨ ਵਾਲਾ ਮਿਲਨ। ਉਹ ਡਾਕਟਰ ਹੋਣ ਤੋਂ ਪਹਿਲਾਂ ਇਕ ਔਰਤ ਸੀ। ਪਿਆਸੀ ਮਮਤਾ ਨੂੰ ਸੀਨ੍ਹੇ ਵਿਚ ਲੈ ਕੇ, ਹਸਪਤਾਲ ਵਿਚ ਜਨਮੇ ਬੱਚਿਆਂ 'ਤੇ ਆਪਣੀ ਮਮਤਾ ਵਾਰਦੀ ਰਹੀ ਅਤੇ ਸੰਤੁਸ਼ਟੀ ਨਾਲ ਇਹ ਮੰਨ ਲਿਆ ਕਿ ਹਸਪਤਾਲ ਵਿਚ ਜਨਮਿਆ ਹਰ ਬੱਚਾ ਉਹਦੀ ਮਮਤਾ ਦਾ ਹੱਕਦਾਰ ਹੈ। ਉਹਨੇ ਇਸ ਨੂੰ ਹੀ ਆਪਣੀ ਕਿਸਮਤ ਮੰਨ ਲਿਆ।

"ਸੁਣ ! ਤਾਂ ਫੇਰ ਤੈਨੂੰ ਆਪਣੇ ਆਪ ਨਾਲ ਲੜਨਾ ਹੋਵੇਗਾ। ਆਪਣੇ ਅੰਦਰ ਦੀ ਕਮਜ਼ੋਰੀ 'ਤੇ ਫ਼ਤਹਿ ਪਾਉਣੀ ਹੋਵੇਗੀ। ਖ਼ੁਦ ਨੂੰ ਸਾਫ਼ ਸੁਥਰਾ ਰੱਖਣ ਵਿਚ ਜਦੋਂ ਤੂੰ ਕਾਮਯਾਬ ਹੋ ਜਾਵੇਂਗੀ ਅਤੇ ਸਾਨੂੰ ਲੱਗੇਗਾ ਕਿ ਤੇਰੇ ਵੱਲੋਂ ਬੱਚੇ ਨੂੰ ਕੋਈ ਖ਼ਤਰਾ ਨਹੀਂ, ਉਦੋਂ ਹੀ ਤੈਨੂੰ ਆਪਣੇ ਬੱਚੇ ਨੂੰ ਗੋਦੀ ਚੁੱਕਣ ਦੀ ਆਗਿਆ ਮਿਲ ਜਾਵੇਗੀ। ਮੇਰੀ ਗੱਲ ਨੂੰ ਸਮਝ ਰਹੀ ਹੈਂ ਨਾ ?" ਕਹਿੰਦਿਆਂ ਡਾ. ਮਾਨਵੀ ਨੇ ਉੱਡਦੀ ਨਜ਼ਰ ਮਾਲਾ ਦੇ ਚਿਹਰੇ 'ਤੇ ਮਾਰੀ।



ਉਹਨੂੰ ਲੱਗਿਆ ਕਿ ਬੇਬਸ ਮਮਤਾ ਦੀ ਸਾਰੀ ਦੁਨੀਆਂ ਛੇ ਹਫ਼ਤਿਆਂ ਦੇ ਉਸ ਨਵਜਨਮੇ ਬੱਚੇ ਨੂੰ ਆਪਣੇ ਕਲਾਵੇ ਵਿਚ ਲੈਣ ਲਈ ਬੇਚੈਨ ਤੇ ਕਾਹਲੀ ਸੀ।

ਇਸ ਬੇਬਸ ਬੇਚੈਨੀ ਨੂੰ ਉਸ ਤੋਂ ਜ਼ਿਆਦਾ ਹੋਰ ਕੌਣ ਜਾਣ ਸਕਦਾ ਸੀ ? ਉਹ ਖ਼ੁਦ ਚੌਦ੍ਹਾਂ ਸਾਲਾਂ ਦੇ ਸੁਖੀ ਵਿਆਹੁਤਾ ਜੀਵਨ ਤੋਂ ਬਾਅਦ ਵੀ ਸੰਤਾਨ ਨਾ ਹੋਣ ਦਾ ਬਣਵਾਸ ਕੱਟ ਰਹੀ ਹੈ। ਲਾਜ਼ਮੀ ਹੈ, ਔਰਤ ਉਦੋਂ ਹੀ ਸੰਪੂਰਨ ਹੁੰਦੀ ਹੈ ਜਦੋਂ ਉਹ ਮਾਂ ਬਣਦੀ ਹੈ। ਬੱਚੇ ਦੇ ਸਿਰਫ਼ ਰੋਣ ਦੀ ਆਵਾਜ਼ ਜਦੋਂ ਉਹਦੇ ਕੰਨਾਂ ਤਕ ਪਹੁੰਚਦੀ ਹੈ ਉਹਦੀ ਮਮਤਾ ਦੀ ਛਾਤੀ ਨਵਜਨਮੇ ਬੱਚੇ ਨੂੰ ਆਪਣਾ ਦੁੱਧ ਪਿਲਾਉਣ ਲਈ ਤੜਫ਼ ਉਠਦੀ ਹੈ। ਡਾ. ਮਾਨਵੀ ਹੁਣ ਤਕ ਅਜਿਹੇ ਹਰ ਸੁੱਖ ਤੋਂ ਸੱਖਣੀ ਰਹੀ ਅਤੇ ਉਹ ਭਲੀਭਾਂਤ ਉਸ ਅਸਹਿਣਯੋਗ ਦਰਦ ਦੇ ਅਹਿਸਾਸ ਨੂੰ ਮਹਿਸੂਸ ਕਰ ਸਕਦੀ ਹੈ। ਪਰ ਉਹ ਵੀ ਡਾਕਟਰ ਹੋਣ ਦੇ ਨਾਤੇ ਮਜਬੂਰ ਹੈ, ਕਿਉਂਕਿ ਜਦੋਂ ਤੋਂ ਮਾਲਾ ਨੇ ਬੱਚੇ ਨੂੰ ਜਨਮ ਦਿੱਤਾ ਹੈ ਉਸ ਨੂੰ ਇੰਕਿਊਬੇਟਰ ਵਿਚ ਰੱਖਿਆ ਗਿਆ ਹੈ। ਪੂਰੇ ਚੈੱਕਅਪ ਅਤੇ ਪੜਤਾਲੀਆ ਰਿਪੋਰਟਾਂ ਏਹੀ ਦੱਸ ਰਹੀਆਂ ਹਨ ਕਿ ਸਾਹ ਲੈਣ ਵਿਚ ਲਗਾਤਾਰ ਤਕਲੀਫ਼ ਦਾ ਕਾਰਨ ਹੈ ਬੱਚੇ ਦੇ ਖ਼ੂਨ ਵਿਚ ਡਰੱਗ ਦਾ ਅਸਰ। ਪਹਿਲਾਂ ਤਾਂ ਬੱਚਾ ਸਾਢੇ ਛੇ ਮਹੀਨਿਆਂ ਦਾ ਪ੍ਰੀਮੇਚਿਓਰ ਪੈਦਾ ਹੋਇਆ ਅਤੇ ਉਪਰੋਂ ਏਹ ਦੁੱਖ। ਸਵਾਲ ਹੀ ਨਹੀਂ ਪੈਦਾ ਹੁੰਦਾ ਕਿ ਕਿਸੇ ਵੀ ਹਾਲਤ ਵਿਚ ਬੱਚਾ ਮਾਂ ਦੇ ਨਾਲ ਰਹੇ। ਅਜੇ ਤਾਂ ਇਹ ਵੀ ਪਤਾ ਨਹੀਂ ਸੀ ਕਿ ਬੱਚਾ ਖ਼ਤਰੇ ਤੋਂ ਬਾਹਰ ਕਦੋਂ ਆਵੇਗਾ ਅਤੇ ਆਵੇਗਾ ਵੀ ਜਾਂ ਨਹੀਂ। ਸਾਰੇ ਡਾਕਟਰਾਂ ਦੀ ਮਿਲੀ ਜੁਲੀ ਇਕ ਰਾਇ ਇਹ ਬਣੀ ਕਿ ਫਿਲਹਾਲ ਬੱਚੇ ਨੂੰ ਮਾਂ ਤੋਂ ਬਿਲਕੁਲ ਅਲਗ ਰੱਖਿਆ ਜਾਵੇ।

ਮਾਲਾ ਬਸ ਨਿਰਾਸ਼ ਨਜ਼ਰਾਂ ਨਾਲ ਸ਼ੀਸ਼ੇ ਦੇ ਅੰਦਰੋਂ ਹੀ ਉਸ ਬੱਚੇ ਨੂੰ ਸਿਰਫ਼ ਦੇਖ ਸਕਦੀ। ਬਸ ਫੇਰ ਆਪਣੇ ਆਪ ਨਾਲ ਲੜਦੀ ਰਹੀ, ਆਪਣੀਆਂ ਮੂਰਖਤਾ ਭਰੀਆਂ ਹਰਕਤਾਂ 'ਤੇ ਸ਼ਰਮਿੰਦਾ ਹੋਣ ਤੋਂ ਜ਼ਿਆਦਾ ਖਿਝਦੀ ਰਹੀ। ਉਹ ਨਸ਼ਾ ਵੀ ਕਿਹੜਾ ਜਿਹੜਾ ਚੜ੍ਹ ਕੇ ਲਹਿ ਗਿਆ। ਆਪਣੇ ਨਸ਼ੇ ਦੇ ਵਿਚ ਚੂਰ ਜਵਾਨੀ ਦਾ ਇਕ ਲੰਗੜਾ ਨੁਮਨਾ ਉਹਦੇ ਮੂਹਰੇ ਸੀ।

o

ਉਹ ਬਸੰਤ ਵਿਹਾਰ ਕਾਲਜ ਦੀ ਵਿਦਿਆਰਥਣ ਸੀ, ਐਮ. ਏ. ਫਾਈਨਲ ਕਰਨ ਵਿਚ ਸਿਰਫ਼ ਚਾਰ ਮਹੀਨੇ ਹੀ ਬਾਕੀ ਰਹਿ ਗਏ ਸਨ। ਪ੍ਰੀਖਿਆਵਾਂ ਨੇੜੇ ਹੋਣ ਕਾਰਨ ਦਿਨ ਰਾਤ ਪੜ੍ਹਾਈ ਦੇ ਲਈ ਆਪਣੇ ਕਮਰੇ ਵਿਚ, ਕਦੇ ਲਾਇਬਰੇਰੀ ਵਿਚ, ਕਦੇ ਕਦਾਈਂ ਹੋਸਟਲ ਦੇ ਕਾੱਮਨ ਰੂਮ ਵਿਚ ਬਹਿ ਕੇ ਕਾਫ਼ੀ ਸਮੇਂ ਤਕ ਪੜ੍ਹਦੀ ਰਹਿੰਦੀ। ਪੜ੍ਹਦੇ ਤਾਂ ਹੋਰ ਬੱਚੇ ਵੀ ਸਨ ਪਰ ਕੁਝ

ਵਿਚਾਲੇ ਮਨੋਰੰਜਨ ਦੇ ਲਈ ਗੱਪਸ਼ੱਪ ਮਾਰਦੇ ਜਾਂ ਕੱਮਨ ਰੂਮ ਵਿਚ ਲੱਗੇ ਟੀ. ਵੀ. 'ਤੇ ਇਕ ਅੱਧ ਵਾਰ ਅੰਗ੍ਰੇਜ਼ੀ ਸ਼ੋਅ ਦੇਖ ਲੈਂਦੇ। ਏਵੇਂ ਕਰਦੇ ਕਰਦੇ ਇਕ ਮਹੀਨਾ ਹੋਰ ਲੰਘ ਗਿਆ। ਕਿਤਾਬਾਂ ਵਿਚ ਚੰਗੀ ਤਰ੍ਹਾਂ ਗੁਆਚ ਜਾਣ ਵਾਲੀ ਮਾਲਾ ਹੁਣ ਮਨੋਰੰਜਨ ਦੇ ਸਮੇਂ ਨਵਲ 'ਬੇਦਰਦ' ਨਾਮ ਦੇ ਮੁੰਡੇ ਨਾਲ ਕੁਝ ਜ਼ਿਆਦਾ ਹੀ ਘੁਲ-ਮਿਲ ਗਈ। ਨਵਲ ਦਾ ਮਿਜ਼ਾਜ ਕੁਝ ਸ਼ਾਇਰਾਨਾ ਸੀ, ਗੱਲਾਂ ਗੱਲਾਂ ਵਿਚ ਮੰਨੇ ਪ੍ਰਮੰਨੇ ਸ਼ਾਇਰਾਂ ਦੇ ਸ਼ਿਅਰ ਉਹ ਆਪਣੇ ਕਹਿ ਕੇ ਸਾਰਿਆਂ ਨੂੰ ਸੁਣਾਉਂਦਾ ਰਹਿੰਦਾ। ਸਾਰੇ ਵਿਦਿਆਰਥੀ ਉਹਦੀ ਮੌਜੂਦਗੀ ਦਾ ਆਨੰਦ ਲੈਂਦੇ, ਉਹਦੀ ਤਾਰੀਫ਼ ਕਰਦੇ।

ਮਾਲਾ ਵੀ ਓਪਰੇਪਣ ਦੀ ਕੰਧ ਨੂੰ ਟੱਪ ਕੇ ਜਾਣ ਪਛਾਣ ਦੇ ਵਿਸਥਾਰ ਵਿਚ ਉਹਦੇ ਨਾਲ ਕਦੇ ਬਾਹਰ ਘੁੰਮਦੇ ਘੁੰਮਾਉਂਦੇ ਦੂਰ ਤਕ ਚਲੀ ਜਾਂਦੀ, ਕਦੇ ਤਲਾਅ ਦੇ ਕੰਢੇ, ਜਿੱਥੇ ਏਕਾਂਤ ਦੇ ਨਾਲ ਨਾਲ ਸੁੰਨੇਪਣ ਦਾ ਵੀ ਮਾਹੌਲ ਹੁੰਦਾ ਸੀ। ਨਵਲ ਅਜਿਹੇ ਮਾਹੌਲ ਨੂੰ ਰੌਸ਼ਨ ਕਰਨ ਦੇ ਬਹਾਨੇ ਇਕ ਅੱਧਾ ਸ਼ਿਅਰ ਕਹਿ ਕੇ ਆਪਣੇ ਲਾਈਟਰ ਨਾਲ ਸਿਗਰਟ ਲਾਉਂਦਾ, ਦੋ ਚਾਰ ਕਸ਼ ਸਾਹਾਂ ਵਿਚ ਭਰ ਲੈਂਦਾ ਅਤੇ ਉਸ ਧੂੰਏਂ ਨੂੰ ਬਾਹਰ ਕੱਢਦਾ ਹੋਇਆ ਅੱਧੀ ਬਚੀ ਹੋਈ ਸਿਗਰਟ ਨੂੰ ਬੁਝਾ ਦਿੰਦਾ। ਬਸ ਏਵੇਂ ਹੀ ਜਲਾਉਣ ਤੇ ਬੁਝਾਉਣ ਦੇ ਸਿਲਸਿਲੇ ਦੇ ਵਿਚਾਲੇ ਦੋਵੇਂ ਇਕ ਦੂਜੇ ਦੇ ਨਜ਼ਦੀਕ ਆਉਂਦੇ ਰਹੇ, ਦੇਰ ਰਾਤ ਤਕ ਇਕੱਠੇ ਰਹਿੰਦੇ, ਫੇਰ ਹੱਥ ਨਾਲ ਹੱਥ ਮਿਲਾਉਂਦੇ ਹੋਏ ਆਪਣੇ ਕਮਰਿਆਂ ਦੇ ਵੱਲ ਮੁੜ ਜਾਂਦੇ। ਸਿਲਸਿਲਾ ਚਲਦਾ ਰਿਹਾ ਅਤੇ ਸ਼ੌਕ ਹੁਣ ਇਕ ਆਦਤ ਬਣ ਗਿਆ। ਹਰੇਕ ਰਾਤ ਨੂੰ ਟਹਿਲਣ ਦੇ ਲਈ ਜਾਣਾ, ਹੱਥ ਵਿਚ ਹੱਥ ਪਾ ਕੇ ਹੱਸਦੇ ਖੇਡਦੇ ਇਕ ਦੂਜੇ ਦੇ ਗਲ ਵਿਚ ਬਾਹਾਂ ਪਾਉਣੀਆਂ ਅਤੇ ਫੇਰ ਅਜਿਹਾ ਵੀ ਹੋਇਆ ਕਿ ਨਵਲ ਦੇ ਕਹਿਣ 'ਤੇ ਉਸ ਧੁਖੀ ਹੋਈ ਸਿਗਰਟ ਨਾਲ ਮਾਲਾ ਨੇ 'ਨਾਂਹ... ਨਾਂਹ' ਕਹਿੰਦੇ ਹੋਏ ਵੀ ਇਕ ਦੋ ਕਸ਼ ਲੈ ਲਏ। ਜਵਾਨੀ ਜਦੋਂ ਆਪਣੇ ਭਰਪੂਰ ਜੋਸ਼ ਵਿਚ ਹੋਵੇ ਤਾਂ ਕਿਸੇ ਨੂੰ ਹੋਸ਼ ਕਿੱਥੇ ਰਹਿੰਦਾ ਹੈ ? ਅਤੇ ਨਦੀ ਦਾ ਪਾਣੀ ਜਦੋਂ ਰਫ਼ਤਾਰ ਫੜ ਲੈਂਦਾ ਹੈ ਤਾਂ ਕਿਹੜਾ ਬੰਨ੍ਹ ਉਹਨੂੰ ਠੱਲ੍ਹ ਸਕਦਾ ਹੈ ? ਜਾਣੇ ਅਣਜਾਣੇ ਵਿਚ ਜਿਹੜੀ ਭੁੱਲ ਉਨ੍ਹਾਂ ਤੋਂ ਹੋਈ, ਉਹਦਾ ਅੰਜਾਮ ਤਾਂ ਸਾਹਮਣੇ ਆਉਣਾ ਸੀ, ਸੋ ਆ ਗਿਆ।

ਜਦੋਂ ਮਾਲਾ ਨੂੰ ਪਤਾ ਚੱਲਿਆ ਕਿ ਉਹ ਕੁਆਰੀ ਮਾਂ ਬਣਨ ਜਾ ਰਹੀ ਹੈ ਤਾਂ ਉਹਨੂੰ ਆਪਣੀ ਜ਼ਿੰਦਗੀ ਦੀ ਕਿਸ਼ਤੀ ਤੂਫ਼ਾਨਾਂ ਵਿਚ ਘਿਰੀ ਹੋਈ ਨਜ਼ਰ ਆਈ। ਬਾਰੂਦ ਦੇ ਢੇਰ 'ਤੇ ਘਰ ਬਣਾਉਣ ਵਾਲੇ ਕੀ ਸੁੱਖ ਮਿਲਣ ਦੀ ਇੱਛਾ ਰੱਖ ਸਕਦੇ ਹਨ ? ਮਾਲਾ ਪੜ੍ਹਾਈ ਪੂਰੀ ਨਾ ਕਰ ਸਕੀ, ਕਾਲਜ ਛੁੱਟ ਗਿਆ, ਹੋਸਟਲ ਛੱਡਣਾ ਪਿਆ। ਮਾਤਾ-ਪਿਤਾ ਨੂੰ ਮੂੰਹ ਨਾ ਦਿਖਾ ਸਕਣ ਦੇ ਕਾਰਨ



ਝੂਠ ਦਾ ਸਹਾਰਾ ਲਿਆ ਅਤੇ ਉਨ੍ਹਾਂ ਨੂੰ ਭੁਲੇਖੇ ਵਿਚ ਰੱਖਿਆ ਕਿ ਉਹ ਪੜ੍ਹਾਈ ਵਿਚ ਬਹੁਤ ਰੁੱਝੀ ਹੋਈ ਹੈ ਅਤੇ ਪ੍ਰੀਖਿਆ ਖ਼ਤਮ ਹੋਣ ਤੋਂ ਬਾਅਦ ਉਹ ਨੌਕਰੀ ਕਰਨ ਲੱਗੇਗੀ, ਜਿਹੜੀ ਨਿਸ਼ਚਿਤ ਰੂਪ ਵਿਚ ਉਹਨੂੰ ਮਿਲ ਗਈ ਹੈ। ਘਰ ਨਾ ਆਉਣ ਦਾ ਕਾਰਨ ਉਹਨੇ ਇਹੀ ਦੱਸਿਆ ਕਿ ਸ਼ਹਿਰ ਵਿਚ ਨੌਕਰੀ ਤੈਅ ਹੈ, ਉਥੇ ਹੀ ਨੌਕਰੀ ਕਰਕੇ ਉਹ ਗੁਜ਼ਾਰਾ ਕਰ ਲਵੇਗੀ....! ਮਾਂ ਨੇ ਫੋਨ 'ਤੇ ਅਣਗਿਣਤ ਸਵਾਲ ਕਰ ਦਿੱਤੇ। ਮਾਂ ਦੇ ਸਵਾਲਾਂ ਤੋਂ ਤੰਗ ਆ ਕੇ ਮਾਲਾ ਨੇ ਦੋ ਟੁੱਕ ਜਵਾਬ ਦਿੰਦੇ ਹੋਏ ਕਿਹਾ ਸੀ—"ਆਖਿਰ ਪੜ੍ਹਾਈ ਕਿਹੜੇ ਦਿਨ ਕੰਮ ਆਊਗੀ, ਮੈਂ ਆਪਣੇ ਆਪ ਨੂੰ ਸੰਭਾਲ ਲਵਾਂਗੀ...। ਨੌਕਰੀ ਕਿਹੜਾ ਰੋਜ਼ ਰੋਜ਼ ਮਿਲਦੀ ਹੈ, ਹੁਣ ਮਿਲ ਗਈ ਹੈ ਤਾਂ ਸ਼ਹਿਰ ਵਿਚ ਰਹਿ ਕੇ ਕਰਾਂਗੀ। ਤੁਸੀਂ ਚਿੰਤਾ ਨਾ ਕਰੋ।"

ਮਾਂ ਨੂੰ ਤਾਂ ਏਹ ਝੂਠੀ ਸੱਚੀ ਕਹਾਣੀ ਬਣਾ ਕੇ ਟਾਲ ਦਿੱਤਾ, ਪਰ ਹੋਣੀ ਨੂੰ ਕੌਣ ਟਾਲ ਸਕਿਆ ਹੈ ? ਉਹ ਮਜਬੂਰ ਹੋ ਕੇ ਨਵਲ ਦੇ ਨਾਲ ਉਹਦੇ ਕਿਰਾਏ ਦੇ ਮਕਾਨ ਵਿਚ ਰਹਿਣ ਲੱਗੀ ਅਤੇ ਉਸ ਜ਼ਹਿਰ ਨੂੰ ਮੰਗ ਮੰਗ ਕੇ ਫੂਕਦੀ ਜਿਹੜਾ ਸਿਗਰਟ ਵਿਚ ਉਹਨੂੰ ਦਿੱਤਾ ਜਾ ਰਿਹਾ ਸੀ। ਨਵਲ ਨੇ ਵੀ ਉਹਦੀ ਇਸ ਮਜਬੂਰੀ ਦਾ ਭਰਪੂਰ ਫ਼ਾਇਦਾ ਉਠਾਇਆ, ਆਪਣੇ ਚਾਅ ਪੂਰੇ ਕੀਤੇ, ਪਰ ਮਾਲਾ ਨੇ ਜਦੋਂ ਜਦੋਂ ਆਪਣੀਆਂ ਸਮੱਸਿਆਵਾਂ ਦੇ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਤਾਂ ਉਹ ਹਰ ਜਵਾਬਦੇਹੀ ਤੋਂ ਭੱਜਦਾ ਰਿਹਾ।

"ਮੈਂ ਇਸ ਬੱਚੇ ਨੂੰ ਜਨਮ ਦੇਣਾ ਚਾਹੁੰਦੀ ਹਾਂ ਅਤੇ ਤੂੰ ਇਸ ਨੂੰ ਆਪਣਾ ਨਾਂ ਦੇਵੇਂਗਾ!" ਇਕ ਦਿਨ ਮਾਲਾ ਨੇ ਗੱਲ ਛੇੜੀ ਅਤੇ ਆਪਣੇ ਫ਼ੈਸਲੇ 'ਤੇ ਅਟੱਲ ਰਹਿਣ ਦੀ ਗੱਲ ਦੱਸੀ।

"ਮੈਂ ਤੇਰਾ ਕੋਈ ਪਤੀ ਪੁਤੀ ਨਹੀਂ ਹਾਂ, ਜਿਹੜਾ ਏਹਨੂੰ ਆਪਣਾ ਨਾਮ ਦੇਵਾਂ।"

"ਤਾਂ ਕੀ ਤੈਨੂੰ ਪਤਾ ਨਹੀਂ ਕਿ ਇਹ ਬੱਚਾ ਤੇਰਾ ਹੈ ?" ਹੁਣ ਮਾਲਾ ਦੇ ਤੇਵਰ ਬਦਲਣ ਲੱਗੇ... ਉਹ ਗ਼ੁੱਸੇ ਵਿਚ ਸੀ।

"ਮਾਲਾ, ਏਹ ਤੂੰ ਕਿਵੇਂ ਕਹਿ ਸਕਦੀ ਹੈਂ ਕਿ ਇਹ ਬੱਚਾ ਮੇਰਾ ਹੈ। ਇਹ ਸਰਾਸਰ ਇਕ ਦੋਸ਼ ਹੈ ਮੇਰੇ 'ਤੇ। ਤੂੰ ਮੈਨੂੰ ਬਦਨਾਮ ਕਰਨਾ ਚਾਹੁੰਦੀ ਹੈਂ... ਤੇਰੇ ਪਤਾ ਨੀ ਕਿੰਨੇ ਦੋਸਤ ਹਨ, ਕੀ ਪਤਾ... ?"

"ਨਵਲ ਤੂੰ ਆਪਣੇ ਫ਼ਰਜ਼ ਨਿਭਾਉਣ ਦੇ ਡਰ ਵਿਚ ਏਨਾ ਨੀਵਾਂ ਕਿਵੇਂ ਡਿੱਗ ਸਕਦਾ ਐਂ ? ਮੈਂ ਨਹੀਂ, ਤੂੰ ਮੈਨੂੰ ਦੂਜਿਆ ਦੀਆਂ ਨਜ਼ਰਾਂ ਵਿਚ ਡੇਗਣਾ ਚਾਹੁੰਦਾ ਹੈਂ। ਇਹ ਸਾਡੇ ਦੋਵਾਂ ਦੀ ਭੁੱਲ ਦਾ ਨਤੀਜਾ ਹੈ, ਪਰ ਇਸ ਪਹਿਲੀ ਗ਼ਲਤੀ ਦਾ ਸੁਧਾਰ ਅਸੀਂ ਵਿਆਹ ਕਰ ਕੇ ਕਰ ਸਕਦੇ ਹਾਂ। ਵਿਗੜਦੀ

ਗੱਲ ਬਣ ਜਾਵੇਗੀ ਅਤੇ ਫੇਰ ਸਮੇਂ ਦੇ ਨਾਲ ਸਾਰਾ ਕੁਝ ਠੀਕ ਹੋ ਜਾਵੇਗਾ।" ਮਾਲਾ ਨੇ ਸਬਰ ਦੇ ਪੱਲੇ ਨੂੰ ਫੜਦੇ ਹੋਏ ਉਮੀਦ ਭਰੀਆਂ ਅੱਖਾਂ ਨਾਲ ਉਹਦੇ ਵੱਲ ਦੇਖਿਆ।

"ਹੁਣ ਤੂੰ ਇਲਜ਼ਾਮ ਲਾ ਕੇ ਮੇਰੇ 'ਤੇ ਆਪਣਾ ਬੱਚਾ ਥੋਪਣਾ ਚਾਹੁੰਦੀ ਹੈਂ। ਮੈਂ ਤਾਂ ਇਹੀ ਕਹਾਂਗਾ ਕਿ ਤੂੰ ਆਪਣਾ ਕੋਈ ਹੋਰ ਠਿਕਾਣਾ ਲੱਭ ਲੈ ਤੇ ਮੈਨੂੰ ਬਖ਼ਸ਼ ਦੇ" ਦੋ ਟੁੱਕ ਜਵਾਬ ਦੇ ਕੇ ਜਿਵੇਂ ਨਵਲ ਨੇ ਆਪਣਾ ਪਿੱਛਾ ਛੁਡਾਉਣ ਦੀ ਤਰਕੀਬ ਨੂੰ ਅਪਨਾਇਆ। ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਸੱਚ ਕੀ ਹੈ ? ਪਰ ਉਸ ਸੱਚ ਨੂੰ ਆਪਣੇ ਮੋਢਿਆਂ 'ਤੇ ਚੁੱਕਣ ਦੀ ਨਾ ਤਾਂ ਉਸ ਵਿਚ ਹਿੰਮਤ ਸੀ ਤੇ ਨਾ ਹੀ ਸਮਰੱਥਾ!

ਉਲਝਣਾਂ ਦੇ ਤੂਫ਼ਾਨ ਵਿਚ ਗੁਆਚਦੀ, ਮਾਲਾ ਖ਼ੁਦ ਨੂੰ ਉਸ ਕਮਜ਼ੋਰ ਪਲ ਦੇ ਲਈ ਲਾਹਣਤਾਂ ਦਿੰਦੀ ਰਹੀ। ਉਹ ਜਿਵੇਂ ਬੁਰੀ ਤਰ੍ਹਾਂ ਕਿਸੇ ਚੱਕਰਵਿਊ ਵਿਚ ਫਸ ਗਈ ਸੀ, ਜਿਥੋਂ ਨਿਕਲਣਾ ਮੁਸ਼ਕਲ ਹੀ ਨਹੀਂ, ਅਸੰਭਵ ਜਾਪਦਾ ਸੀ। ਆਪਣਿਆਂ ਤੋਂ ਦੂਰ, ਸ਼ਹਿਰ ਵਿਚ ਇਕ ਬੇਗ਼ੈਰਤ ਸਾਥੀ ਦੇ ਨਾਲ ਰਹਿੰਦੇ ਹੋਏ ਉਹਨੇ ਏਨਾ ਤਾਂ ਜਾਣ ਹੀ ਲਿਆ ਸੀ ਕਿ ਆਪਣੀ ਇਸ ਹਾਲਤ ਦੀ ਜ਼ਿੰਮੇਵਾਰ ਉਹ ਖ਼ੁਦ ਹੀ ਹੈ....!

ਆਖਿਰ ਇਸ ਜੱਦੋ-ਜਹਿਦ ਤੋਂ ਨਿਕਲਣ ਦੇ ਲਈ ਉਹਨੇ ਇਕ ਅਨਾਥ ਆਸ਼ਰਮ ਵਿਚ ਸ਼ਰਨ ਲਈ ਅਤੇ ਈਮਾਨਦਾਰੀ ਨਾਲ ਆਪਣੀ ਹਾਲਤ ਨੂੰ ਬਿਆਨ ਕਰਦੇ ਹੋਏ ਉਥੇ ਆਪਣੇ ਲਈ ਥਾਂ ਬਣਾ ਲਈ। ਬਸ ਇਕ ਸੰਘਰਸ਼ ਭਰਿਆ ਰਾਹ ਸੀ ਉਹਦੇ ਸਾਹਮਣੇ। ਢਿੱਡ ਵਿਚ ਪਲ ਰਹੇ ਬੱਚੇ ਨੂੰ ਜਨਮ ਦੇਣ ਦਾ ਫ਼ੈਸਲਾ ਮਨ ਵਿਚ ਕਰ ਲਿਆ ਅਤੇ ਮਾਂ ਬਣਨ ਦਾ ਸੁਪਨਾ ਅੱਖਾਂ ਵਿਚ ਸਜਾਉਂਦੀ ਰਹੀ। ਅਨਾਥ ਆਸ਼ਰਮ ਵਿਚ ਕਈ ਬੱਚਿਆਂ ਨੂੰ ਪਿਆਰ ਕਰਦੀ, ਲੋਰੀਆਂ ਗਾ ਕੇ ਉਹਨੂੰ ਥਪਥਪਾਉਂਦੀ, ਉਹਨਾਂ ਦੀਆਂ ਅੱਖਾਂ ਨੂੰ ਨੀਂਦ ਦੇ ਕੇ ਆਪਣੇ ਸੁਪਨੇ ਸਾਕਾਰ ਕਰਦੀ।

ਇਕ ਜੁਰਮ ਨੇ ਉਹਨੂੰ ਬਹੁਤ ਕੁਝ ਸਿਖਾ ਦਿੱਤਾ, ਉਹ ਨਿਡਰ ਹੋ ਕੇ ਪੂਰੀ ਈਮਾਨਦਾਰੀ ਦੇ ਨਾਲ ਅਨਾਥਾਂ ਦੀ ਜਿਵੇਂ ਨਾਥ ਬਣ ਗਈ। ਸਾਰੇ ਛੋਟੇ ਵੱਡੇ ਬੱਚੇ, ਅਧਿਆਪਕ, ਕਰਮਚਾਰੀ ਅਤੇ ਸੇਵਕ ਉਹਦੇ ਨਾਲ ਸਤਿਕਾਰ ਨਾਲ ਗੱਲ ਕਰਦੇ, ਪਿਆਰ ਦਿੰਦੇ, ਅਤੇ ਉਹਦੇ ਆਉਣ ਵਾਲੇ ਬੱਚੇ ਦੇ ਲਈ ਦੁਆਵਾਂ ਦਿੰਦੇ ਹੋਏ ਉਹਦੇ ਸੁਖੀ ਜੀਵਨ ਦੀ ਕਾਮਨਾ ਕਰਦੇ।

ਆਖਿਰ ਇਕ ਦਿਨ ਅਚਾਨਕ ਦਰਦ ਉੱਠਿਆ ਅਤੇ ਉਹਨੂੰ ਜੰਮਣ ਪੀੜਾ ਮੰਨ ਕੇ ਅਨਾਥ ਆਸ਼ਰਮ ਦੇ ਸਾਥੀ ਉਹਨੂੰ ਹਸਪਤਾਲ ਲੈ ਆਏ ਅਤੇ ਬਹੁਤ ਹੀ ਸੰਘਰਸ਼ਮਈ ਹਾਲਤਾਂ ਨੂੰ ਪਾਰ ਕਰਦੇ ਉਹਨੇ ਇਕ ਬੱਚੇ ਨੂੰ ਜਨਮ



ਦਿੱਤਾ....। ਖ਼ੁਸ਼ੀ ਦੇ ਨਾਲ ਇਕ ਕੌੜੀ ਸੱਚਾਈ ਵੀ ਸਾਹਮਣੇ ਆਈ, ਜਿਹਨੇ ਮਾਲਾ ਨੂੰ ਸਿਰ ਤੋਂ ਲੈ ਕੇ ਪੈਰਾਂ ਤਕ ਹਿਲਾ ਦਿੱਤਾ।

o

ਮਾਲਾ ਭਲੀਭਾਂਤ ਜਾਣਦੀ ਸੀ ਕਿ ਗਰਭ ਦੇ ਪਹਿਲੇ ਚਾਰ ਮਹੀਨੇ ਉਹਨੇ ਡਰੱਗਸ (ਨਸ਼ੇ) ਲਏ ਸਨ। ਚੈਕਅੱਪ ਦੇ ਦੌਰਾਨ ਡਾਕਟਰ ਦੇ ਸਖ਼ਤ ਤਾੜਨਾ ਕਰਨ 'ਤੇ, ਉਹਨੇ ਆਪਣੇ ਆਪ ਨਾਲ ਲੜਨ ਦੀ, ਆਪਣੀ ਉਸ ਕਮਜ਼ੋਰੀ 'ਤੇ ਫ਼ਤਹਿ ਪਾਉਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਜਿਵੇਂ ਚੋਰ ਚੋਰੀ ਤੋਂ ਜਾਵੇ, ਪਰ ਹੇਰਾਫੇਰੀ ਤੋਂ ਨਹੀਂ, ਠੀਕ ਉਸੇ ਤਰ੍ਹਾਂ ਮਾਲਾ ਵੀ ਕਦੇ ਕਦਾਈਂ ਉਸ ਇਕ ਪਲ ਦੇ ਸੁੱਖ ਦੀ ਇੱਛਾ ਵਿਚ ਉਹੀ ਗ਼ਲਤੀ ਮੁੜ ਕਰ ਬਹਿੰਦੀ, ਜਿਹੜੀ ਉਹਨੂੰ ਕਦੇ ਵੀ ਕਰਨੀ ਨਹੀਂ ਚਾਹੀਦੀ ਸੀ। ਨਤੀਜਾ ਸਾਹਮਣੇ ਸੀ, ਪਿਆਸੀ ਮਮਤਾ ਦਾ ਇਕ ਤਰਸਦਾ ਸਿਸਕਦਾ ਦੁੱਖ-ਦਰਦ! ਉਹ ਆਪਣੇ ਜਿਗਰ ਦੇ ਟੁਕੜੇ ਦੀ ਨਰਮ ਛੋਹ ਮਹਿਸੂਸ ਕਰਨ, ਉਹਨੂੰ ਛਾਤੀ ਨਾਲ ਲਾਉਣ ਲਈ ਬੇਚੈਨ ਸੀ।

o

ਆਖਿਰ ਮਾਲਾ ਹਰ ਸ਼ਰਤ ਮੰਨਣ ਨੂੰ ਤਿਆਰ ਹੋਈ। ਡਾ. ਮਾਨਵੀ ਦੀ ਸਖ਼ਤ ਨਿਗਰਾਨੀ ਵਿਚ ਹਰ ਹਿਦਾਇਤ ਨੂੰ ਨਿਯਮ ਮੰਨ ਕੇ ਮਾਲਾ ਨੇ ਆਪਣੇ ਉਪਰ ਕਾਬੂ ਪਾਉਣ ਦਾ ਫ਼ੈਸਲਾ ਕਰ ਲਿਆ। ਕੀ ਮਮਤਾ ਵੀ ਕਦੇ ਕੋਈ ਸ਼ਰਤ ਰੱਖ ਸਕਦੀ ਹੈ ? ਉਹ ਤਾਂ ਆਪਣੇ ਬੱਚਿਆਂ 'ਤੇ ਆਪਣੀ ਮਮਤਾ ਕੁਰਬਾਨ ਕਰ ਸਕਦੀ ਹੈ, ਬਸ! ਛੇ ਮਹੀਨੇ ਲਗਾਤਾਰ ਖ਼ੁਦ ਨਾਲ ਜੂਝਣਾ, ਖ਼ੁਦ ਨੂੰ ਜ਼ਹਿਰ ਤੋਂ ਮੁਕਤੀ ਦਿਵਾਉਣਾ ਅਤੇ ਫੇਰ ਉਮਰ ਭਰ ਦੇ ਲਈ ਉਹਨੂੰ ਤਿਆਗ ਦੇਣਾ, ਇਹੀ ਤੈਅ ਹੋਇਆ ਸੀ। ਬੱਚੇ ਨੂੰ ਕਲਾਵੇ ਵਿਚ ਲੈਣ ਦੇ ਲਈ ਸ਼ਰਤ ਵੀ ਇਹੀ ਸੀ।

ਸ਼ੁਰੂ ਵਿਚ ਇਹ ਮੁਸ਼ਕਲ ਜ਼ਰੂਰ ਸੀ ਪਰ ਨਾਮੁਮਕਿਨ ਕੁਝ ਵੀ ਨਹੀਂ ਸੀ। ਜਿਹੜੀ ਮਾਂ ਬੱਚੇ ਨੂੰ ਗਰਭ ਵਿਚ ਆਪਣੇ ਲਹੂ ਨਾਲ ਸਿੰਜ ਸਕਦੀ ਸੀ, ਉਹ ਉਹਦੇ ਧੜਕਦੇ ਸਾਹਾਂ ਨੂੰ ਸੁਣਨ ਦੇ ਲਈ ਆਪਣੇ ਅਹਿਸਾਸਾਂ ਦਾ ਗਲਾ ਘੁੱਟ ਕੇ ਜਿਊਣਾ ਵੀ ਕਬੂਲ ਕਰ ਸਕਦੀ ਹੈ। ਲਗਾਤਾਰ ਛੇ ਮਹੀਨੇ ਹਰ ਹਫ਼ਤੇ, ਨਿਯਮ ਅਨੁਸਾਰ ਸਮੇਂ ਅਨੁਸਾਰ ਹਸਪਤਾਲ ਆ ਕੇ ਆਪਣੇ ਖ਼ੂਨ ਦਾ ਟੈਸਟ ਕਰਾਉਂਦੀ ਅਤੇ ਰਿਪੋਰਟ ਆਉਣ ਦਾ ਬੇਸਬਰੀ ਨਾਲ ਇੰਤਜ਼ਾਰ ਕਰਦੀ। ਜਦੋਂ ਉਹ ਅਗਲੀ ਵਾਰ ਆਉਂਦੀ ਤਾਂ ਸਾਰੇ ਡਾਕਟਰਾਂ ਦੇ ਨਾਲ ਡਾ. ਮਾਨਵੀ ਦਾ ਮੁਸਕੁਰਾਉਂਦਾ ਚਿਹਰਾ ਉਹਦਾ ਸਵਾਗਤ ਕਰਦਾ। ਇਹ ਇਕ ਸੁਖਦ ਨਤੀਜਾ ਸੀ ਕਿ ਪਛਤਾਵੇ ਦੀ ਪ੍ਰੀਖਿਆ ਵਿਚ ਇਕ ਮਾਂ ਸਫਲਤਾ ਹਾਸਲ

ਕਰ ਰਹੀ ਹੈ।

ਛੇ ਮਹੀਨਿਆਂ ਦੀ ਇਸ ਸਖ਼ਤ ਤਪੱਸਿਆ ਨੇ ਮਮਤਾ ਦੇ ਜਜ਼ਬੇ ਨੂੰ ਹੋਰ ਵੀ ਮਜ਼ਬੂਤ ਬਣਾ ਦਿੱਤਾ ਜਿਹਨੂੰ ਇਕ ਰਿਸ਼ਤੇ ਵਿਚ ਬੰਨ੍ਹਣ ਦੇ ਲਈ ਉਹ ਕੁਝ ਵੀ ਕਰਨ ਨੂੰ ਤਿਆਰ ਸੀ। ਆਖਿਰ ਛੇ ਮਹੀਨੇ ਲੰਘੇ ਅਤੇ ਇਸ ਪ੍ਰੀਖਿਆ ਦਾ ਫਲ ਜਾਣਨ ਦੇ ਲਈ ਉਸਦੇ ਨਾਲ ਨਾਲ ਸਾਰੇ ਡਾਕਟਰ ਵੀ ਕਾਹਲੇ ਸਨ। ਜਦੋਂ ਮਾਲਾ ਦੇ ਖ਼ੂਨ ਦੀ ਰਿਪੋਰਟ ਸਾਫ਼ ਸੁਥਰੀ ਉਨ੍ਹਾਂ ਦੇ ਹੱਥਾਂ ਵਿਚ ਆਈ ਤਾਂ ਸਾਰਿਆਂ ਦੇ ਚਿਹਰੇ 'ਤੇ ਖ਼ੁਸ਼ੀ ਦੀ ਇੱਕ ਲਹਿਰ ਦੌੜ ਗਈ। ਹੁਣ ਮਾਲਾ ਇਕ ਆਮ ਇਨਸਾਨ ਦੇ ਵਾਂਗੂੰ ਇਕ ਚੰਗੀ ਜ਼ਿੰਦਗੀ ਜਿਉਣ ਦੀ ਹੱਕਦਾਰ ਬਣ ਗਈ ਅਤੇ ਜਿਹੜੀ ਜਾਇਦਾਦ ਉਹ ਪਾਉਣ ਜਾ ਰਹੀ ਸੀ ਉਹ ਉਹਦੀ ਜ਼ਿੰਦਗੀ ਦਾ ਸਭ ਤੋਂ ਬੇਹਤਰੀਨ ਤੋਹਫ਼ਾ ਸੀ।

ਪਹਿਲੀ ਵਾਰ ਬੱਚੇ ਨੂੰ ਲਿਆ ਕੇ ਉਹਦੀ ਗੋਦੀ ਵਿਚ ਪਾਉਂਦੇ ਹੋਏ ਡਾ. ਮਾਨਵੀ ਨੇ ਮਾਲਾ ਨੂੰ ਸਖ਼ਤ ਹਿਦਾਇਤ ਦਿੰਦੇ ਹੋਏ ਕਿਹਾ ਕਿ ਛੇ ਮਹੀਨਿਆਂ ਤੱਕ ਬੱਚੇ ਨੂੰ ਆਪਣਾ ਦੁੱਧ ਨਹੀਂ ਪਿਆਉਣਾ। ਡਾਕਟਰ ਸ਼ਾਇਦ ਕਿਸੇ ਵੀ ਤਰ੍ਹਾਂ ਦੇ ਇਨਫ਼ੈਕਸ਼ਨ ਦਾ ਖ਼ਤਰਾ ਉਠਾਉਣ ਨੂੰ ਤਿਆਰ ਨਹੀਂ ਸਨ। ਮਾਲਾ ਨੇ ਜਦੋਂ ਛਾਤੀ ਨਾਲ ਆਪਣੇ ਬੱਚੇ ਨੂੰ ਲਾਇਆ ਤਾਂ ਉਹਨੂੰ ਅਹਿਸਾਸ ਹੋਇਆ ਕਿ ਜਿਵੇਂ ਕੁਦਰਤ ਦੀ ਸਾਰੀ ਕੋਮਲਤਾ ਉਹਦੇ ਪੱਲੇ ਵਿਚ ਆ ਗਈ ਹੋਵੇ, ਜਿਹਦੀ ਖ਼ੁਸ਼ਬੋ ਨਾਲ ਉਹਦੀ ਪਿਆਸੀ ਮਮਤਾ ਨੂੰ ਸਕੂਨ ਮਿਲਿਆ। ਸਾਰਾ ਕੁਝ ਨਮ ਸੀ—ਮਾਲਾ ਦੀਆਂ ਅੱਖਾਂ, ਉਹਦੀ ਦੁੱਧ ਨਾਲ ਛਲਕਦੀ ਛਾਤੀ, ਉਹਦੀ ਗੋਦ ਵਿਚ ਪਿਆਰ 'ਚ ਗੜੁੱਚ ਉਹਦਾ ਬੇਟਾ! ਲੱਗਿਆ ਜਿਵੇਂ ਮੱਲੋ-ਮੱਲੀ ਪਿਆਰ ਦੀ ਵਰਖਾ ਹੋ ਰਹੀ ਹੈ। ਮਮਤਾ ਦਾ ਪਿਆਸਾ ਪੱਲਾ ਅੱਜ ਪਿਆਰ ਨਾਲ ਮਾਲੋਮਾਲ ਹੋ ਗਿਆ।



# ਆਖ਼ਰੀ ਫ਼ੈਸਲਾ

ਚਲਦੀ ਹੋਈ ਗੱਡੀ ਦੀ ਧੜ-ਧੜਾਧੜ-ਧੜ ਦੀ ਆਵਾਜ਼ ਦੇ ਵਿਚ ਉਸ ਦੇ ਦਿਲ ਦੀ ਹੂਕ ਵੀ ਸ਼ਾਮਿਲ ਸੀ। ਗੁੰਮ-ਸੁੰਮ ਜਿਹੀ ਬੈਠੀ ਉਹ ਆਪਣੀ ਸੀਟ 'ਤੇ ਕਈ ਘੰਟਿਆਂ ਤੋਂ ਪਈ ਆਪਣੀ ਜ਼ਿੰਦਗੀ ਦੇ ਸਫ਼ਰ ਦੇ ਬੀਤੇ ਹੋਏ ਕੱਲ੍ਹ ਦੇ ਕੁੱਝ ਪਲ ਅੱਜ ਦੇ ਨਾਲ ਜੋੜਦੀ ਰਹੀ। ਚਾਲੀ ਸਾਲ ਪਹਿਲਾਂ ਚੇਨਈ ਵਿਚ ਆਪਣੇ ਸਹੁਰੇ ਘਰ ਵਿਚ ਦਾਖਲ ਹੁੰਦੇ ਹੋਏ ਜਿਹੜੇ ਘਰ ਵਿਹੜੇ ਦੀ ਨੀਂਹ ਉਹਨੇ ਆਪਣੇ ਪਤੀ ਦੇ ਨਾਲ ਰੱਖੀ ਸੀ। ਅੱਜ ਉਹ ਆਪਣੇ ਉਸੇ ਘਰ ਵਿਚ ਵਾਪਸ ਆ ਰਹੀ ਸੀ। ਇਸ ਗੱਲ ਦਾ ਉਹਨੂੰ ਪਤਾ ਹੀ ਨਹੀਂ, ਯਕੀਨ ਹੋ ਗਿਆ ਕਿ ਜੀਵਨ ਦਾ ਕਾਲ ਚੱਕਰ ਬਦਲੇ ਬਿਨਾਂ ਨਹੀਂ ਰਹਿ ਸਕਦਾ। ਸਮੇਂ ਦੇ ਫੇਰ ਨਾਲ ਪਰਿਵਰਤਨ ਮਨੁੱਖ ਦੇ ਨਾਲ ਗਤੀਸ਼ੀਲ ਹੋ ਕੇ, ਉਹਦੇ ਨੇੜੇ ਤੇੜੇ ਦੀਆਂ ਸਥਿਤੀਆਂ ਦੇ ਨਾਲ ਤਾਲਮੇਲ ਰੱਖਦੇ ਹੋਏ ਪਤਾ ਨਹੀਂ ਕਦੋਂ ਕੀਮਤੀ ਬਣ ਜਾਂਦਾ ਹੈ? ਚੜ੍ਹਦੇ ਹੋਏ ਸੂਰਜ ਨੂੰ ਦੇਖਣ ਤੋਂ ਬਾਅਦ ਢਲਦੇ ਹੋਏ ਸੂਰਜ ਨੂੰ ਨਮਸਕਾਰ ਨਾ ਕਰਨਾ ਆਪਣੀ ਹੀ ਮੂਰਖਤਾ ਹੈ। ਇਸੇ ਕਾਲ ਚੱਕਰ ਵਿਚ ਚਾਨਣ ਹਨੇਰੇ ਨੂੰ ਦੂਰ ਭਜਾਉਂਦਾ ਹੈ। ਦੁੱਖ ਸੁੱਖ ਦੇ ਮੂਹਰੇ ਟਿਕ ਨਹੀਂ ਸਕਦਾ ਅਤੇ ਸੁੱਖ ਦੀਆਂ ਤਰੰਗਾਂ ਦੁੱਖਾਂ ਨੂੰ ਆਪਣੇ ਕੋਲ ਜ਼ਿਆਦਾ ਫਟਕਣ ਨਹੀਂ ਦਿੰਦੀਆਂ। ਆਪਣੇ ਅਤੀਤ ਦੇ ਵੱਲ ਜਾਂਦੇ ਹੋਏ ਉਹਨੂੰ ਯਾਦ ਆਇਆ ਕਿ ਉਸ ਵਿਹੜੇ ਵਿਚ ਖ਼ੁਸ਼ੀਆਂ ਆਈਆਂ ਸਨ, ਫੁੱਲ ਖਿੜੇ ਸਨ, ਮਹਿਕੇ ਸਨ, ਪਰ ਮਹਿਕ ਭੌਰੇ ਵੀ ਚੋਰੀ ਕਰ ਕੇ ਲੈ ਜਾਂਦੇ ਹਨ ਕਦੇ ਕਦਾਈਂ.... ਨਹੀਂ! ਉਹਨੇ ਆਪਣੀ ਸੋਚ ਨੂੰ ਬਰੇਕਾਂ ਲਾਈਆਂ। ਹਾਂ, ਹੁਣ ਹੋਰ ਅੱਗੇ ਸੋਚਣ ਤੋਂ ਕਤਰਾਉਣ ਲੱਗੀ।

ਸਾਹਮਣੇ ਵਾਲੀ ਬਰਥ 'ਤੇ ਕੁਝ ਮੁਸਾਫ਼ਰ ਜਾਗੇ ਹੋਏ ਸਨ, ਕੁੱਝ ਬੈਠੇ ਹੋਏ ਅਤੇ ਕੁਝ ਹੱਥ ਮੂੰਹ ਧੋ ਕੇ ਆਪਣੀਆਂ ਸੀਟਾਂ 'ਤੇ ਬਿਰਾਜਮਾਨ ਹੁੰਦੇ ਰਹੇ। ਉਹ ਵੀ ਖੜ੍ਹੀ ਹੋਈ, ਆਪਣੀ ਚਾਦਰ ਸਾਂਭੀ ਅਤੇ ਖਿੜਕੀ ਦੇ ਨਾਲ ਲੱਗ ਕੇ ਬਹਿ ਗਈ। ਪਿਛਲੇ ਚਾਰ ਸਾਲਾਂ ਤੋਂ ਉਹ ਇਕ ਅਜੀਬ ਸੰਕੋਚ ਦੇ ਦਾਇਰੇ ਵਿਚ ਖੁੱਭਦੀ ਜਾ ਰਹੀ ਸੀ, ਏਵੇਂ ਜਿਵੇਂ ਕੋਈ ਪੁਰਾਣਾ ਜਹਾਜ਼ ਬੇਧਿਆਨੀ

ਵਿਚ ਚੱਟਾਨ ਨਾਲ ਟਕਰਾ ਕੇ ਉਥੇ ਹੀ ਕਿਨਾਰੇ ਦੇ ਨੇੜੇ-ਤੇੜੇ ਰੇਤ ਵਿਚ ਹੀ ਖੁੱਭ ਗਿਆ ਹੋਵੇ। ਉਹ ਨੂੰ ਐਵੇਂ ਲੱਗਣ ਲੱਗਿਆ ਜਿਵੇਂ ਉਹਦੇ ਬੁੱਲ੍ਹਾਂ 'ਤੇ ਹਾਸੇ ਦੀ ਥਾਂ 'ਤੇ ਸੰਜੀਦਾ ਚੁੱਪ ਬਿਰਾਜਮਾਨ ਹੋ ਗਈ ਸੀ।

ਸਵੇਰੇ ਦਾ ਚਾਨਣ, ਸੂਰਜ ਦੀਆਂ ਠੰਢੀਆਂ ਕਿਰਨਾਂ ਨਾਲ ਹੋਰ ਰੌਸ਼ਨ ਹੋਇਆ। ਤੜਕੇ ਤੜਕੇ ਗੱਡੀ ਕਿਸੇ ਸਟੇਸ਼ਨ 'ਤੇ ਰੁਕ ਗਈ। ਕੁਝ ਸਵਾਰੀਆਂ ਉਤਰੀਆਂ, ਕੁਝ ਅੱਗੇ ਜਾਣ ਦੇ ਲਈ ਚੜ੍ਹੀਆਂ। 'ਚਾਏ ਚਾਏ' ਦੀਆਂ ਆਵਾਜ਼ਾਂ ਨਾਲ ਨੌਜਵਾਨ ਮੁੰਡੇ ਹੱਥਾਂ ਵਿਚ ਕੱਪ ਅਤੇ ਚਾਹ ਦੀ ਕੇਤਲੀ ਲੈ ਕੇ ਇਧਰੋਂ-ਉਧਰੋਂ ਲੋਕਾਂ ਨੂੰ ਆਪਣੀਆਂ ਆਵਾਜ਼ਾਂ ਨਾਲ ਜਗਾਉਣ ਦੇ ਯਤਨਾਂ ਵਿਚ ਗੱਡੀ ਵਿਚ ਦਾਖਲ ਹੋ ਰਹੇ ਸਨ। ਅਜਿਹੇ ਵਿਚ ਕੋਈ ਚੈਨ ਨਾਲ ਕਿਥੇ ਬੈਠ ਸਕਦਾ ਹੈ ? ਬਸ ਪ੍ਰੇਸ਼ਾਨੀ ਨੂੰ ਭਜਾਉਣ ਦੇ ਲਈ ਹੱਥਾਂ ਵਿਚ ਚਾਹ ਲੈ ਕੇ ਲੋਕ ਚੁਸਕੀਆਂ ਭਰਨ ਲੱਗੇ, ਕੁਝ ਅਖ਼ਬਾਰ ਦੇ ਪੰਨਿਆਂ ਨੂੰ ਪਲਟ ਕੇ ਸ਼ੋਰ ਵਧਾ ਰਹੇ ਸਨ। ਉਹਨੇ ਵੀ ਇਕ ਕੱਪ ਚਾਹ ਲੈ ਕੇ ਰਾਤ ਭਰ ਦਾ ਵਰਤ ਤੋੜਿਆ। ਗੱਡੀ ਹੌਲ਼ੀ-ਹੌਲ਼ੀ ਮੰਜ਼ਿਲ ਦੇ ਵੱਲ ਸਰਕਣ ਲੱਗੀ।

"ਤੁਸੀਂ ਕਿੱਥੇ ਜਾ ਰਹੇ ਹੋ ਭੈਣ ?" ਇਕ ਸਲੀਕੇਦਾਰ ਆਵਾਜ਼ ਨੇ ਉਹਦੀ ਚੁੱਪ ਦੇ ਚੱਕਰਵਿਊ ਵਿਚ ਦਖ਼ਲ ਦਿੱਤਾ। ਹੁਣ ਉਹ ਸਾਹਮਣੇ ਬੈਠੇ ਇਕ ਸੱਭਿਅਕ ਜੋੜੇ ਨੂੰ ਮੁਖ਼ਾਤਿਬ ਹੋਈ। "ਜੀ ਚੇਨਈ, ਅਤੇ ਤੁਸੀਂ ?" ਰਾਧਾ ਨੇ ਤੁਰੰਤ ਕਿਹਾ ।

"ਅਸੀਂ ਵੀ ਉਥੇ ਰਹਿੰਦੇ ਹਾਂ ਅਤੇ ਦੋ ਸਾਲਾਂ ਮਗਰੋਂ ਆਪਣੇ ਘਰ ਜਾ ਰਹੇ ਹਾਂ।" ਮਰਦ ਨੇ ਜਵਾਬ ਦੇਣ ਵਿਚ ਪਹਿਲ ਕੀਤੀ।

"ਕਿਥੋਂ ਆ ਰਹੇ ਹੋ ਤੁਸੀਂ ?" ਰਾਧਾ ਨੇ ਔਰਤ ਦੇ ਵੱਲ ਆਪਣੀਆਂ ਸਵਾਲੀਆ ਨਜ਼ਰਾਂ ਘੁਮਾਈਆਂ।

"ਜੀ ਸਿਡਨੀ ਤੋਂ ਆ ਰਹੇ ਹਾਂ, ਦਿੱਲੀ ਹੁੰਦੇ ਹੋਏ ਹੁਣ ਚੇਨਈ ਜਾ ਰਹੇ ਹਾਂ ਅਤੇ ਤੁਸੀਂ...?" ਔਰਤ ਨੇ ਜਵਾਬੀ ਵਾਕ ਵਿਚ ਸਵਾਲਾਂ ਦੀ ਲੜੀ ਜੋੜਦੇ ਹੋਏ ਪ੍ਰਸ਼ਨ ਭਰੀਆਂ ਨਜ਼ਰਾਂ ਨਾਲ ਰਾਧਾ ਦੇ ਵੱਲ ਦੇਖਿਆ। ਹੁਣ ਸਵਾਲ ਜਵਾਬ ਦਾ ਸਿਲਸਿਲਾ ਲਗਾਤਾਰ ਬਣਦਾ ਜਾ ਰਿਹਾ ਸੀ।

"ਜੀ ਮੈਂ ਸਨਫਰਾਂਸਿਸਕੋ ਤੋਂ ਤਿੰਨ ਸਾਲ ਮਗਰੋਂ ਆਪਣੇ ਘਰ ਜਾ ਰਹੀ ਹਾਂ" ਕਹਿੰਦੇ ਹੋਏ ਰਾਧਾ ਖ਼ੁਦ ਨੂੰ ਸੰਭਾਲਦੀ ਹੋਈ ਬਾਰੀ ਦੇ ਬਾਹਰ ਦੇਖਣ ਲੱਗੀ। ਆਪਣੇ ਅੰਦਰ ਅਤੇ ਬਾਹਰ ਦੇ ਸ਼ੋਰ ਵਿਚ ਉਹ ਪਤਾ ਨੀ ਕਿਥੇ ਗੁਆਚ ਗਈ।

ਉਹ ਵੀ ਤਾਂ ਇਹਨਾਂ ਤਿੰਨ ਸਾਲਾਂ ਦੇ ਬਾਅਦ ਉਸ ਛੋਟੀ ਜਿਹੀ ਹਵੇਲੀ ਦੇ ਵਿਹੜੇ ਵਿਚ ਪੈਰ ਧਰੇਗੀ ਜਿਥੇ ਉਹਨੇ ਜ਼ਿੰਦਗੀ ਸ਼ੁਰੂ ਕੀਤੀ ਸੀ। ਇਕ



ਨਰਮ ਅਹਿਸਾਸ ਨੇ ਉਸਨੂੰ ਛੂਹ ਲਿਆ। ਉਹ ਵੀਹ ਸਾਲਾਂ ਦੀ ਸੀ ਜਦੋਂ ਉਹਦਾ ਵਿਆਹ ਰਾਕੇਸ਼ ਖੰਨਾ ਨਾਲ ਹੋਇਆ, ਉਹੀ ਰਾਕੇਸ਼ ਜਿਹੜਾ ਉਹਦੇ ਮੱਥੇ ਦੀ ਬਿੰਦੀ ਨੂੰ ਲੈ ਕੇ ਅਕਸਰ ਉਹਨੂੰ ਛੇੜਦਾ ਹੋਇਆ ਉਹਦੀ ਸੁੰਦਰਤਾ ਵਿਚ ਗੁਆਚ ਜਾਂਦਾ। ਕਦੇ ਤਾਂ ਉਸ ਦੀਆਂ ਅੱਖਾਂ ਦੀਆਂ ਡੂੰਘਾਈਆਂ ਵਿਚ ਪਤਾ ਨੀ ਕੀ ਲੱਭਣ ਦਾ ਯਤਨ ਕਰਦਾ ਅਤੇ ਰਾਧਾ ਉਸ ਪਲ ਨੂੰ ਆਪਣੀ ਜ਼ਿੰਦਗੀ ਦਾ ਪਿਆਰ ਭਰਿਆ ਤੋਹਫ਼ਾ ਸਮਝ ਕੇ ਆਪਣੇ ਦਿਲ ਵਿਚ ਸਾਂਭ ਕੇ ਰੱਖਦੀ। ਉਨਾਂ ਯਾਦਾਂ ਦੇ ਝਰੋਖਿਆਂ ਵਿੱਚੋਂ ਲੰਘਣਾ ਅੱਜ ਉਸ ਨੂੰ ਅਜੀਬ ਜਿਹਾ ਲੱਗਿਆ। ਆਪਣੇ ਹਿੱਸੇ ਦਾ ਸੁੱਖ ਉਹ ਬਹੁਤ ਪਿੱਛੇ ਛੱਡ ਆਈ ਸੀ, ਹੁਣ ਔਖੇ ਰਾਹਾਂ ਤੋਂ ਲੰਘਦੇ ਹੋਏ ਪਹਿਲਾਂ ਉਹਨੂੰ ਕੁੜੱਤਣ ਦਾ ਜ਼ਾਇਕਾ ਲੈਣਾ ਪਿਆ, ਫੇਰ ਉਸ ਜ਼ਹਿਰ ਨੂੰ ਪੀਣਾ ਵੀ ਪਿਆ। ਹੁਣ ਉਹ ਨੀਲਕੰਠ ਬਣ ਗਈ ਹੈ।

"ਉਥੇ ਮੈਂ ਆਪਣੇ ਬੱਚਿਆਂ ਨੂੰ ਮਿਲਣ ਗਈ ਸੀ ਅਤੇ ਤੁਸੀਂ ....?" ਕਹਿ ਕੇ ਰਾਧਾ ਫੇਰ ਚੁੱਪ ਦੀ ਧੁੰਦ ਵਿਚ ਗੁਆਚ ਗਈ।

"ਭੈਣੇ, ਇਹ ਨਾ ਪੁੱਛ ...?" ਕਹਿ ਕੇ ਪੁਰਸ਼ ਨੇ ਠੰਢਾ ਸਾਹ ਲਿਆ।

"ਤੁਸੀਂ ਵੀ ਕਿਹੜੀਆਂ ਗੱਲਾਂ ਛੇੜ ਲਈਆਂ....?" ਆਪਣੇ ਪਤੀ ਦੇ ਵੱਲ ਦੇਖਦੇ ਹੋਏ ਪਤਨੀ ਪਿਆਰ ਨਾਲ ਉਹਨਾਂ ਦੇ ਗੋਡੇ ਪਲੋਸਣ ਲੱਗੀ।

"ਕੀ ਤੁਹਾਡੇ ਪਰਿਵਾਰ ਦੇ ਮੈਂਬਰ ਵੀ ਉਥੇ ਸਿਡਨੀ ਵਿਚ ਹਨ ?" ਹੁਣ ਰਾਧਾ ਨੇ ਆਪਣੇ ਬਚਾਅ ਦੇ ਲਈ ਸਵਾਲਾਂ ਦਾ ਸਹਾਰਾ ਲੈਣਾ ਠੀਕ ਸਮਝਿਆ। ਵੈਸੇ ਵੀ ਗੱਲਾਂ ਦੇ ਦੌਰਾਨ ਮਨ ਵਿਚ ਜੰਮੇ ਹੋਏ ਦਰਦ ਦੀਆਂ ਪਰਤਾਂ ਖੁੱਲ੍ਹਣ ਲੱਗੀਆਂ, ਇਕ ਦੇ ਬਾਅਦ ਇਕ, ਲੜੀਵਾਰ।

"ਜੀ ਮੇਰੇ ਦੋਵੇਂ ਬੱਚੇ, ਬੇਟਾ ਅਤੇ ਬੇਟੀ ਉਥੇ ਹੀ ਵਸ ਗਏ ਹਨ। ਦੋਵੇਂ ਵਿਆਹੇ ਵਰ੍ਹੇ ਹਨ, ਬਾਲ ਬੱਚੇਦਾਰ ਹਨ ...। " ਕਹਿੰਦੇ ਹੋਏ ਮਰਦ ਨੇ ਲੰਮਾ ਸਾਹ ਲਿਆ।

"ਓਹ!" ਜਾਣੇ-ਅਣਜਾਣੇ ਵਿਚ ਪਤਾ ਨਹੀਂ ਕਿਉਂ ਰਾਧਾ ਦੇ ਮੂੰਹੋਂ ਨਿਕਲਿਆ।

ਸਾਹਮਣੇ ਬੈਠੇ ਜੋੜੇ ਨਾਲ ਬੇਗਾਨਾ ਰਿਸ਼ਤਾ ਹੀ ਸਹੀ, ਪਰ ਜੁੜਿਆ ਜ਼ਰੂਰ ਸੀ ਅਤੇ ਹੁਣ ਗੱਲਬਾਤ ਨਾਲ ਹੌਲ਼ੀ ਹੌਲ਼ੀ ਬੇਗਾਨੇਪਣ ਦੀਆਂ ਗੱਲਾਂ ਖੁੱਲ੍ਹਣੀਆਂ ਸ਼ੁਰੂ ਹੋਈਆਂ। ਅਪਣੱਤ ਦੇ ਸੇਕ ਨਾਲ ਮਨ ਦੀਆਂ ਤਹਿਆਂ ਵਿਚ ਜੰਮੇ ਹੋਏ ਦੁੱਖ ਦੀਆਂ ਪਰਤਾਂ ਪਿਘਲਣ ਲੱਗੀਆਂ। ਦੁੱਖ ਵੀ ਕੀ ਅਜੀਬ ਅਹਿਸਾਸ ਹੈ, ਆਪਣੇ ਹੀ ਦਰਦ ਦੇ ਸੇਕ ਵਿਚ ਬਰਫ਼ ਦੇ ਵਾਂਗ ਪਿਘਲ ਜਾਂਦਾ ਹੈ। ਰਾਧਾ ਦੀਆਂ ਅੱਖਾਂ ਸਿੱਲ੍ਹੀਆਂ ਸਨ। ਸੰਘਣੀ ਧੁੰਦ ਵਿਚ ਘਿਰੇ ਹੋਏ

ਆਪਣੇ 'ਕੱਲ੍ਹ' ਤੋਂ ਉਹ ਏਨੀ ਆਸਾਨੀ ਨਾਲ 'ਅੱਜ' ਵਿਚ ਨਹੀਂ ਆ ਸਕੀ ਸੀ। ਉਹ ਆਪਣੇ ਕੱਲ੍ਹ ਵਿਚ ਫੇਰ ਗੁਆਚ ਗਈ।

o

"ਨਹੀਂ ਮਾਂ ਤੂੰ ਹਮੇਸ਼ਾ ਮੇਰੇ ਕੋਲ ਨਹੀਂ ਰਹਿ ਸਕਦੀ, ਸਾਨੂੰ ਵੀ ਕੁਝ ਆਜ਼ਾਦੀ ਚਾਹੀਦੀ ਐ, ਤੁਸੀਂ ਛੇ ਮਹੀਨੇ ਵਿਨੋਦ ਵੀਰੇ ਦੇ ਕੋਲ ਤੇ ਛੇ ਮਹੀਨੇ ਮੇਰੇ ਕੋਲ ਰਹਿ ਸਕਦੇ ਹੋ, ਇਹੀ ਸਾਡੇ ਸਾਰਿਆਂ ਲਈ ਠੀਕ ਹੋਵੇਗਾ।" ਕਹਿ ਕੇ ਅਨਮੋਲ ਦਫ਼ਤਰ ਚਲਾ ਗਿਆ ਅਤੇ ਕੁਝ ਦੇਰ ਵਿਚ ਉਹਦੀ ਪਤਨੀ ਵਿਭਾ ਵੀ ਦਫ਼ਤਰ ਜਾਣ ਦੇ ਲਈ ਤਿਆਰ ਹੋ ਕੇ ਆਈ।

"ਮਾਂ ਮੈਂ ਜਾ ਰਹੀ ਹਾਂ" ਕਹਿ ਕੇ ਦਰਵਾਜ਼ੇ ਤੋਂ ਬਾਹਰ ਨਿਕਲ ਗਈ। ਬਸ ਘਰ ਦੀ ਚਾਰਦੀਵਾਰੀ ਦੇ ਸੰਨਾਟੇ ਵਿਚ ਅਵਾਕ ਖੜ੍ਹੀ ਰਹਿ ਗਈ ਰਾਧਾ ਅਤੇ ਦੋ ਸਾਲ ਦੀ ਮਾਸੂਮ 'ਰਚਨਾ' ਜਿਹੜੀ ਦਾਦੀ ਦੀ ਉਂਗਲ ਫੜ ਕੇ ਨਾਲ ਖੜ੍ਹੀ ਰਹੀ ਅਤੇ ਉਹਦੀਆਂ ਅੱਖਾਂ ਵਿਚ ਝਾਕਦੀ ਰਹੀ। ਸ਼ਾਇਦ ਜ਼ਿੰਦਗੀ ਨੂੰ ਪਛਾਣਨ ਦਾ ਉਹਦਾ ਇਹ ਪਹਿਲਾ ਯਤਨ ਸੀ।

ਅਤੇ ਉਸੇ ਆਥਣ ਨੂੰ ਰਾਧਾ ਨੇ ਆਪਣੀ ਖਿੰਡੀ ਹੋਈ ਹੋਂਦ ਨੂੰ ਇਕੱਠਾ ਕਰਦੇ ਹੋਏ ਇਕ ਸਖ਼ਤ ਫ਼ੈਸਲਾ ਲਿਆ। ਆਥਣੇ ਪਹਿਲਾਂ ਵਿਭਾ ਵਾਪਸ ਆਈ ਅਤੇ ਫੇਰ ਅਨਮੋਲ, ਤਿੰਨਾਂ ਨੇ ਚੁੱਪ ਚਾਪ ਚਾਹ ਪੀਤੀ। ਰਚਨਾ ਝੂਲੇ ਵਿਚ ਸੌਂ ਰਹੀ ਸੀ। ਰਾਧਾ ਨੇ ਅਨਮੋਲ ਵੱਲ ਦੇਖਦੇ ਹੋਏ ਕਿਹਾ, "ਅਨਮੋਲ ਮੈਂ ਤੈਅ ਕੀਤਾ ਹੈ ਕਿ ਹੁਣ ਮੈਂ ਇਥੇ, ਕਿਤੇ ਵੀ ਕਿਸੇ ਦੇ ਕੋਲ ਨਹੀਂ ਰਹਾਂਗੀ, ਆਪਣੇ ਘਰ ਚੇਨਈ ਜਾਣਾ ਚਾਹੁੰਦੀ ਹਾਂ, ਮੇਰੇ ਜਾਣ ਦਾ ਪ੍ਰਬੰਧ ਕਰ ਦੇਵੇਂ ਤਾਂ ਵਧੀਆ ਹੋਵੇਗਾ।" ਮਾਂ ਵੱਲੋਂ ਸਖ਼ਤ ਆਵਾਜ਼ ਵਿਚ ਸੁਣਾਏ ਇਸ ਫ਼ੈਸਲੇ ਨਾਲ ਅਨਮੋਲ ਨੂੰ ਇੱਕ ਝਟਕਾ ਲੱਗਿਆ। ਇਹ ਸਭ ਕੁਝ ਉਸ ਦਾ ਹੀ ਕੀਤਾ ਕਰਾਇਆ ਸੀ ਜਿਸ ਦਾ ਨਤੀਜਾ ਮਾਂ ਦਾ 'ਫ਼ੈਸਲਾ' ਬਣ ਕੇ ਸਾਹਮਣੇ ਆਇਆ ਸੀ। ਮਨ ਹੀ ਮਨ ਵਿਚ ਉਹ ਪੱਥਰ ਤੋਂ ਮੋਮ ਬਣ ਗਿਆ। ਮਾਂ ਮੇਰੇ ਕਹਿਣ ਦਾ ਇਹ ਮਤਲਬ ਨਹੀਂ ਸੀ, ਮੈਂ ਚਾਹੁੰਦਾ ਸੀ ਕਿ ਵਿਨੋਦ ਵੀ ਤਾਂ ਕੁਝ ਜ਼ਿੰਮੇਵਾਰੀ ਲਵੇ।

"ਅਨਮੋਲ, ਤੂੰ ਜੋ ਵੀ ਕਿਹਾ ਉਹ ਆਪਣੀ ਥਾਂ ਠੀਕ ਹੈ। ਪਰ ਮੈਂ ਇਹ ਕਦੇ ਬਰਦਾਸ਼ਤ ਨਹੀਂ ਕਰ ਸਕਾਂਗੀ ਕਿ ਕਿਸੇ ਦਿਨ ਵਿਨੋਦ ਵੀ ਮੇਰੇ ਮੂਹਰੇ ਅਜਿਹੀ ਹੀ ਕੋਈ ਸਥਿਤੀ ਲਿਆਵੇ ਤੇ ਮੈਂ ਫੇਰ ਤੋਂ ਬੇਆਸਰਾ ਹੋ ਜਾਵਾਂ। ਹੁਣ ਮੈਂ ਫ਼ੈਸਲਾ ਕਰ ਲਿਆ ਹੈ ਕਿ ਮੈਂ ਆਪਣੇ ਘਰ ਵਾਪਸ ਜਾਵਾਂਗੀ ਅਤੇ ਉਥੇ ਹੀ ਰਹਾਂਗੀ, ਤੂੰ ਆਪਣੇ ਬੱਚਿਆਂ ਨਾਲ ਖ਼ੁਸ਼ ਰਹਿ ਮੇਰੀ ਇਹੀ ਸ਼ੁਭਕਾਮਨਾ ਹੈ।"

o



ਗੱਡੀ ਦੀ ਰਫ਼ਤਾਰ ਦੇ ਨਾਲ ਰਾਧਾ ਦੀ ਸੋਚ ਦੀ ਰਫ਼ਤਾਰ ਵੀ ਵਧਦੀ ਰਹੀ ਅਤੇ ਬੀਤੇ ਸਾਲਾਂ ਦੇ ਬੇਹੱਦ ਇਕੱਲੇਪਣ ਸਫ਼ਰ ਦੀਆਂ ਲੰਬੀਆਂ ਯਾਦਾਂ ਉਹਦੇ ਨੇੜੇ ਤੇੜੇ ਮੰਡਰਾਉਣ ਲੱਗੀਆਂ, ਜਦੋਂ ਉਹਦੇ ਪਤੀ ਦੀ ਮੌਤ ਹੋਈ ਉਦੋਂ ਪਿਤਾ ਦੀ ਮੌਤ 'ਤੇ ਸ਼ਰਧਾਂਜਲੀ ਦੇਣ ਵੱਡਾ ਬੇਟਾ ਵਿਨੋਦ ਆਇਆ, ਛੋਟਾ ਅਨਮੋਲ ਨਹੀਂ ਆ ਸਕਿਆ। ਬਾਰ੍ਹਾਂ ਦਿਨ ਰਿਹਾ ਅਤੇ ਵਾਰ ਵਾਰ ਮਾਂ ਨੂੰ ਘਰ ਵੇਚ ਕੇ, ਉਨ੍ਹਾਂ ਦੇ ਨਾਲ ਵਿਦੇਸ਼ ਵਿਚ ਵਸ ਜਾਣ ਦੀ ਸਲਾਹ ਦਿੰਦਾ ਰਿਹਾ।

'ਮਾਂ ਹੁਣ ਇਥੇ ਤੁਹਾਡਾ ਇਕੱਲਿਆਂ ਰਹਿਣਾ ਠੀਕ ਨਹੀਂ, ਉਥੇ ਤੁਹਾਡੇ ਦੋ ਘਰ ਹਨ, ਨੂੰਹਾਂ ਅਤੇ ਪੋਤੇ ਪੋਤੀਆਂ ਦੇ ਵਿਚਾਲੇ ਤੁਹਾਡਾ ਜੀਅ ਲੱਗ ਜਾਵੇਗਾ।' ਅਤੇ ਜਾਂਦੇ ਜਾਂਦੇ ਉਹ ਕਹਿੰਦਾ ਰਿਹਾ, 'ਮੈਂ ਕ੍ਰਿਸਮਿਸ ਦੀਆਂ ਛੁੱਟੀਆਂ ਵਿਚ ਰੀਤੀ ਅਤੇ ਤੁਹਾਡੇ ਪੋਤੇ ਦੇ ਨਾਲ ਆਵਾਂਗਾ ਅਤੇ ਵਾਪਸੀ ਵਿਚ ਤੁਹਾਨੂੰ ਨਾਲ ਲੈ ਜਾਵਾਂਗਾ। ਉਦੋਂ ਤਕ ਤੁਸੀਂ ਵੀ ਇਸ ਗੱਲ 'ਤੇ ਗ਼ੌਰ ਕਰੋ ਅਤੇ ਤੈਅ ਕਰ ਲਓ ਕਿ ਤੁਸੀਂ ਕੀ ਕਰਨਾ ਹੈ।'

ਰਾਧਾ ਸੁਣਦੀ ਰਹੀ, ਉਹਦਾ ਮਨ ਲਹੂ-ਲੁਹਾਣ ਹੁੰਦਾ ਰਿਹਾ, ਪਰ ਕਿਸੇ ਵੀ ਗੱਲ ਦਾ ਵਿਰੋਧ ਨਾ ਕਰ ਸਕੀ। ਕੁਝ ਮਹੀਨਿਆਂ ਮਗਰੋਂ ਜਦੋਂ ਛੋਟਾ ਮੁੰਡਾ ਅਨਮੋਲ ਆਪਣੀ ਪਤਨੀ ਵਿਭਾ ਦੇ ਨਾਲ ਆਇਆ ਉਦੋਂ ਅਨੇਕ ਗੱਲਾਂ ਤੋਂ ਬਾਅਦ ਉਹ ਉਨ੍ਹਾਂ ਦੇ ਨਾਲ ਆਪਣੀ ਪਹਿਲੀ ਵਿਦੇਸ਼ ਯਾਤਰਾ 'ਤੇ ਜਾਣ ਲਈ ਰਾਜ਼ੀ ਹੋਈ, ਪ੍ਰੰਤੂ ਘਰ ਨੂੰ ਵੇਚਣ ਵਾਲੀ ਗੱਲ 'ਤੇ ਕਿਸੇ ਵੀ ਤਰ੍ਹਾਂ ਸਹਿਮਤ ਨਹੀਂ ਸੀ ਹੋਈ। ਕੀ ਪਤਾ ਜ਼ਿੰਦਗੀ ਦੇ ਕਿਹੜੇ ਮੋੜ 'ਤੇ ਘਰ ਦੀ ਛਾਂ ਦੀ ਲੋੜ ਪੈ ਜਾਵੇ। ਇਹੀ ਸੋਚਦੇ ਹੋਏ ਉਹ ਮੁੰਡਿਆਂ ਵੱਲੋਂ ਦਿੱਤੀ ਹੋਈ ਕਿਸੇ ਵੀ ਰਾਇ ਦੀ ਹਾਂ ਵਿਚ ਹਾਂ ਨਾ ਮਿਲਾ ਸਕੀ। ਸਵਾਲਾਂ ਜਵਾਬਾਂ ਵਿਚ ਸਭ ਥੱਕ ਹਾਰ ਗਏ। ਸੌ ਸਵਾਲਾਂ ਦਾ ਇਕ ਹੀ ਜਵਾਬ ਮਿਲਿਆ- ਚੁੱਪ! ਇਹ ਗੱਲ ਸਾਰਿਆਂ ਦੇ ਦਿਲਾਂ ਵਿਚ ਇਕ ਗੰਢ ਬਣ ਕੇ ਰਹਿ ਗਈ। ਉਹਦੇ ਵਿਦੇਸ਼ ਜਾਣ ਤੋਂ ਬਾਅਦ ਉਸ ਮਕਾਨ ਦੀ ਨਿਗਰਾਨੀ ਸਿਰਫ਼ ਇਕ ਜਿੰਦਾ ਕਰਦਾ ਰਿਹਾ, ਜਿਹਦੀ ਚਾਬੀ ਰਾਧਾ ਨੇ ਆਪਣੇ ਕੋਲ ਸੰਭਾਲ ਕੇ ਰੱਖ ਲਈ। ਸੋਚਾਂ ਦੀ ਤੰਦ ਤੋਂ ਬਾਹਰ ਝਾਕਦੇ ਹੋਏ ਰਾਧਾ ਦੀਆਂ ਅੱਖਾਂ ਜਦੋਂ ਸਾਹਮਣੇ ਜੋੜੇ ਨਾਲ ਮਿਲੀਆਂ, ਤਾਂ ਅੱਖਾਂ ਦੀ ਨਮੀ ਬਹੁਤ ਕੁਝ ਅਣਕਿਹਾ ਕਹਿ ਗਈ।

o

"ਮੇਰਾ ਨਾਮ ਰਮੇਸ਼ਵਰ ਹੈ ਅਤੇ ਮੇਰੀ ਪਤਨੀ ਦਾ ਨਾਂ ਕਰੁਣਾ ਹੈ, ਤੁਸੀਂ ਸਾਨੂੰ ਸਾਡੇ ਨਾਂ ਨਾਲ ਬੁਲਾ ਸਕਦੀ ਹੋ ਭੈਣ" ਕਹਿੰਦੇ ਹੋਏ ਪੁਰਸ਼ ਨੇ ਅਪਣੱਤ

ਦਾ ਇਕ ਹੋਰ ਨਾਤਾ ਜੋੜਦੇ ਹੋਏ ਕਿਹਾ– "ਭੈਣ ਅਸੀਂ ਆਪਣੇ ਬੱਚਿਆਂ ਨੂੰ ਛੱਡ ਨਾ ਸਕੇ, ਇਸ ਕਰਕੇ ਆਪਣਾ ਘਰ ਬਾਰ ਛੱਡ ਕੇ ਉਨ੍ਹਾਂ ਦੀ ਵਿਰਾਸਤ ਬਣ ਗਏ, ਹੁਣ ਬੱਚਿਆਂ ਨੇ ਸਾਨੂੰ ਛੱਡ ਦਿੱਤਾ ਹੈ।"

ਅੱਗੇ ਨਾ ਉਹ ਕੁਝ ਕਹਿ ਸਕੇ, ਨਾ ਰਾਧਾ ਸੁਣ ਸਕੀ। ਦਿਲ ਵਿਚ ਦਫ਼ਨ ਹਰ ਜ਼ਖ਼ਮ ਦਾ ਹਿਸਾਬ ਕਿਤਾਬ ਤਾਂ ਅਸੀਂ ਨਹੀਂ ਰੱਖ ਸਕਦੇ, ਪਰ ਉਨ੍ਹਾਂ ਜ਼ਖ਼ਮੀ ਅਹਿਸਾਸਾਂ ਦੀ ਪੈੜ–ਚਾਲ ਨੂੰ ਨਾੜਾਂ ਵਿਚ ਤੜਫਦਾ ਹੋਇਆ ਜ਼ਰੂਰ ਮਹਿਸੂਸ ਕਰਦੇ ਹਾਂ।

"ਭਾਈ ਸਾਹਿਬ, ਮੈਂ ਵੀ ਕੁਝ ਅਜਿਹਾ ਹੀ ਫ਼ੈਸਲਾ ਲੈ ਕੇ ਆਪਣੇ ਘਰ ਵਾਪਸੀ ਕਰ ਰਹੀ ਹਾਂ। ਅਸੀਂ ਬੱਚਿਆਂ ਨੂੰ ਪਾਲਿਆ, ਸਾਡਾ ਫ਼ਰਜ਼ ਸੀ। ਜੇਕਰ ਬੱਚੇ ਸਾਨੂੰ ਨਹੀਂ ਪਾਲ ਸਕਦੇ ਤਾਂ ਇਹੀ ਸਹੀ, ਭਗਵਾਨ ਉਹਨਾਂ ਨੂੰ ਖ਼ੁਸ਼ ਰੱਖੇ।" ਕਹਿੰਦੇ ਹੋਏ ਰਾਧਾ ਨੇ ਅੱਖਾਂ ਵਿਚੋਂ ਛਲਕ ਆਏ ਹੰਝੂ ਸਾੜ੍ਹੀ ਦੇ ਪੱਲੇ ਨਾਲ ਪੂੰਝ ਲਏ।

"ਓਹ! ਤਾਂ ਤੁਸੀਂ ਵੀ ਬੇਦਰਦ ਸਮੇਂ ਦੀ ਸੱਟ ਖਾ ਕੇ ਆ ਰਹੇ ਹੋ...।" ਕਹਿੰਦੇ ਹੋਏ ਕਰੁਣਾ ਨੇ ਪਹਿਲੀ ਵਾਰ ਜੰਮੀਆਂ ਹੋਈਆਂ ਦਰਦ ਦੀਆਂ ਪਰਤਾਂ ਨੂੰ ਤੋੜਨ ਦਾ ਯਤਨ ਕੀਤਾ।

"ਕੀ ਮਤਲਬ... ?" ਰਾਧਾ ਦੀਆਂ ਅੱਖਾਂ ਵਿਚ ਇਕ ਚੁੱਪ ਸਵਾਲ ਸੀ।

"ਭੈਣ ਬੁਰਾ ਨਾ ਮੰਨਣਾ, ਅਸੀਂ ਵੀ ਤੁਹਾਡੇ ਵਾਂਗ ਦੋਵੇਂ ਬੱਚਿਆਂ ਦੇ ਬੇਕਿਰਕ, ਬੇਲਿਹਾਜ਼ ਸੁਭਾਅ ਤੋਂ ਅੱਕ ਕੇ ਖ਼ੁਦ ਨੂੰ ਆਜ਼ਾਦ ਕਰਵਾ ਕੇ ਆਏ ਹਾਂ, ਹੁਣ ਆਪਣੀ ਪੁਰਾਣੀ ਦੁਨੀਆਂ 'ਚ ਰਹਿਣਾ ਚਾਹੁੰਦੇ ਹਾਂ। ਉਹਨਾਂ ਨੇ ਸਾਨੂੰ ਦੁੱਖ ਦਿੱਤਾ, ਇਸ ਕਰਕੇ ਕਿ ਅਸੀਂ ਚੇਨਈ ਦਾ ਉਹ ਜੱਦੀ ਮਕਾਨ ਉਨ੍ਹਾਂ ਦੀ ਇੱਛਾ ਅਨੁਸਾਰ ਵੇਚ ਨਹੀਂ ਸਕੇ ਅਤੇ ਸ਼ਾਇਦ ਇਹੀ ਸਾਡੇ ਲਈ ਇਕ ਛੁਪਿਆ ਵਰਦਾਨ ਬਣ ਗਿਆ, ਨਹੀਂ ਤਾਂ ਅੱਜ ਅਸੀਂ ਬੇਔਲਾਦ ਤਾਂ ਹੋਏ ਹੀ ਹਾਂ ਬੇਘਰ ਵੀ ਹੋ ਜਾਂਦੇ।" ਕਹਿ ਕੇ ਰਮੇਸ਼ਵਰ ਜੀ ਆਪਣਾ ਸਾਮਾਨ ਸੰਭਾਲਣ ਲੱਗੇ। ਸ਼ਾਇਦ ਸਟੇਸ਼ਨ ਨਜ਼ਦੀਕ ਸੀ।

ਸਫ਼ਰ ਕਦੋਂ ਮੁੱਕਿਆ, ਉਨ੍ਹਾਂ ਵਿਚੋਂ ਕਿਸੇ ਨੂੰ ਪਤਾ ਨਹੀਂ ਲੱਗਿਆ, ਪਰ ਮੰਜ਼ਿਲ ਸਾਮ੍ਹਣੇ ਸੀ ਉਨ੍ਹਾਂ ਨੇ ਏਨਾ ਜ਼ਰੂਰ ਜਾਣਿਆ। ਰਮੇਸ਼ਵਰ ਜੀ ਅਤੇ ਉਹਨਾਂ ਦੀ ਪਤਨੀ ਕਰੁਣਾ ਸਾਮਾਨ ਨਾਲ ਥੱਲ੍ਹੇ ਉਤਰੇ ਅਤੇ ਫੇਰ ਦੋਵਾਂ ਨੇ ਰਾਧਾ ਦਾ ਸਾਮਾਨ ਥੱਲ੍ਹੇ ਲਾਹੁਣ ਵਿਚ ਮਦਦ ਕੀਤੀ। ਇਕ ਦੂਜੇ ਤੋਂ ਵਿਦਾ ਲੈ ਕੇ ਮੁਸਾਫ਼ਰ ਆਪਣੀ ਦਿਸ਼ਾ ਵੱਲ ਅੱਗੇ ਵਧੇ ਅਤੇ ਅੱਗੇ ਵਧਦੇ ਰਹੇ, ਹਨੇਰੇ ਨੂੰ ਪਿੱਛੇ ਛੱਡਦੇ ਹੋਏ ਜ਼ਿੰਦਗੀ ਦੇ ਪੰਧ 'ਤੇ ਇਕ ਨਵਾਂ ਸਫ਼ਰ ਸ਼ੁਰੂ ਕਰਨ ਦੇ ਲਈ।

—o—



# ਅਤੇ ਮੈਂ ਵੱਡੀ ਹੋ ਗਈ

ਇੱਲਤ ਅਤੇ ਸ਼ਰਾਰਤ ਤਾਂ ਉਹਦੀ ਨਸ ਨਸ ਵਿਚ ਭਰੀ ਹੋਈ ਸੀ, ਜਿਹੜੀ ਜਵਾਨੀ ਦੇ ਵਾਂਗੂੰ ਮੱਲੋਮੱਲੀ ਆਪਣਾ ਪ੍ਰਗਟਾਵਾ ਕਿਸੇ ਨਾ ਕਿਸੇ ਰੂਪ ਵਿਚ ਕਰਦੀ, ਚਾਹੇ ਉਹਦਾ ਉੱਠਣਾ–ਬੈਠਣਾ ਹੋਵੇ ਜਾਂ ਗੱਲ ਕਰਨ ਦਾ ਸਲੀਕਾ ਹੋਵੇ।

"ਹੁਣ ਮੈਂ ਦੋ ਗੁੱਤਾਂ ਨਹੀਂ ਕਰ ਸਕਦੀ, ਪਰ ਕਿਉਂ ?"

"ਕਿਉਂਕਿ ਹੁਣ ਤੂੰ ਵੱਡੀ ਹੋ ਗਈ ਹੈਂ ?"

"ਤਾਂ ਕੀ ਵੱਡੀ ਹੋਣ 'ਤੇ ਦੋ ਗੁੱਤਾਂ ਕਰਨ ਦੀ ਮਨਾਹੀ ਹੈ ?"

"ਨੀ ਮਨਾਹੀ ਨਹੀਂ ਹੈ ਮਿੰਨੀ, ਪਰ ਹਰ ਇਕ ਉਮਰ ਦੀਆਂ ਬਦਲਦੀਆਂ ਸਥਿਤੀਆਂ ਹੁੰਦੀਆਂ ਹਨ, ਰਿਸ਼ਤੇ ਬਦਲ ਜਾਂਦੇ ਹਨ, ਰਿਸ਼ਤਿਆਂ ਦੇ ਨਾਮ ਬਦਲਦੇ ਹਨ ਅਤੇ ਅਜਿਹੇ ਵਿਚ ਆਪਣੇ ਉੱਠਣ ਬੈਠਣ, ਚਾਲ ਚਲਣ ਅਤੇ ਵਰਤਾਓ ਵਿਚ ਵੀ ਤਾਂ ਬਦਲਾਓ ਲਿਆਉਣਾ ਪੈਂਦਾ ਹੈ ਕਿ ਨਹੀਂ ?" ਮਾਂ ਨੇ ਇਕ ਟੁੱਕ ਜਵਾਬ ਦਿੰਦੇ ਹੋਏ ਮਿੰਨੀ ਨੂੰ ਚੁੱਪ ਕਰਾਉਣਾ ਚਾਹਿਆ।

"ਤੁਹਾਡਾ ਮਤਲਬ ਹੈ ਰਿਸ਼ਤਿਆਂ ਦੇ ਨਾਮ ਬਦਲ ਜਾਣ ਨਾਲ ਸਾਨੂੰ ਵੀ ਬਦਲਣਾ ਪੈਂਦਾ ਹੈ ਜਾਂ ਬਦਲਾਅ ਲਿਆਉਣਾ ਪੈਂਦਾ ਹੈ.... ?"

"ਨਹੀਂ ਨੀ, ਤੇਰੇ ਨਾਲ ਤਾਂ ਗੱਲ ਕਰਨੀ ਹੀ ਔਖੀ ਹੈ ਮਿੰਨੀ। ਉਈਂ ਵਾਲ਼ ਦੀ ਖੱਲ ਲਾਹੁਣ ਲਗਦੀ ਐਂ। ਬੇਟਾ ਇਹਨਾਂ ਊਚ ਨੀਚ ਦੀਆਂ ਗਲੀਆਂ 'ਚੋਂ ਲੰਘਣ ਲਈ ਜੇ ਮੈਂ ਹੀ ਤੈਨੂੰ ਨਹੀਂ ਸਮਝਾਵਾਂਗੀ ਤਾਂ ਹੋਰ ਕੌਣ ਆ ਕੇ ਤੈਨੂੰ ਇਹ ਦੁਨੀਆਦਾਰੀ ਦੇ ਸਲੀਕੇ ਦੱਸੂ ਜਾਂ ਸਮਝਾਊ।" ਮਾਂ ਮਿੰਨੀ ਦੇ ਸਿਰ 'ਤੇ ਤੇਲ ਲਾ ਕੇ, ਉਸ ਦੇ ਵਾਲ਼ਾਂ ਨੂੰ ਸੰਵਾਰ ਰਹੀ ਸੀ ਅਤੇ ਜਦੋਂ ਕਦੇ ਅਜਿਹਾ ਹੁੰਦਾ ਸੀ ਤਾਂ ਮਿੰਨੀ ਨੂੰ ਬਹੁਤ ਚੰਗਾ ਲਗਦਾ ਸੀ। ਪ੍ਰੰਤੂ ਅੱਜ ਮਾਂ ਪਤਾ ਨਹੀਂ ਕਿਹੋ ਜਿਹੀਆਂ ਉਲਝਣਾਂ ਵਾਲੀਆਂ ਗੱਲਾਂ ਲੈ ਬੈਠੀ, ਉਹ ਸੋਚਣ ਲੱਗੀ।

"ਪਰ ਅੱਜ ਹੀ ਤੂੰ ਇਹ ਸਾਰੀਆਂ ਗੱਲਾਂ ਕਿਉਂ ਦੱਸ ਰਹੀ ਹੈਂ ਮਾਂ ?" ਮਿੰਨੀ ਨੇ ਮੱਥਾ ਖੁਰਕਦਿਆਂ ਕਿਹਾ।

"ਇਸ ਕਰਕੇ ਕਿ ਹੁਣ ਤੂੰ ਛੋਟੀ ਨਹੀਂ। ਜਦੋਂ ਕੁੜੀਆਂ ਵੱਡੀਆਂ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਔਰਤ ਦਾ ਨਾਮ ਦਿੱਤਾ ਜਾਂਦਾ ਹੈ ਅਤੇ ਔਰਤ

ਬਦਲਾਓ ਚਾਹੁੰਦੀ ਹੈ।" ਮਾਂ ਨੇ ਉਹਦੀਆਂ ਅੱਖਾਂ ਵਿਚ ਝਾਕਦੇ ਹੋਏ ਕਿਹਾ।

"ਤੂੰ ਚਾਹੁੰਦੀ ਹੈਂ ਕਿ ਦੁਨੀਆਂ ਦੀਆਂ ਸਾਰੀਆਂ ਕੁੜੀਆਂ ਜਦੋਂ ਔਰਤ ਬਣ ਜਾਣ ਤਾਂ ਉਹ ਸਭ ਕੁਝ ਭੁੱਲ ਜਾਣ—ਹੱਸਣਾ, ਮੁਸਕੁਰਾਉਣਾ, ਪੀਚੋ ਖੇਡਣਾ, ਕਬੱਡੀ ਕਬੱਡੀ, ਤੂੰ ਤੂੰ, ਮੈਂ ਮੈਂ...." ਜਿਹੜੀ ਬਚਪਨ ਤੋਂ ਲੈ ਕੇ ਅੱਜ ਤਕ ਉਹ ਕਰਦੀ ਰਹੀ ਹੈ।

"ਭੁੱਲਣ ਦੀ ਗੱਲ ਨਹੀਂ, ਇਹ ਬਦਲਾਓ ਦੀ ਮੰਗ ਹੈ ... ਮਿੰਨੀ!" ਮਾਂ ਨੇ ਉਹਦੇ ਉਲਝੇ ਸਵਾਲਾਂ ਨੂੰ ਸੁਲਝਾਉਣ ਦਾ ਯਤਨ ਕੀਤਾ।

"ਅਤੇ ਸਾਰੀਆਂ ਤੇਰੇ ਵਾਂਗ ਬਣ ਜਾਣ, ਦੋ ਪੁੜਾਂ ਵਿਚਾਲੇ ਪਿਸਦਾ ਹੋਇਆ ਇਕ ਸਾਧਾਰਨ ਕਣਕ ਦਾ ਦਾਣਾ? ਕੀ ਕੁੜੀ ਦੀ ਜ਼ਿੰਦਗੀ ਸਿਰਫ਼ ਔਰਤ ਹੋਣ ਵਿਚ ਨਹੀਂ ਹੈ, ਜਿਹੜੀ ਸੁਭਾਵਿਕਤਾ ਨਾਲ ਹੀ ਉਹਨੂੰ ਵਰਦਾਨ ਵਿਚ ਮਿਲਦੀ ਹੈ? ਕੀ ਹਰ ਵਿਆਹ ਦਾ ਅੰਤ ਅਜਿਹਾ ਹੀ ਹੁੰਦਾ ਹੈ? ਪਤੀ ਦੀ ਸੇਵਾ, ਉਹਦੇ ਮਾਤਾ ਪਿਤਾ ਦੀ ਸੇਵਾ ਕਰਨਾ, ਉਹਦੇ ਬੱਚਿਆਂ ਨੂੰ ਪੈਦਾ ਕਰਨਾ, ਉਨ੍ਹਾਂ ਦਾ ਪਾਲਣ ਪੋਸ਼ਣ ਕਰਨਾ, ਉਨ੍ਹਾਂ ਨੂੰ ਖਾਣਾ ਬਣਾ ਕੇ ਖੁਆਉਣਾ, ਸਕੂਲ ਦੇ ਲਈ ਤਿਆਰ ਕਰਨਾ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਲੋੜਾਂ ਦੀ ਕਸ਼ਮਕਸ਼ ਵਿਚ ਘਿਰਿਆ ਰਹਿਣਾ, ਕੁਝ ਏਵੇਂ ਕਿ ਆਪਣੇ ਹੋਣ ਦਾ ਅਹਿਸਾਸ ਵੀ ਯਾਦ ਨਾ ਰਹੇ। ਬਸ ਖ਼ੁਦ ਹੀ ਕਣਕ, ਖ਼ੁਦ ਹੀ ਚੱਕੀ ਬਣ ਕੇ ਚਲਦੀ ਰਹੇ, ਪਿਸਦੀ ਰਹੇ, ਜਿਵੇਂ ਕਿ ਕੋਈ ਟੁੱਟੀ-ਫੁੱਟੀ ਕਿਸ਼ਤੀ ਚੱਲ ਰਹੀ ਹੋਵੇ ਸਮੁੰਦਰ ਦੀਆਂ ਲਹਿਰਾਂ ਦੇ ਵਿਚਕਾਰ।"

"ਇਹ ਤੂੰ ਕੀ ਕਹਿ ਰਹੀ ਹੈਂ ਮਿੰਨੀ? ਕੀ ਹੋ ਗਿਆ ਹੈ ਤੈਨੂੰ? ਇਹ ਤਾਂ ਬਾਗ਼ੀ ਸੋਚ ਹੈ। ਪਰਿਵਾਰ ਦੇ ਲਈ ਆਪਣਾ ਸਭ ਕੁਝ ਸਮਰਪਣ ਕਰ ਦੇਣਾ ਕੁਰਬਾਨੀ ਨਹੀਂ। ਇਹ ਤਾਂ ਕਰਤੱਵ ਹੁੰਦਾ ਹੈ। ਉਹ ਮੇਰੇ ਹਨ ਅਤੇ ਉਨ੍ਹਾਂ ਦਾ ਪਰਿਵਾਰ ਵੀ ਮੇਰਾ ਹੈ।"

"ਇਹ ਤੂੰ ਕਹਿ ਰਹੀ ਹੈਂ ਮਾਂ? ਹੁਣ ਮੈਂ ਛੋਟੀ ਨਹੀਂ ਹਾਂ ਜਿਹੜੀ ਇਹ ਵੀ ਨਾ ਸਮਝ ਸਕਾਂ। ਤੂੰ ਜਿਨ੍ਹਾਂ ਦੀ ਗੱਲ ਕਰ ਰਹੀ ਐਂ, ਉਹ ਮੇਰੇ ਪਿਤਾ ਹੁੰਦੇ ਹੋਏ ਵੀ ਜਿਵੇਂ ਮੇਰੇ ਪਿਤਾ ਨਹੀਂ ਹਨ। ਉਨ੍ਹਾਂ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਮੈਂ ਕਿਹੜੀ ਕਲਾਸ ਵਿਚ ਪੜ੍ਹਦੀ ਹਾਂ। ਮੇਰਾ ਛੋਟਾ ਭਾਈ ਕਿਹੜੇ ਸਕੂਲ ਵਿਚ ਜਾਂਦਾ ਹੈ, ਕੀ ਪਾਉਂਦਾ ਹੈ, ਕੀ ਵਿਛਾਉਂਦਾ ਹੈ? ਬਸ ਸਾਲ ਵਿਚ ਇਕ ਅੱਧੀ ਵਾਰ ਜਦੋਂ ਉਨ੍ਹਾਂ ਨੂੰ ਸੁਰਤ ਆਉਂਦੀ ਹੈ ਤਾਂ ਪੁੱਛ ਲੈਂਦੇ ਹਨ, 'ਪੜ੍ਹਾਈ ਕਿਵੇਂ ਚਲ ਰਹੀ ਹੈ' ਅਤੇ ਆਪਣੇ ਸੁਝਾਅ ਦੇ ਕੇ ਤੁਰਦੇ ਬਣਦੇ ਹਨ—'ਮਾਂ ਦੀਆਂ ਗੱਲਾਂ ਸੁਣਿਆ ਅਤੇ ਮੰਨਿਆ ਕਰੋ'।" ਮਿੰਨੀ ਆਪਣੀ ਉਮਰ ਦੀ ਬਾਗ਼ੀ



ਸੋਚ ਨੂੰ ਜ਼ਾਹਿਰ ਕਰਦੇ ਹੋਏ ਕਹਿ ਰਹੀ ਸੀ।

ਮਾਂ ਦੀ ਚੁੱਪ ਨੂੰ ਦੇਖਦੇ ਹੋਏ ਮਿੰਨੀ ਨੇ ਉਹਨੂੰ ਉਕਸਾਉਣ ਦੀ ਕੋਸ਼ਿਸ਼ ਕੀਤੀ, ਉਹ ਮਾਂ ਦੇ ਮਨ ਫਰੋਲਣਾ ਚਾਹੁੰਦੀ ਸੀ।

"ਮਾਂ ਤੂੰ ਤਾਂ ਏਵੇਂ ਕਹਿ ਰਹੀ ਹੈਂ ਜਿਵੇਂ ਉਹ ਕਦੇ ਤੇਰੀ ਗੱਲ ਸੁਣਦੇ ਹਨ ਅਤੇ ਮੰਨਦੇ ਹਨ। ਮੈਨੂੰ ਤਾਂ ਲਗਦਾ ਹੈ ਕਿ ਉਨ੍ਹਾਂ ਨੂੰ ਆਪਣੇ ਨਸ਼ੇ ਵਿਚ ਅਤੇ ਜਵਾਨੀ ਦੀ ਦੇਹਲੀ 'ਤੇ ਬੈਠੀ ਉਸ ਮੈਤਰੀ ਦੇ ਖ਼ੁਮਾਰ ਤੋਂ ਬਿਨਾਂ ਕੁਝ ਯਾਦ ਨਹੀਂ ਰਹਿੰਦਾ। ਕੀ ਤੂੰ ਏਹਨੂੰ ਕਰਤੱਵ ਕਹਿੰਨੀ ਐਂ, ਜਿਹੜਾ ਸਿਰਫ਼ ਇਕ ਤਰਫ਼ਾ ਹੀ ਰਹਿ ਗਿਆ ਹੈ, ਅਤੇ ਜਿਹਨੂੰ ਨਿਭਾਉਣ ਦੇ ਲਈ ਤੂੰ ਖ਼ੁਦ ਵੀ ਜਿਉਣਾ ਭੁੱਲ ਗਈ ਹੈਂ!"

"ਬੇਟਾ ਆਪਣੇ ਘਰ ਦੀ ਲਾਜ ਰੱਖਣਾ-ਰਖਵਾਉਣਾ ਔਰਤ ਦੀ ਸਿਰਫ਼ ਜਵਾਬਦਾਰੀ ਹੁੰਦੀ ਹੈ, ਕਿਉਂਕਿ ਉਹ ਸਭ ਰਿਸ਼ਤਿਆਂ ਤੋਂ ਵਧ ਕੇ ਬੱਚਿਆਂ ਦੀ ਰੱਖਿਆ ਕਰਨਾ ਚਾਹੁੰਦੀ ਹੈ। ਮੈਨੂੰ ਤੇਰੀ ਬਹੁਤ ਚਿੰਤਾ ਹੈ। ਇਹ ਵੀ ਇਕ ਕਾਰਨ ਹੈ ਕਿ ਮੈਂ ਬਹਿਸ ਨਹੀਂ ਕਰਦੀ, ਬਸ ਰਾਜ਼ੀ-ਖ਼ੁਸ਼ੀ ਦੀਆਂ ਖ਼ੈਰਾਂ ਹੀ ਮੰਗਦੀ ਰਹਿੰਦੀ ਹਾਂ।"

"ਆਪਣੇ ਘਰ ਨੂੰ ਬਣਾਉਣ ਦੀ ਜ਼ਿੰਮੇਵਾਰੀ ਕੀ ਸਿਰਫ਼ ਤੇਰੀ ਹੀ ਹੈ ਮਾਂ?" ਮਿੰਨੀ ਹੁਣ ਮਾਂ ਦੇ ਅੰਦਰਲੇ ਨੂੰ ਖੁਰਚਣ ਲੱਗੀ ਸੀ।

'..........'।

"ਮਾਂ ਕੀ ਸੋਚ ਰਹੀ ਐਂ....?" ਮਿੰਨੀ ਨੇ ਵੀ ਜਿਵੇਂ ਗੱਲ ਦੀ ਤਹਿ ਤਕ ਪਹੁੰਚਣ ਦੀ ਜ਼ਿੱਦ ਫੜ ਲਈ ਸੀ।

"ਮਿੰਨੀ, ਰਿਸ਼ਤਿਆਂ ਵਿਚ ਜੇਕਰ ਨਿਭਾਉਣ ਤੋਂ ਜ਼ਿਆਦਾ ਸਹਿਣ ਦੀ ਵਾਰੀ ਆ ਜਾਵੇ, ਤਾਂ ਮੁਲਾਇਮ ਰਿਸ਼ਤੇ ਦਰਦ ਦੇਣ 'ਤੇ ਉਤਾਰੂ ਹੋ ਜਾਂਦੇ ਹਨ। ਫੇਰ ਵੀ ਉਹਨਾਂ ਚਾਹੇ-ਅਣਚਾਹੇ ਅਹਿਸਾਸਾਂ ਦੇ ਨਾਲ ਹੀ ਜਿਊਣਾ ਪੈਂਦਾ ਹੈ। ਕਿਤੇ ਕਿਤੇ ਤਾਂ ਅਕਸਰ ਧੱਕੇ ਮਾਰ ਕੇ ਜ਼ਿੰਦਗੀ ਦੀ ਗੱਡੀ ਨੂੰ ਚਲਾਉਣਾ ਪੈਂਦਾ ਹੈ।"

"ਪਰ ਮਾਂ ਰਿਸ਼ਤਿਆਂ ਵਿਚ ਤਾਂ ਪਿਆਰ ਹੁੰਦਾ ਹੈ, ਅਪਣੱਤ ਹੁੰਦੀ ਹੈ, ਜਵਾਬਦਾਰੀਆਂ ਅਤੇ ਫ਼ਰਜ਼ ਹੁੰਦੇ ਹਨ, ਜਿਹੜੇ ਸਾਰਿਆਂ ਨੂੰ ਬਰਾਬਰ-ਬਰਾਬਰ ਨਿਭਾਉਣੇ ਪੈਂਦੇ ਹਨ। ਪਤੀ-ਪਤਨੀ ਇਕ ਦੂਜੇ ਦੀ ਬਰਾਬਰੀ ਦੇ ਪੂਰਕ ਹੁੰਦੇ ਹਨ, ਹੈ ਨਾ ਮਾਂ...?"

ਮਾਂ ਦੀ ਜ਼ੁਬਾਨ ਨੂੰ ਹੁਣ ਜਿੰਦਾ ਲੱਗ ਗਿਆ ਸੀ। ਸੱਚ ਹੀ ਤਾਂ ਆਖ ਰਹੀ ਹੈ ਮਿੰਨੀ। ਦੇਖਣ ਵਿਚ ਇਹ ਇੱਲਤੀ, ਪਰ ਸਮਝ ਵਿਚ ਕਾਫ਼ੀ ਸੁਚੇਤ, ਤੇਜ਼ ਤਰਾਰ, ਦੁਨੀਆਦਾਰੀ ਤੇ ਸਮਝਦਾਰੀ ਵਿਚ ਤਿੱਖੀ ਨਜ਼ਰ ਰੱਖਣ ਵਾਲੀ।

ਦਸਵੀਂ ਵਿਚ ਪੜ੍ਹਦੀ ਹੈ ਪਰ ਦੁਨੀਆਦਾਰੀ ਨੂੰ ਸਮਝਦੇ ਹੋਏ ਵੀ ਨਾ ਸਮਝਣ ਦਾ ਦਿਖਾਵਾ ਕਰਦੀ ਹੈ।

ਮਿੰਨੀ ਆਪਣੀ ਮਾਂ ਦੀ ਸਹੇਲੀ ਹੈ, ਉਹਦੀ ਹਰ ਬਿੜਕ ਨਾਲ ਉਹਦੇ ਅੰਤਰਮਨ ਦੇ ਤਲ ਨੂੰ ਛੂਹ ਆਉਂਦੀ ਹੈ, ਉਹਦੀਆਂ ਅੱਖਾਂ ਵਿਚ ਛੁਪੇ ਹੋਏ ਡਰ ਨੂੰ, ਹਰ ਸਵਾਲ ਨੂੰ ਪੜ੍ਹ ਲੈਂਦੀ ਹੈ। ਮਨ ਦੀ ਤਹਿਆਂ ਵਿਚ ਛੁਪੇ ਜ਼ਖ਼ਮਾਂ ਦੇ ਛਾਲਿਆਂ ਨੂੰ ਕਦੇ ਕਦੇ ਆਪਣੇ ਬਚਪਨ ਦੀਆਂ ਅਜਿਹੀਆਂ ਗੱਲਾਂ ਨਾਲ ਭੰਨ ਆਉਂਦੀ ਹੈ ਤਾਂ ਕਿ ਮਾਂ ਦੇ ਦਿਲ ਦਾ ਦਰਦ, ਜ਼ਹਿਰ ਬਣਨ ਤੋਂ ਪਹਿਲਾਂ ਹੰਝੂ ਬਣ ਕੇ ਵਹਿ ਨਿਕਲੇ। ਮਾਂ ਦੇ ਮਨ ਦੇ ਸੰਘਰਸ਼ ਤੋਂ ਉਹ ਭਲੀਭਾਂਤ ਜਾਣੂ ਸੀ, ਉੱਠਦੇ ਹੋਏ ਤੂਫ਼ਾਨ ਦੀ ਵੀ ਜਾਣਕਾਰ ਸੀ, ਪਰ ਕਹਿੰਦੀ ਕੁਝ ਨਹੀਂ ਸੀ। ਆਪਣੇ ਵੱਲੋਂ ਇਕ ਅਣਜਾਣੇ ਦਿਖਾਵੇ ਦੀ ਬੁੱਕਲ ਮਾਰੀ ਉਹ ਵਿਚਰਦੀ ਰਹਿੰਦੀ, ਪਰ ਨਜ਼ਰ ਸਾਰੇ ਪਾਸੇ ਘੁਮਾਉਂਦੀ, ਘਰ ਦੀ ਚਾਰਦੀਵਾਰੀ ਦੇ ਅੰਦਰ ਅਤੇ ਬਾਹਰ। ਉਹਨੂੰ ਇਹ ਵੀ ਪਤਾ ਰਹਿੰਦਾ ਸੀ ਕਿ ਕਿੱਥੇ ਕੀ ਹੋ ਰਿਹਾ ਹੈ। ਊਚ-ਨੀਚ ਸਮਝਣ ਦਾ ਵਲ਼ ਹੁਣ ਉਹਦੇ ਵਿਚ ਹੈ। ਬਸ ਮਾਂ ਦੇ ਜ਼ਖ਼ਮੀ ਦਿਲ ਨੂੰ ਹੋਰ ਸੱਟ ਨਾ ਲੱਗੇ ਇਸ ਕਰਕੇ ਉਹ ਅਜਿਹੇ ਹੀ ਸਵਾਲਾਂ ਨਾਲ ਉਹਨੂੰ ਫਰੋਲਦੀ ਰਹਿੰਦੀ।

ਜਦੋਂ ਮਾਂ ਦੇ ਕੋਲ ਅਜਿਹੇ ਸਵਾਲਾਂ ਦਾ ਕੋਈ ਜਵਾਬ ਨਾ ਹੁੰਦਾ ਤਾਂ ਉਹ ਘਰ ਦੀ ਦੇਹਲੀ ਉਸਦੀ ਮਾਣ-ਮਰਿਆਦਾ ਦਾ ਸੁਰ ਅਲਾਪਦੇ ਹੋਏ ਰੋਂਦੀ। ਆਪਣੇ ਮਨ ਵਿਚ ਛੁਪੇ ਹੋਏ ਡਰ ਨੂੰ ਮਿੰਨੀ ਦੇ ਨਾਲ ਉਹ ਇਹ ਕਹਿੰਦੇ ਹੋਏ ਸਾਂਝਾ ਕਰਦੀ—"ਬੇਟਾ, ਹਰ ਘਰ ਦੀ ਇਕ ਕਹਾਣੀ ਹੁੰਦੀ ਹੈ, ਇਕ ਮਰਿਆਦਾ ਹੁੰਦੀ ਹੈ। ਜਦੋਂ ਤਕ ਇੱਕ ਘਰ ਦੀ ਕੁੜੀ, ਦੂਜੇ ਘਰ ਦੀ ਨੂੰਹ ਬਣ ਕੇ ਉਸ ਘਰ ਦੀ ਦੇਹਲੀ ਦੇ ਅੰਦਰ ਪੈਰ ਧਰਦੀ ਹੈ ਤਾਂ ਉਹ ਲਾਜਵੰਤੀ (ਸ਼ਰਮ ਦਾ ਗਹਿਣਾ ਪਾਉਣ ਵਾਲੀ) ਬਣ ਜਾਂਦੀ ਹੈ।"

ਮਿੰਨੀ ਬਸ ਮਾਂ ਨੂੰ ਇਹੀ ਘਰ ਅਤੇ ਉਹਦੀ ਦੇਹਲੀ ਦੀ ਮਾਣ ਮਰਿਆਦਾ ਦੇ ਸੁਰ ਅਲਾਪਦੀ ਹੋਈ ਨੂੰ ਸੁਣਦੀ ... ਪਰ ਅੱਜ ਗੱਲ ਦਾ ਰੁਖ਼ ਬੇਰੁਖ਼ ਜਿਹਾ ਬਣਦਾ ਜਾ ਰਿਹਾ ਸੀ। ਸ਼ਾਇਦ ਮਾਂ ਆਪਣੇ ਅੰਦਰਲੇ ਡਰ ਨੂੰ ਸ਼ਬਦਾਂ ਵਿਚ ਢਾਲ ਸਕਣ ਵਿਚ ਅਸਮਰੱਥ ਹੋ ਰਹੀ ਸੀ....।

"ਬੇਟਾ ਘਰ ਦੀ ਗੱਲ ਘਰ ਵਿਚ ਹੀ ਰਹੇ ਤਾਂ ਹੀ ਚੰਗੀ ਹੈ। ਮੈਨੂੰ ਤੇਰੀ ਵੀ ਤਾਂ ਚਿੰਤਾ ਲੱਗੀ ਰਹਿੰਦੀ ਹੈ। ਸਾਲ ਭਰ ਵਿਚ ਕੋਈ ਚੰਗਾ ਮੁੰਡਾ ਦੇਖ ਕੇ ਤੇਰਾ ਵਿਆਹ ਕਰ ਦਿਆਂਗੀ। ਤੇਰੀ ਕਿਸ਼ਤੀ ਪਾਰ ਹੋ ਜਾਵੇ, ਫੇਰ ਮੇਰੀ ਕਿਸ਼ਤੀ ਦਾ ਚਾਹੇ ਕੁਝ ਵੀ ਹੋਵੇ। ਤੇਰਾ ਭਾਈ ਤਾਂ ਮੁੰਡਾ ਹੈ, ਜ਼ਿੰਦਗੀ ਦੇ ਸਫ਼ਰ ਵਿਚ ਮਰਦਾਂ ਨੂੰ ਕਈ ਦਿਸ਼ਾਵਾਂ ਮਿਲਦੀਆਂ ਹਨ। ਕਈ ਮੋੜ ਆਉਂਦੇ ਹਨ ਜਿਥੇ



ਉਹ ਆਪਣਾ ਪਸੰਦੀਦਾ ਪੜਾਅ ਪਾ ਲੈਂਦੇ ਹਨ। "

"ਮਾਂ ਇਹ ਖੁੱਲ੍ਹ ਸਿਰਫ਼ ਮਰਦਾਂ ਨੂੰ ਹੀ ਕਿਉਂ ਹੁੰਦੀ ਹੈ, ਔਰਤ ਨੂੰ ਘਰ ਦੀ ਚੌਖਟ ਨਾਲ ਹੀ ਕਿਉਂ ਬੰਨ੍ਹ ਕੇ ਰੱਖਿਆ ਜਾਂਦਾ ਹੈ? ਕੀ ਔਰਤ ਉਸ ਆਜ਼ਾਦੀ ਦੀ ਹੱਕਦਾਰ ਨਹੀਂ ...?" ਮਿੰਨੀ ਆਪਣੇ ਮਨ ਦੀ ਭੜਾਸ ਸਵਾਲਾਂ ਜ਼ਰੀਏ ਕੱਢਣ ਲੱਗੀ।

"ਬੇਟਾ, ਆਜ਼ਾਦੀ ਅਤੇ ਹੱਕ ........!" ਮਾਂ ਸਿਰਫ਼ ਏਨਾ ਹੀ ਕਹਿ ਸਕੀ।

"ਹਾਂ ਮਾਂ, ਮਰਿਆਦਾ ਦੇ ਨਾਮ 'ਤੇ ਔਰਤ ਤੋਂ ਆਜ਼ਾਦੀ ਕਿਉਂ ਖੋਹੀ ਜਾਂਦੀ ਹੈ?" ਮਿੰਨੀ ਦੇ ਬੋਲਾਂ ਵਿਚ ਕੁੜੱਤਣ ਸੀ।

"ਆਜ਼ਾਦੀ ਦੀਆਂ ਵੀ ਕੰਧਾਂ ਹੁੰਦੀਆਂ ਹਨ ਮਿੰਨੀ। ਮਰਦਾਂ ਦੀ ਆਜ਼ਾਦੀ ਨੂੰ ਤਾਂ ਦੁਨੀਆਂ ਮੰਨ ਲੈਂਦੀ ਹੈ ਪਰ ਔਰਤ ਦਾ ਇਕ ਗ਼ਲਤ ਕਦਮ, ਉਸ ਦੀ ਮਰਿਆਦਾ ਨੂੰ ਕਲੰਕਿਤ ਕਰ ਦਿੰਦਾ ਹੈ ਅਤੇ ਉਸ ਤੋਂ ਮਗਰੋਂ ਉਮੀਦਾਂ ਦੇ ਸਾਰੇ ਦਰਵਾਜ਼ੇ ਆਪਣੇ ਆਪ ਉਸ ਲਈ ਬੰਦ ਹੁੰਦੇ ਚਲੇ ਜਾਂਦੇ ਹਨ।"

ਹੁਣ ਮਿੰਨੀ ਕੁਝ ਸੰਜੀਦਾ ਹੋ ਕੇ ਗ਼ੌਰ ਨਾਲ ਸੁਣਨ ਲੱਗੀ ਅਤੇ ਸੋਚਦੀ ਰਹੀ ਕਿ ਮਾਂ ਕਿਉਂ ਅਜਿਹਾ ਕਹਿ ਰਹੀ ਹੈ ਅਤੇ ਕਹਿਣਾ ਕੀ ਚਾਹੁੰਦੀ ਹੈ? ਅਤੇ ਅਜਿਹੀ ਕਿਹੜੀ ਗੱਲ ਹੈ, ਜਿਸ ਕਰਕੇ ਮਾਂ ਏਨੀ ਭੈਅਭੀਤ ਹੈ। ਕੋਈ ਤਾਂ ਓਪਰਾ ਡਰ ਹੈ ਜਿਹੜਾ ਅੰਦਰ ਹੀ ਅੰਦਰ ਉਸ ਨੂੰ ਖਾ ਰਿਹਾ ਹੈ। ਸ਼ਾਇਦ ਜੋ ਉਹ ਮੈਨੂੰ ਕਹਿਣਾ ਚਾਹੁੰਦੀ ਹੈ, ਉਹਦੀ ਜ਼ੁਬਾਨ ਉਹਦਾ ਸਾਥ ਦੇਣ ਵਿਚ ਸਮਰੱਥ ਨਹੀਂ ਹੈ।

o

ਪਿਤਾ ਜੀ ਨੇ ਵਿਹੜੇ ਦੇ ਪਰਲੇ ਪਾਸੇ ਕੁਝ ਮਹਿਫ਼ਲ ਵਰਗਾ ਮਾਹੌਲ ਬਣਾ ਰੱਖਿਆ ਹੈ, ਜਿਸ ਵਿਚ ਕੁਝ ਮਦਹੋਸ਼ੀ ਦੇ ਆਲਮ ਨੂੰ ਬਣਾਈ ਰੱਖਣ ਦਾ ਸਾਮਾਨ ਸਜਿਆ ਹੋਇਆ ਸੀ—ਪਾਨ ਦਾ ਬਕਸਾ, ਬੀੜੀਆਂ ਦੇ ਕੁਝ ਬੰਡਲ, ਇਧਰ ਉਧਰ ਖਿੰਡੀਆਂ ਹੋਈਆਂ ਮਾਚਿਸ ਦੀਆਂ ਤੀਲੀਆਂ, ਦੇਸੀ ਦਾਰੂ ਦੀਆਂ ਭਰੀਆਂ ਅਤੇ ਖਾਲੀ ਬੋਤਲਾਂ, ਜਿਨ੍ਹਾਂ ਦੀ ਹਵਾੜ ਕਮਰੇ ਵਿਚ ਫੈਲੀ ਹੋਈ ਸੀ। ਕਦੇ ਕਦੇ ਮਾਂ ਨੂੰ ਲੱਤਾਂ ਨਾਲ ਕੁੱਟ ਕੇ ਉਹਨੂੰ ਇਸ ਕਮਰੇ ਦੀ ਸਫ਼ਾਈ ਦੀ ਤਾਕੀਦ ਕਰਦਿਆਂ ਪਿਤਾ ਜੀ ਨੂੰ ਮਿੰਨੀ ਸੁਣ ਤਾਂ ਲੈਂਦੀ, ਪਰ ਉਹ ਜਾਣਦੀ ਨਹੀਂ ਹੈ ਕਿ ਮਾਂ ਉਹ ਕੰਮ ਕਦੋਂ ਕਰਦੀ ਹੈ? ਉਹਨੇ ਖੁੱਲ੍ਹੀਆਂ ਅੱਖਾਂ ਨਾਲ ਕਦੇ ਨਹੀਂ ਦੇਖਿਆ, ਪਰ ਜਾਣਦੀ ਜ਼ਰੂਰ ਹੈ ਕਿ ਉਸ ਦੀਆਂ ਅੱਖਾਂ ਵਿਚ ਨੀਂਦ ਆ ਜਾਣ ਤੋਂ ਬਾਅਦ ਉਹ ਇਹ ਕੰਮ ਕਰਦੀ ਰਹੀ ਹੋਵੇਗੀ—ਇਹ ਹੈ ਮਾਂ। ਸੋਚ ਕੇ ਵੀ ਡਰ ਲੱਗਣ ਲਗਦਾ ਹੈ ਕਿ ਹੇ ਔਰਤ! ਕੀ ਤੇਰੀ ਇਹੀ ਕਹਾਣੀ ਹੈ? ਕੀ ਕਦੇ ਇਹਨਾਂ ਬੇਜ਼ੁਬਾਨ ਰਿਸਦੇ ਜ਼ਖ਼ਮਾਂ ਨੂੰ ਦੇਖ

ਕੇ ਇਨਸਾਨ ਦਾ ਪੱਲਾ ਹੰਝੂਆਂ ਨਾਲ ਨਹੀਂ ਭਿੱਜਦਾ? ਅਤੇ ਅਜਿਹੇ ਕਈ ਅਣਚਾਹੇ ਸਿਲਸਿਲਿਆਂ ਨੂੰ ਦੇਖ ਕੇ, ਉਹਨਾਂ ਨੂੰ ਮਹਿਸੂਸ ਕਰਦੇ ਹੋਏ ਜਿਵੇਂ ਮਾਂ ਦੇ ਨਾਲ ਉਹ ਵੀ ਅਜਿਹੇ ਦੌਰ ਨੂੰ ਜੀਅ ਰਹੀ ਹੋਵੇ—ਉਨ੍ਹਾਂ ਦਰਿੰਦਿਆਂ ਦੇ ਚੁੰਗਲ ਦਾ ਸ਼ਿਕਾਰ ਬਣ ਕੇ, ਜਿਨ੍ਹਾਂ ਵਿਚ ਇਨਸਾਨੀਅਤ ਦਾ ਨਾਮੋ ਨਿਸ਼ਾਨ ਦੂਰ ਦੂਰ ਤੱਕ ਨਹੀਂ।

ਅੱਜ ਘਰ ਦੇ ਵਿਹੜੇ ਨੂੰ ਪਾਰ ਕਰਦੇ ਹੋਏ ਦੋ ਵਾਰ ਮੈਤਰੀ ਪਿਛਲੇ ਪਾਸੇ ਦੇ ਕਮਰੇ ਵਿਚ ਪਿਤਾ ਜੀ ਦੇ ਨਾਲ ਬੇਧੜਕ ਅੰਦਰ ਚਲੀ ਗਈ ਸੀ ਅਤੇ ਉਦੋਂ ਮਾਂ ਦੀਆਂ ਅੱਖਾਂ ਦੀ ਉਦਾਸੀ ਹੋਰ ਡੂੰਘੀ ਹੋਈ ਦੇਖੀ ਸੀ ਉਹਨੇ। ਮਿੰਨੀ ਦੀਆਂ ਤਿੱਖੀਆਂ ਨਜ਼ਰਾਂ ਤੋਂ ਇਹ ਸਭ ਛੁਪਿਆ ਨਹੀਂ ਰਹਿੰਦਾ।

"ਮਾਂ ਤੂੰ ਕਿਸ ਸੰਦਰਭ ਵਿਚ ਗੱਲ ਕਰ ਰਹੀ ਹੈਂ? ਤੂੰ ਕਿਹੋ ਜਿਹਾ ਡਰ ਆਪਣੇ ਮਨ ਵਿਚ ਪਾਲ ਲਿਆ ਹੈ ਮੈਨੂੰ ਦੱਸ, ਸ਼ਾਇਦ ਮੈਂ ਆਪਣੇ ਢੰਗ ਨਾਲ ਕੁਝ ਸੋਚ ਸਕਾਂ ਅਤੇ ਕਿਸੇ ਸੁਝਾਅ ਦੇ ਦਰਵਾਜ਼ੇ 'ਤੇ ਜਾ ਸਕਾਂ। ਸਮੱਸਿਆ ਦਾ ਹੱਲ ਤਾਂ ਕੱਢਿਆ ਜਾ ਸਕਦਾ ਹੈ, ਪਰ ਜਦੋਂ ਤਕ ਤੂੰ ਕੁਝ ਦੱਸੇਂਗੀ ਨਹੀਂ......"

ਮਾਂ ਕੁਝ ਕਹਿ ਨਾ ਸਕੀ, ਸ਼ਾਇਦ ਉਹਨੂੰ ਹਰ ਪੈੜ-ਚਾਲ 'ਤੇ ਇਕ ਅਣਚਾਹਿਆ ਡਰ ਸਾਹਮਣੇ ਆਉਂਦਾ ਦਿਖਾਈ ਦੇ ਰਿਹਾ ਸੀ। ਹੱਲ ਦੀ ਸੰਭਾਵਨਾ ਅਜਿਹੇ ਵਿਚ ਦਿਲ ਨੂੰ ਕਿਥੇ ਹਿੰਮਤ ਬੰਨ੍ਹਾਉਂਦੀ? ਸ਼ਾਇਦ ਇਸ ਘਰ ਵਿਚ ਰਹਿੰਦੇ ਰਹਿੰਦੇ ਮਾਂ ਇਹ ਜਾਣ ਗਈ ਸੀ ਕਿ ਹੱਲ ਦੀ ਜਾਂਚ ਪੜਤਾਲ ਇਕ ਘਟਨਾ ਦੇ ਵਾਪਰ ਜਾਣ ਤੋਂ ਬਾਅਦ ਹੁੰਦੀ ਹੈ, ਅਤੇ ਉਹਦੇ ਅੰਤਿਮ ਪੜਾਅ ਵਿਚ ਪਹੁੰਚਣ ਤੋਂ ਪਹਿਲਾਂ ਦੂਜੀ ਘਟਨਾ ਵਾਪਰ ਚੁੱਕੀ ਹੁੰਦੀ ਹੈ। ਹੱਲ ਰਾਹ ਵਿਚੋਂ ਹੀ ਠੱਗ ਲਏ ਜਾਂਦੇ ਹਨ।

"ਮਿੰਨੀ..." ਅਤੇ ਮਾਂ ਹੰਝੂਆਂ ਦੇ ਦਰਿਆ ਵਿਚ ਡੁੱਬਦੀ ਹੋਈ ਨਜ਼ਰ ਆਈ।

"ਮਾਂ ਦੱਸ ਨਾ ਕੀ ਗੱਲ ਹੈ ਜਿਹੜੀ ਤੂੰ ਚਾਹ ਕੇ ਵੀ ਮੈਨੂੰ ਨਹੀਂ ਦੱਸ ਪਾ ਰਹੀ ਹੈਂ?"

"ਬੇਟੀ ਤੇਰੇ ਪਿਤਾ ਤੇਰੇ ਰਿਸ਼ਤੇ ਦੀ ਗੱਲ ਕਰ ਰਹੇ ਸਨ....ਅਤੇ ਮੈਂ ਜਾਣਦੀ ਹਾਂ ਕਿ ਉਨ੍ਹਾਂ ਰਿਸ਼ਤਿਆਂ ਦੀ ਨੀਂਹ ਕਿੰਨੀ ਕਮਜ਼ੋਰ ਹੁੰਦੀ ਹੈ।" ਮਾਂ ਨੇ ਝਿਜਕਦੇ ਹੋਏ ਹੌਲ਼ੀ ਜਿਹੇ ਕਿਹਾ।

ਮਿੰਨੀ ਸੁਣ ਕੇ ਜਿਵੇਂ ਗੂੰਗੀ ਹੋ ਗਈ ਅਤੇ ਮਾਂ ਕਹਿੰਦੀ ਰਹੀ..."ਬਸ ਕੋਈ ਮੁੰਡਾ ਲੱਭ ਕੇ ਤੇਰੇ ਹੱਥ ਪੀਲੇ ਕਰਨਾ ਚਾਹੁੰਦੀ ਹਾਂ ਅਤੇ ਇਹੀ ਪ੍ਰਾਥਨਾ ਕਰਾਂਗੀ ਕਿ ਤੂੰ ਇਸ ਘਰ ਤੋਂ ਦੂਰ, ਬਹੁਤ ਦੂਰ ਚਲੀ ਜਾਵੇਂ, ਜਿਥੇ ਇਹ ਜ਼ਹਿਰੀਲੀਆਂ ਹਵਾਵਾਂ ਤੇਰੇ ਸਾਹਾਂ ਵਿਚ ਘੁਟਣ ਪੈਦਾ ਨਾ ਕਰ ਸਕਣ।"



ਉਸ ਸਮੇਂ ਚਰ-ਚਰ ਦੀ ਆਵਾਜ਼ ਨਾਲ ਪੁਰਾਣੇ ਦਰਵਾਜ਼ੇ ਦਾ ਬੂਹਾ ਖੁੱਲ੍ਹਿਆ ਅਤੇ ਅੰਦਰ ਆਉਣ ਵਾਲਿਆਂ ਵਿਚ ਸਭ ਤੋਂ ਪਹਿਲਾਂ ਦਿਖਾਈ ਦਿੱਤੇ ਪਿਤਾ ਜੀ, ਉਨ੍ਹਾਂ ਨਾਲ ਮੂੰਹ ਵਿਚ ਪਾਨ ਦੱਬੀ, ਨਖ਼ਰੇ ਕਰਦੀ, ਲੱਕ ਮਟਕਾਉਂਦੀ ਮੁਸਕੁਰਾਉਂਦੀ ਮੈਤਰੀ ਅਤੇ ਨਾਲ ਹੀ ਇਕ ਨੌਜਵਾਨ ਦਾ ਨਵਾਂ ਚਿਹਰਾ ਨਜ਼ਰ ਆਇਆ, ਜਿਹੜਾ ਆਪਣੀਆਂ ਭੁੱਖੀਆਂ ਨਜ਼ਰਾਂ ਮਿੰਨੀ 'ਤੇ ਮਾਰਦਾ ਵਿਹੜੇ ਤੋਂ ਲੰਘ ਪਰਲੇ ਪਾਸੇ ਵਾਲੇ ਕਮਰੇ ਵਿਚ ਚਲਾ ਗਿਆ।

ਪਰ ਜਿਹੜਾ ਅੱਜ ਹੋਇਆ ਉਹ ਪਹਿਲਾਂ ਕਦੇ ਨਹੀਂ ਹੋਇਆ ਅਤੇ ਜਿਹੜਾ ਲੰਘਿਆ ਉਹ ਹਾਦਸਾ ਸੀ...ਇਸ ਹਾਦਸੇ ਦੇ ਲੰਘਣ ਤੋਂ ਬਾਅਦ ਮਿੰਨੀ ਨੂੰ ਲਗ ਰਿਹਾ ਸੀ ਕਿ ਉਹ ਵੱਡੀ ਹੋ ਗਈ ਹੈ। ਉਥੇ ਹੀ ਉਸ ਦਰਵਾਜ਼ੇ 'ਤੇ ਉਸਦਾ ਬਚਪਨ ਲੁੱਟ ਗਿਆ, ਮਾਸੂਮੀਅਤ ਲੁੱਟ ਗਈ, ਉਹ ਇੱਲਤਾਂ, ਉਹ ਸ਼ਰਾਰਤਾਂ, ਉਹ ਹਾਸੀ-ਮਜ਼ਾਕ ਉਸ ਹੈਵਾਨੀਅਤ ਦੇ ਅੱਗੇ ਗੋਡੇ ਟੇਕ ਕੇ ਰਹਿ ਗਈਆਂ। ਸ਼ਾਇਦ ਅਮਨੁੱਖ ਬਣਨਾ ਜ਼ਿਆਦਾ ਆਸਾਨ ਹੈ। ਮਨੁੱਖ ਤਾਂ ਸਿਰਫ਼ ਕੀਮਤ ਚੁਕਾਉਣ ਲਈ ਹੀ ਹੁੰਦਾ ਹੈ।

—o—

# ਸੂਰਜ ਛਿਪਣ ਤੋਂ ਮਗਰੋਂ

ਸਾਰੀ ਰਾਤ ਉਹ ਸੌਂ ਨਾ ਸਕੀ।

ਭਾਰੀਆਂ ਅੱਖਾਂ ਨਾਲ, ਆਪਣੇ ਕਮਰੇ ਦੇ ਵਿਚ ਪਏ ਪਲੰਘ ਦੇ ਕਿਨਾਰੇ ਊਂਘਦੀ ਰਹੀ। ਵਿਹੜੇ ਵਿਚ ਲੱਗੇ ਇਕ ਪੁਰਾਣੇ ਦਰੱਖ਼ਤ ਤੋਂ ਇਕ ਸੁੱਕਾ ਪੱਤਾ ਵੀ ਜੇਕਰ ਟੁੱਟ ਕੇ ਡਿੱਗਦਾ ਤਾਂ ਉਭੜਵਾਹੇ ਅੱਖਾਂ ਖੋਲ੍ਹਦੀ, ਬਿੜਕ ਲੈਂਦੀ ਜਿਵੇਂ ਉਹਨੂੰ ਕਿਸੇ ਦਾ ਇੰਤਜ਼ਾਰ ਹੋਵੇ। ਖਿੜਕੀ ਤੋਂ ਬਾਹਰ ਹਨੇਰੇ ਵਿਚ ਦੇਖਣ ਦਾ ਯਤਨ ਕਰਦੀ, ਪਰ ਉਹੀ ਨਹੀਂ ਦਿਸਦਾ ਸੀ ਜਿਹਨੂੰ ਉਹ ਦੇਖਣਾ ਚਾਹੁੰਦੀ।

ਪਿਛਲੇ ਦੋ ਮਹੀਨਿਆਂ ਤੋਂ ਇਹੀ ਬੇਚੈਨੀ ਜਿਵੇਂ ਉਸ ਦੇ ਜਿਉਣ ਦੇ ਢੰਗ ਦਾ ਇਕ ਹਿੱਸਾ ਬਣ ਗਈ ਸੀ। ਸਾਰਾ ਦਿਨ ਘਰ ਦੇ ਕੰਮਾਂ ਵਿਚ ਆਪਣੇ ਆਪ ਨੂੰ ਉਲਝਾਉਣਾ, ਸ਼ਾਮ ਢਲਣ ’ਤੇ ਮਨ ਨੂੰ ਪਰਚਾਉਂਦੇ ਹੋਏ ਜਮਾਲ ਦਾ ਇੰਤਜ਼ਾਰ ਕਰਨਾ। ਉਹਦੇ ਆਉਣ ਦਾ ਕੋਈ ਪੱਕਾ ਸਮਾਂ ਨਹੀਂ ਸੀ। ਸ਼ਾਮ ਢਲਦੇ ਤਾਂ ਜਾਂਦਾ ਸੀ, ਪਰ ਕਿੱਥੇ ਜਾਂਦਾ ਪਤਾ ਨਹੀਂ, ਕਿਉਂ ਜਾਂਦਾ, ਪਤਾ ਨਹੀਂ ? ਕਿਸੇ ਵੀ ਸਵਾਲ ਦਾ ਕੋਈ ਜਵਾਬ ਨਹੀਂ। ਕੀਹਨੂੰ ਦੱਸੇ, ਕੀਹਤੋਂ ਪੁੱਛੇ ਆਪਣੀ ਇਸ ਉਲਝੀ ਹੋਈ ਜ਼ਿੰਦਗੀ ਦੇ ਸਵਾਲਾਂ ਦੀ ਲੜੀ ? ਥਾਂ ਅਣਜਾਣ, ਬਸਤੀ ਅਣਜਾਣ, ਆਂਢੀ ਗੁਆਂਢੀ ਵੀ ਅਣਜਾਣ। ਬਸਤੀ ਵਿਚ ਕੁਝ ਨਾਂ ਦੇ ਘਰ, ਜਿਥੇ ਲੋਕਾਂ ਦਾ ਆਪਸ ਵਿਚ ਕੋਈ ਲੈਣ ਦੇਣ ਨਹੀਂ ਸੀ। ਘਰਾਂ ਦੇ ਅੰਦਰ ਘਬਰਾਹਟ ਅਤੇ ਬਾਹਰ ਉਦਾਸੀ ਘੁੰਮਦੀ।

ਉਹ ਹੁਣ ਇਸ ਸੁੰਨਸਾਨ ਮਾਹੌਲ ਵਿਚ ਅੱਕਣ ਲੱਗੀ ਸੀ। ਆਪਣੀ ਜ਼ਿੰਦਗੀ ਤੋਂ ਨਿਰਾਸ਼ ਰਹਿਣ ਲੱਗੀ ਸੀ। ਥੱਕ ਗਈ ਸੀ ਉਸ ਲਟਕਦੀ ਹੋਈ ਇੰਤਜ਼ਾਰ ਘੜੀ ਤੋਂ, ਜਿਹਨੂੰ ਦੇਖ ਦੇਖ ਕੇ ਉਹਦੀ ਸ਼ਾਮ, ਰਾਤ ਦੇ ਹਰ ਪਹਿਰ ਤੋਂ ਲੰਘ ਕੇ ਸਵੇਰਾ ਹੋਣ ਦਾ ਇੰਤਜ਼ਾਰ ਕਰਦੀ।

ੋ

ਇਥੇ ਵੀ ਉਹ ਆਪਣੀ ਮਰਜ਼ੀ ਨਾਲ ਥੋੜ੍ਹਾ ਆਈ ਸੀ ?

ਉਹ ਤਾਂ ਆਪਣੇ ਪਿੰਡ ਦੀਆਂ ਜਾਣੀਆਂ ਪਛਾਣੀਆਂ ਖੁੱਲ੍ਹੀਆਂ ਹਵਾਵਾਂ ਵਿਚ ਆਜ਼ਾਦ ਹਿਰਨੀ ਦੇ ਵਾਂਗੂ ਘੁੰਮਦੀ ਫਿਰਦੀ, ਰਸਤੇ ਵਿਚ ਆਉਂਦੇ ਜਾਂਦੇ ਵੱਡਿਆਂ ਬੁੱਢਿਆਂ ਨੂੰ ਸਲਾਮ ਕਰਦੀ, ਬਚਪਨ ਦੀਆਂ ਹਾਣ ਦੀਆਂ ਸਹੇਲੀਆਂ



ਨੂੰ ਦਰੱਖ਼ਤ ਦੇ ਥੱਲ੍ਹੇ ’ਕੱਠਾ ਕਰਦੀ, ਮਹਿਫ਼ਲ ਲਾਉਂਦੀ ਅਤੇ ਜਿਥੇ ਉਨ੍ਹਾਂ ਸਾਰੀਆਂ ਦੀ ਸ਼ਾਮ ਲੰਘਦੀ—ਕੁਝ ਗੱਲਾਂ ਕਰਦੀਆਂ ਜੀਅ ਖੋਲ੍ਹ ਕੇ ਹੱਸਦੀਆਂ, ਖਿੜ-ਖਿੜ ਜਾਂਦੀਆਂ, ਲਗਦਾ ਜਿਵੇਂ ਜੰਗਲ ਵਿਚ ਚਿੜੀਆਂ ਚਹਿਕ ਰਹੀਆਂ ਹੋਣ।

ਅਤੇ ਇਹੀ ਆਵਾਜ਼ ਜਦੋਂ ਨਵੇਂ ਪਰਦੇਸੀ ਦੇ ਕੰਨਾਂ ਵਿਚ ਪਈ ਤਾਂ ਮੁਗਧ ਹੋ ਕੇ ਉਥੇ ਦਰੱਖ਼ਤ ਦੇ ਓਹਲੇ ਖੜ੍ਹ ਕੇ ਜ਼ੁਬਾਨੀ ਗੱਲਾਂ ਦਾ ਸਵਾਦ ਲੈ ਕੇ ਖ਼ੁਸ਼ ਹੁੰਦਾ ਰਿਹਾ।

ਜਦੋਂ ਜ਼ਿੰਦਗੀ ਦੀ ਦਿਸ਼ਾ ਬਦਲਦੀ ਹੈ ਤਾਂ ਸਮਾਂ ਆਪਣਾ ਵਹਾਅ ਬਦਲ ਦਿੰਦਾ ਹੈ। ਕਿਹੜੀ ਦਿਸ਼ਾ ਵਿਚ ਕੀਹਨੇ ਜਾਣਾ ਹੈ, ਇਹ ਵੀ ਸ਼ਾਇਦ ਕੁਦਰਤ ਤੈਅ ਕਰਦੀ ਹੈ। ਉਹ ਪਰਦੇਸੀ ਵੀ ਨਵਾਂ ਸੀ ਬਸ ਕੁਝ ਸਮਾਂ ਪਹਿਲਾਂ ਹੀ ਇਸ ਪਿੰਡ ਵਿਚ ਆਇਆ ਸੀ ਅਤੇ ਇਸ ਹਸਮੁੱਖ ਮੰਡਲੀ ਦੇ ਹਾਸੇ ਠੱਠੇ ਨੂੰ ਸੁਣਦੇ ਸੁਣਦੇ ਕਿਤੇ ਨਾ ਕਿਤੇ ਮਸਤ ਵੀ ਹੋਇਆ, ਕਿਤੇ ਜ਼ਖ਼ਮੀ ਵੀ। ਉਹਨੂੰ ਰਮੀਆ ਦੀਆਂ ਬੇਬਾਕ ਗੱਲਾਂ, ਖੁੱਲ੍ਹੇ ਅਸਮਾਨ ਵਿਚ ਆਜ਼ਾਦ ਪਰਿੰਦਿਆਂ ਦੇ ਵਾਂਗ ਉਡਾਣ ਭਰਨਾ ਅਤੇ ਖੁੱਲ੍ਹੀਆਂ ਬਾਹਾਂ ਵਿਚ ਜ਼ਿੰਦਗੀ ਦੇ ਹਰੇਕ ਪਲ ਨੂੰ ਕਲਾਵੇ ਵਿਚ ਲੈ ਕੇ ਜਿਉਣਾ ਜਚ ਗਈਆਂ। ਜ਼ਿੰਦਗੀ ਦੀ ਵੀਰਾਨਗੀ ਨੂੰ ਦੂਰ ਕਰਨ ਦੇ ਸਾਰੇ ਗੁਣ ਸਨ ਉਸ ਵਿਚ। ਇਹੀ ਸੋਚਿਆ ਜਮਾਲ ਨੇ।

ਗੁੰਦਵਾਂ ਸਰੀਰ, ਤਿੱਖੇ ਨੈਣ ਨਕਸ਼ ਵਾਲਾ ਉਹ ਨੌਜਵਾਨ ਪੁਲਿਸ ਚੌਕੀ ਵਿਚ ਥਾਣੇਦਾਰ ਦੀ ਨੌਕਰੀ ’ਤੇ ਤੈਨਾਤ ਸੀ। ਅੰਮਾ ਅਤੇ ਉਹ, ਘਰ ਦੇ ਸਿਰਫ਼ ਏਹੀ ਦੋ ਮੈਂਬਰ ਸਨ। ਉਥੇ ਉਸੇ ਪਿੰਡ ਵਿਚ ਆਪਣਾ ਦੋ ਕਮਰਿਆਂ ਦਾ ਘਰ ਸੀ ... ਪਰ ਜ਼ਿੰਦਗੀ ਵਿਚ ਘਰ ਦੀ ਅਹਿਮੀਅਤ ਨੂੰ ਉਹਨੇ ਕਦੇ ਨਹੀਂ ਜਾਣਿਆ, ਨਾ ਮੰਨਿਆ। ਅੰਮਾ ਸਾਲਾਂ ਦੇ ਸਾਲ ਇਹ ਹੀ ਕਹਿੰਦੀ ਸਵਰਗ ਸਿਧਾਰ ਗਈ—“ਇਕੱਲਾ ਪੱਥਰ ਕਦੋਂ ਤਕ ਇਕੱਲਤਾ ਬਰਦਾਸ਼ਤ ਕਰੇਗਾ। ਦੋ ਨਾਲ ਤਾਂ ਊਰਜਾ ਆਉਂਦੀ ਹੈ, ਲਪਟਾਂ ਨਿਕਲਦੀਆਂ ਹਨ, ਨਵਾਂ ਸੰਸਾਰ ਵਸਦਾ ਹੈ।” ਪਰ ਜਮਾਲ ਨੇ ਕਦੇ ਦੋ ਪਲ ਰੁਕ ਕੇ ਆਪਣੀ ਜ਼ਿੰਦਗੀ ਬਾਰੇ ਸੋਚਿਆ ਨਹੀਂ। ਹੁਣ ਸੋਚਣ ਲੱਗਿਆ– ‘ਕਦੋਂ ਤਕ ਇਸ ਤਰ੍ਹਾਂ ਇਕੱਲਾ ਜ਼ਿੰਦਗੀ ਜੀਵਾਂਗਾ ? ਅੰਮਾ ਠੀਕ ਹੀ ਕਹਿੰਦੀ ਸੀ ਹੁਣ ਉਹਨੂੰ ਵਿਆਹ ਕਰ ਲੈਣਾ ਚਾਹੀਦਾ ਹੈ ਅਤੇ ਵਿਆਹ ਦੀ ਉਮਰ ਵੀ ਤਾਂ ਹੋ ਗਈ ਹੈ। ਬੱਤੀ ਸਾਲਾਂ ਦਾ ਤਾਂ ਹੋ ਗਿਆ ਹਾਂ। ਨੌਕਰੀ ਹੈ, ਘਰ ਹੈ, ਬਸ ਜ਼ਰੂਰਤ ਹੈ ਇਕ...।’ ਆਪਣੀ ਸੋਚ ਨੂੰ ਉਹਨੇ ਆਰਾਮ ਦਿੱਤਾ। ਉਹ ਭਵਿੱਖ ਦੇ ਸੁਪਨਿਆਂ ਦੇ ਸੰਸਾਰ ਤੋਂ ਵਰਤਮਾਨ ਵਿਚ ਮੁੜ ਆਇਆ।

ਇਸ ਪਿੰਡ ਵਿਚ ਪਹਿਲਾਂ ਵੀ ਉਹ ਦੋ ਵਾਰ ਕਾਨੂੰਨੀ ਕਾਰਵਾਈ ਦੇ

ਸਿਲਸਿਲੇ ਵਿਚ ਆਪਣੇ ਸੂਬੇਦਾਰ ਸਾਹਿਬ ਮੰਗਲ ਸਿੰਘ ਦੇ ਨਾਲ ਆਇਆ ਹੈ। ਪਰ ਅੱਜ ਦੀ ਗੱਲ ਕੁਝ ਹੋਰ ਸੀ। ਅੱਜ ਉਹ ਡਿਊਟੀ 'ਤੇ ਨਹੀਂ ਸੀ, ਨਾ ਵਰਦੀ ਪਾਈ ਹੋਈ ਸੀ, ਨਾ ਕਿਸੇ ਅਫ਼ਸਰ ਦੀ ਪਾਬੰਦੀ ਹੀ ਸੀ, ਬਸ ਉਹ ਆ ਗਿਆ। ਆ ਗਿਆ ਜਾਂ ਕੁਦਰਤ ਦੇ ਪ੍ਰਭਾਵ ਨਾਲ ਲਿਆਇਆ ਗਿਆ ਪਰ ਜੋ ਵੀ ਹੋਇਆ ਚੰਗਾ ਹੋਇਆ, ਉਹਨੇ ਤੈਅ ਕਰ ਲਿਆ ਕਿ ਉਹ ਆਪਣੇ ਦਿਲ ਦੀ ਗੱਲ ਦਿਲ ਵਿਚ ਨਹੀਂ ਰੱਖੇਗਾ। ਉਹਦਾ ਹੱਲ ਕੱਢਣ ਦੀ ਕੋਸ਼ਿਸ਼ ਕਰੇਗਾ।

"ਮੰਗਲੂ ਚਾਚਾ ਦਾ ਘਰ ਕਿੱਥੇ ਹੈ?" ਉਹਨੇ ਦਰੱਖ਼ਤ ਦੀ ਓਟ 'ਚੋਂ ਬਾਹਰ ਆਉਂਦੇ ਹੀ ਇਕ ਮੁਸਾਫ਼ਰ ਤੋਂ ਪੁੱਛਿਆ।

"ਉਸ ਦਰੱਖ਼ਤ ਦੇ ਪਿੱਛੇ ਚੌਥੇ ਨੰਬਰ ਵਾਲਾ ਮਕਾਨ ਉਹਦਾ ਹੈ, ਕੋਈ ਵੀ ਦੱਸ ਦੇਵੇਗਾ।" ਉਂਗਲ ਨਾਲ ਇਸ਼ਾਰਾ ਕਰਦਾ ਮੁਸਾਫ਼ਰ ਅੱਗੇ ਵਧ ਗਿਆ।

ਦਰੱਖ਼ਤ ਦੇ ਥੱਲ੍ਹੇ ਲੱਗੀ ਮਹਿਫ਼ਲ ਵਿਚ ਹੋ ਰਹੀ ਕਾਨਾਫੂਸੀ ਤੋਂ ਉਹ ਵਾਕਿਫ਼ ਹੋਇਆ ਸੀ, ਪਰ ਇਹ ਨਹੀਂ ਜਾਣਦਾ ਸੀ ਕਿ ਉਹਦੀ ਮੰਜ਼ਿਲ ਦਾ ਰਸਤਾ ਵੀ ਉਥੋਂ ਹੋ ਕੇ ਹੀ ਲੰਘਦਾ ਹੈ।

ਕੁਝ ਕੁੜੀਆਂ ਦੀ ਉਹਦੇ 'ਤੇ ਨਿਗ੍ਹਾ ਪਈ ਅਤੇ ਫੇਰ ਸਾਰਾ ਕੁਝ ਰੁਕ ਗਿਆ। ਹਾਸਾ, ਮਜ਼ਾਕ, ਸ਼ਰਾਰਤਾਂ ਉਹ ਸਾਰਾ ਕੁਝ ਜਿਹੜਾ ਪਲ ਭਰ ਪਹਿਲਾਂ ਪਿੰਡ ਦੀਆਂ ਹਵਾਵਾਂ ਨਾਲ ਟਕਰਾ ਕੇ ਇਕ ਮਿੱਠਾ ਸੰਗੀਤ ਪੈਦਾ ਕਰ ਰਿਹਾ ਸੀ। ਕੁੜੀਆਂ ਆਪਣੀਆਂ ਸੀਮਾਵਾਂ ਦੀ ਮਰਿਆਦਾ ਤੋਂ ਜਾਣੂ ਸਨ। ਉੱਠ ਕੇ ਤੁਰਨ ਲੱਗੀਆਂ, ਪਰ ਆਵਾਜ਼ ਸੁਣਦੇ ਹੀ ਠਿਠਕੀਆਂ।

"ਮੰਗਲੂ ਚਾਚਾ ਦਾ ਘਰ ਕਿੱਥੇ ਹੈ?" ਉਹਨੇ ਪੁੱਛਿਆ।

ਸਾਰੀਆ ਕੁੜੀਆਂ ਚੁੱਪ ਰਹੀਆਂ, ਪਰ ਉਨ੍ਹਾਂ ਦੀਆਂ ਅੱਖਾਂ ਰਮੀਆ ਦੇ ਵੱਲ ਮੁੜੀਆਂ। ਮੰਗਲੂ ਰਮੀਆ ਦਾ ਪਿਤਾ ਸੀ...ਨੌਜਵਾਨ ਪਤਾ ਪੁੱਛ ਰਿਹਾ ਸੀ...ਕੁੜੀਆਂ ਚੁੱਪ ਸਨ। ਕੌਣ ਕਹੇ, ਕੀ ਕਹੇ, ਇਸੇ ਉਲਝਣ ਵਿਚ ਸਾਰੀਆਂ ਰਮੀਆ ਦੇ ਕੋਲ ਖੜ੍ਹੀਆਂ ਹੋ ਗਈਆਂ।

"ਕੀ ਤੁਹਾਡੇ ਵਿਚ ਕੋਈ ਮੈਨੂੰ ਮੰਗਲੂ ਚਾਚਾ ਦਾ ਘਰ ਦੱਸੂਗੀ?"

"ਆਓ ਮੇਰੇ ਨਾਲ।" ਅਚਾਨਕ ਇਸ ਆਵਾਜ਼ ਨੇ ਉਹਦਾ ਧਿਆਨ ਆਪਣੇ ਵੱਲ ਖਿੱਚਿਆ। ਰਮੀਆ ਦੇ ਵਿਅਕਤਿਤਵ ਦੇ ਨਾਲ ਚੰਗੇ ਸੰਸਕਾਰ ਜੁੜੇ ਹੋਏ ਸਨ ਜਿਹੜੇ ਉਹਦੇ ਚਰਿੱਤਰ ਤੋਂ ਝਲਕ ਰਹੇ ਸਨ।

ਹੁਣ ਉਹ ਰਮੀਆ ਦੇ ਪਿੱਛੇ ਚੱਲ ਪਿਆ। ਚੌਥੇ ਘਰ ਦੇ ਮੂਹਰੇ ਰੁਕ ਕੇ ਉਹਨੇ ਹਲਕੇ ਜਿਹੇ ਧੱਕੇ ਨਾਲ ਦਰਵਾਜ਼ਾ ਖੋਲ੍ਹਿਆ, ਅੰਦਰ ਪੈਰ ਰੱਖਦੇ ਹੋਏ ਅੱਖਾਂ ਦੇ ਇਸ਼ਾਰੇ ਨਾਲ ਅਜਨਬੀ ਨੂੰ ਅੰਦਰ ਆਉਣ ਦਾ ਮੂਕ ਸੱਦਾ ਦਿੱਤਾ।

ਨੌਜਵਾਨ ਦੇ ਪੈਰ ਅੰਦਰ ਧਰਦੇ ਹੀ ਰਮੀਆ ਨੇ ਦਰਵਾਜ਼ਾ ਬੰਦ ਕੀਤਾ।



ਸਾਹਮਣੇ ਮੰਜੇ 'ਤੇ ਬੈਠੇ ਇਕ ਵੱਡੀ ਉਮਰ ਦੇ ਵਿਅਕਤੀ ਦੇ ਮੂਹਰੇ ਆ ਕੇ ਉਹਨੇ ਕਿਹਾ, "ਬਾਪੂ, ਏਹ ਤੁਹਾਨੂੰ ਮਿਲਣ ਆਏ ਨੇ।"

"ਕੌਣ...?" ਕੰਬਦੀ ਆਵਾਜ਼ ਵਿਚ ਮੰਗਲੂ ਨੇ ਪੁੱਛਿਆ।

"ਜੀ ਮੈਂ ਜਮਾਲ, ਜਮਾਲ ਹਸਨ! ਨਾਲ ਵਾਲੇ ਪਿੰਡ ਦੇ ਥਾਣੇ ਤੋਂ ਸੂਬੇਦਾਰ ਦੇ ਨਾਲ ਆਇਆ ਸੀ, ਤੁਹਾਡੇ ਘਰ ਦੀ ਕਾਰਵਾਈ ਦੇ ਸਿਲਸਿਲੇ ਵਿਚ...ਯਾਦ ਆਇਆ?"

"ਹਾਂ, ਹਾਂ, ਯਾਦ ਆਇਆ, ਆਓ ਬੈਠੋ।" ਕਹਿੰਦੇ ਹੋਏ ਮੰਗਲੂ ਚਾਚਾ ਨੇ ਉਸੇ ਮੰਜੇ 'ਤੇ ਸਰਕ ਕੇ ਉਹਦੇ ਲਈ ਥਾਂ ਬਣਾਈ।

"ਜੀ, ਅਗਲੇ ਹਫ਼ਤੇ ਥਾਣੇ ਵਿਚ ਤੁਹਾਡੀ ਸੁਣਵਾਈ ਹੈ। ਤੁਸੀਂ ਹਾਜ਼ਰ ਹੋਣਾ ਹੈ, ਇਹੀ ਦੱਸਣ ਆਇਆ ਸੀ।" ਜਮਾਲ ਨੇ ਬੈਠਦੇ ਹੋਏ ਕਿਹਾ।

"ਬਈ, ਇਹ ਤਾਂ ਚੰਗਾ ਕੀਤਾ। ਤੁਹਾਡੇ ਲੋਕਾਂ ਕਰਕੇ ਹੀ ਮੇਰੇ ਪੈਰ ਅਜੇ ਤਕ ਇਥੇ ਟਿਕੇ ਹੋਏ ਹਨ, ਨਹੀਂ ਤਾਂ ਜ਼ਿਮੀਦਾਰ ਤਾਂ ਮੈਨੂੰ ਇਥੋਂ ਕੱਢਣ ਦੇ ਪੈਂਤੜੇ ਵਰਤ ਰਿਹਾ ਹੈ। ਪੈਸਾ ਪਾਣੀ ਦੇ ਵਾਂਗ ਵਹਾ ਕੇ ਪੁਲਿਸ ਵਾਲਿਆਂ ਦੀ ਸੇਵਾ ਕਰਦਾ ਹੈ, ਮੈਨੂੰ ਇਥੋਂ ਕੱਢ ਕੇ ਮੇਰਾ ਘਰ ਹੜੱਪ ਕਰਨਾ ਚਾਹੁੰਦਾ ਹੈ। ਮਾਲਿਕ, ਹੁਣ ਤੁਸੀਂ ਹੀ ਦੱਸੋ, ਕਿਹੜਾ ਕਮਬਖ਼ਤ ਆਪਣੀਆਂ ਜੜ੍ਹਾਂ ਤੋਂ ਦੂਰ ਹੋਣਾ ਚਾਹੇਗਾ? ਇਕੱਲਾ ਹੁੰਦਾ ਤਾਂ ਗੱਲ ਹੋਰ ਹੁੰਦੀ। ਇਸ ਜਵਾਨ ਕੁੜੀ ਨੂੰ ਲੈ ਕੇ ਕਿਥੇ ਜਾਵਾਂਗਾ? ਬਾਪ ਦਾਦੇ ਦੀ ਇਹੀ ਇਕ ਨਿਸ਼ਾਨੀ ਬਚੀ ਹੈ। ਸਾਰੇ ਸਾਥ ਛੱਡ ਗਏ। ਪਤਨੀ ਮਰ ਗਈ, ਮੁੰਡਾ ਵਿਆਹ ਕਰ ਕੇ ਸ਼ਹਿਰ ਜਾ ਵਸਿਆ। ਬਸ ਰਮੀਆ ਹੈ, ਜਿਹੜੀ ਸਾਥ ਨਿਭਾ ਰਹੀ ਹੈ। ਮੈਂ ਤਾਂ ਇਸਦੀ ਚਿੰਤਾ ਵਿਚ ਝੂਰਦਾ ਰਹਿੰਦਾ ਹਾਂ। ਉਪਰੋਂ ਇਹ ਘਰ ਤੋਂ ਬੇਘਰ ਹੋਣ ਦੀ ਨੌਬਤ....।"

"ਬਾਪੂ ਛੱਡੋ ਨਾ ਏਨਾ ਹੋਈਆਂ ਗੱਲਾਂ ਨੂੰ..." ਰਮੀਆ ਨੇ ਗੱਲਾਂ ਦੀ ਲੜੀ ਨੂੰ ਤੋੜਦੇ ਹੋਏ ਕਿਹਾ। ਮੰਗਲੂ ਹੁਣ ਚੁੱਪ ਹੋ ਗਿਆ।

"ਤੁਸੀਂ ਜ਼ਿਆਦਾ ਨਾ ਸੋਚੋ, ਖ਼ੁਦਾ ਨੇ ਚਾਹਿਆ ਤਾਂ ਤੁਹਾਡਾ ਘਰ ਸਲਾਮਤ ਰਹੇਗਾ। ਸਾਹਿਬ ਨੇ ਇਸ ਮਾਮਲੇ ਵਿਚ ਪੂਰੀ ਜਾਂਚ ਪੜਤਾਲ ਕਰ ਲਈ ਹੈ ਅਤੇ ਅਗਲੇ ਹਫ਼ਤੇ ਜ਼ਿਮੀਦਾਰ ਅਤੇ ਤੁਹਾਡੀ ਆਖ਼ਰੀ ਮੁਲਾਕਾਤ ਹੋਵੇਗੀ। ਸਾਰਾ ਕੁਝ ਥਾਣੇ ਵਿਚ ਤੈਅ ਹੋ ਜਾਵੇਗਾ। ਦੁੱਧ ਦਾ ਦੁੱਧ ਪਾਣੀ ਦਾ ਪਾਣੀ ਹੋ ਜਾਵੇਗਾ।"

"ਸਾਬ੍ਹ, ਤੁਹਾਡੇ ਮੂੰਹ ਵਿਚ ਘਿਉ ਸ਼ੱਕਰ....।" ਕਹਿੰਦੇ ਹੋਏ ਮੰਗਲੂ ਚਾਚਾ ਨੇ ਆਪਣੀ ਬੁੱਢੀਆਂ ਅੱਖਾਂ ਨਾਲ ਰਮੀਆ ਦੇ ਵੱਲ ਦੇਖਦੇ ਹੋਏ ਕਿਹਾ, "ਬੇਟੀ, ਸਾਬ੍ਹ ਨੂੰ ਚਾਹ ਪਿਲਾ ਦੇ।"

"ਜੀ ਬਾਪੂ!" ਕਹਿੰਦੇ ਹੋਏ ਰਮੀਆ ਵਿਹੜੇ ਦੇ ਅੰਦਰਲੀ ਕੰਧ ਨਾਲ ਬਣੇ

ਚਬੂਤਰੇ 'ਤੇ ਰੱਖੇ ਚੁੱਲ੍ਹੇ 'ਤੇ ਚਾਹ ਬਣਾਉਣ ਲੱਗੀ।

"ਤੁਸੀਂ ਤਕਲੀਫ਼ ਨਾ ਕਰੋ, ਰਹਿਣ ਦਿਓ।" ਜਮਾਲ ਨੇ ਇਹ ਆਖਦੇ ਹੋਏ ਉੱਠਣ ਦਾ ਯਤਨ ਕੀਤਾ।

"ਬੈਠੋ ਬੈਠੋ, ਤੁਸੀਂ ਚਾਹ ਪੀਤੇ ਬਿਨਾਂ ਨਹੀਂ ਜਾਓਂਗੇ," ਰਮੀਆ ਦੀ ਸ਼ਾਂਤ ਆਵਾਜ਼ ਵਿਚ ਜਿਵੇਂ ਇਕ ਹੁਕਮ ਸੀ। ਉਹਨੂੰ ਕਿਹੜਾ ਮੋੜਦਾ? ਘਰ ਦੀ ਹਾਲਤ ਖਸਤਾ ਸੀ, ਹਰ ਚੀਜ਼ ਦੀ ਕਮੀ ..... ਭੀੜੀਆਂ ਕੰਧਾਂ ਦੇ ਵਿਚਾਲੇ ਜਿਊਣ ਵਾਲੇ ਲੋਕ ਹੱਥ ਪੈਰ ਮਾਰ ਕੇ ਮੋਰੀਆਂ ਵਾਲੀ ਜ਼ਿੰਦਗੀ ਦੀ ਕਿਸ਼ਤੀ ਚਲਾਉਂਦੇ ਰਹਿੰਦੇ ਹਨ, ਪਰ ਸਵੈਮਾਣ ਦਾ ਪੱਲਾ ਕਦੇ ਨਹੀਂ ਛੱਡਦੇ।

ਚਾਹ ਦੇ ਕੱਪ ਵਾਲਾ ਹੱਥ ਅੱਗੇ ਵਧਾਉਂਦੇ ਹੋਏ, "ਲਓ..." ਕਹਿੰਦੇ ਹੋਏ ਰਮੀਆ ਉਹਦੇ ਮੂਹਰੇ ਆ ਖੜ੍ਹੀ ਹੋਈ। ਕੱਪ ਫੜਨ ਲਈ ਜਿਹੜਾ ਹੱਥ ਵਧਿਆ, ਉਹਦੀ ਦਿਲੀ ਤਮੰਨਾ ਉਸ ਸਮੇਂ ਇਹੀ ਸੀ ਕਿ ਕੱਪ ਵਾਲੀ ਦਾ ਹੱਥ ਫੜ ਲਵੇ। ਪਰ ਕਾਨੂੰਨੀ ਕਾਰਵਾਈ ਦਾ ਸੰਦੇਸ਼ ਲਿਆਉਣ ਵਾਲੇ ਦੀ ਵੀ ਇਕ ਜਵਾਬਦੇਹੀ ਹੁੰਦੀ ਹੈ ਕਿ ਉਹ ਅਨੁਸ਼ਾਸਨ ਦਾ ਪਾਲਣ ਕਰੇ।

"ਧੰਨਵਾਦ" ਕਹਿੰਦੇ ਹੋਏ ਲੈਣ ਵਾਲੇ ਹੱਥ ਨੇ ਦੇਣ ਵਾਲੇ ਹੱਥ ਦੀ ਮਾਲਕਣ ਦਾ ਧੰਨਵਾਦ ਕੀਤਾ।

ਮਹਿਮਾਨ ਨਿਵਾਜ਼ੀ ਦੀ ਰਸਮ ਪੂਰੀ ਹੋਈ, ਹੁਣ ਉਹਨੂੰ ਖੜ੍ਹਾ ਹੋਣਾ ਪਿਆ, ਮਨ ਦੀ ਮਰਜ਼ੀ ਖ਼ਿਲਾਫ਼ ਖੜ੍ਹੇ ਹੁੰਦੇ ਜਮਾਲ ਨੇ ਇਕ ਵਾਰ ਫੇਰ ਜਾਣਕਾਰੀ ਅਤੇ ਹਿਦਾਇਤਾਂ ਮੁੜ ਤੋਂ ਦੁਹਰਾਈਆਂ ਅਤੇ ਦਰਵਾਜ਼ੇ ਵੱਲ ਚੱਲ ਪਿਆ। ਮੰਗਲੂ ਚਾਚਾ ਉਥੇ ਹੀ ਬੈਠੇ ਰਹੇ, ਪਰ ਰਮੀਆ ਦਰਵਾਜ਼ੇ ਤਕ ਆਈ ਅਤੇ ਪੁੱਛ ਬੈਠੀ, "ਅਗਲੇ ਬੁੱਧਵਾਰ ਨੂੰ ਥਾਣੇ ਆਉਣਾ ਹੈ। ਸਾਡਾ ਇਥੇ ਕੋਈ ਨਹੀਂ ਹੈ, ਬਾਪੂ ਕਮਜ਼ੋਰ ਹਨ, ਬਿਰਧ ਹਨ, ਕੀ ਮੈਂ ਉਨ੍ਹਾਂ ਦੇ ਨਾਲ ਉਥੇ ਮੌਜੂਦ ਰਹਿ ਸਕਦੀ ਹਾਂ?"

"ਹਾਂ, ਹਾਂ...ਕਿਉਂ ਨਹੀਂ, ਤੁਸੀਂ ਆਓਗੇ ਤਾਂ ਉਨ੍ਹਾਂ ਨੂੰ ਵੀ ਸਹਾਰਾ ਮਿਲੇਗਾ ਅਤੇ ਦੂਜਾ ਇਹ ਹੈ ਕਿ ਤੁਸੀਂ ਖ਼ੁਦ ਵੀ ਕਾਰਵਾਈ ਦੀ ਗੱਲ ਚੰਗੀ ਤਰ੍ਹਾਂ ਸਮਝ ਲਓਗੇ।" ਆਪਣੇ ਮਨ ਦੀ ਖ਼ੁਸ਼ੀ ਨੂੰ ਜ਼ਾਹਿਰ ਨਾ ਕਰਦੇ ਹੋਏ ਜਮਾਲ ਨੇ ਕਿਹਾ।

"ਅੱਲ੍ਹਾ ਕਰੇ....।" ਰਮੀਆ ਦੇ ਬੋਲਾਂ ਨੂੰ ਵਿਚਾਲੇ ਕੱਟਦੇ ਹੋਏ ਜਮਾਲ ਨੇ ਕਿਹਾ–

"ਅੱਲ੍ਹਾ ਕਰੇ, ਫ਼ੈਸਲਾ ਤੁਹਾਡੇ ਹੱਕ ਵਿਚ ਹੋਵੇ, ਮੈਨੂੰ ਖ਼ੁਸ਼ੀ ਹੋਵੇਗੀ!" ਉਹ ਦਰਵਾਜ਼ੇ ਤੋਂ ਬਾਹਰ ਆਇਆ ਅਤੇ ਫੇਰ ਬਿਨਾਂ ਪਿਛੇ ਮੁੜਿਆਂ ਅੱਗੇ ਵਧਦਾ ਗਿਆ, ਜਿਵੇਂ ਨਵੀਂ ਜ਼ਿੰਦਗੀ ਬਾਹਾਂ ਪਸਾਰ ਕੇ ਉਹਦਾ ਇੰਤਜ਼ਾਰ ਕਰ



ਰਹੀ ਸੀ।

ਬੁੱਧਵਾਰ ਦਾ ਦਿਨ, ਥਾਣੇ ਵਿਚ ਸੂਬੇਦਾਰ ਮੰਗਲ ਸਿੰਘ ਦੇ ਕਮਰੇ ਵਿਚ ਇਕ ਪਾਸੇ ਪਿੰਡ ਦਾ ਮੰਨਿਆ ਪ੍ਰਮੰਨਿਆ ਦੇਣਦਾਰ ਜ਼ਿਮੀਦਾਰ ਅਤੇ ਉਹਦੇ ਨਾਲ ਕੁਝ ਰੋਅਬਦਾਰ ਲੋਕ ਬੈਠੇ ਸਨ, ਦੂਜੇ ਪਾਸੇ ਲੈਣਦਾਰ ਮੰਗਲੂ ਚਾਚਾ ਦੇ ਨਾਲ ਲੱਗ ਕੇ ਬੈਠੀ ਸੀ ਰਮੀਆ। ਰਮੀਆ ਨੇ ਇਸ ਸਮੇਂ ਸੂਤੀ ਗੁਲਾਬੀ ਨੀਲੇ ਰੰਗ ਦੀ ਚੁੰਨੀ ਲੈ ਰੱਖੀ ਸੀ। ਸਾਦਗੀ ਵਿਚ ਰੂਪ ਏਵੇਂ ਚਮਕ ਰਿਹਾ ਸੀ ਜਿਵੇਂ ਰੇਗਿਸਤਾਨ ਵਿਚ ਲਾਲ।

ਮੰਗਲ ਸਿੰਘ ਨੇ ਆਪਣੀ ਜਾਂਚ ਪੜਤਾਲ ਦੇ ਆਧਾਰ 'ਤੇ ਤੈਅ ਕਰ ਲਿਆ ਸੀ ਕਿ ਜ਼ਿਮੀਂਦਾਰ ਦੇ ਕੋਲ ਮੰਗਲੂ ਦੇ ਬਾਪ ਦਾਦਾ ਦਾ ਉਹ ਜ਼ੱਦੀ ਮਕਾਨ ਜਿਹਦੇ 'ਤੇ ਲਈ ਹੋਈ ਰਕਮ ਦਾ ਵਿਆਜ ਵੀਹ ਸਾਲ ਅਦਾ ਹੁੰਦਾ ਰਿਹਾ, ਪਰ ਪਿਛਲੇ ਚਾਰ ਸਾਲਾਂ ਤੋਂ ਨਹੀਂ ਹੋਇਆ। ਸੂਬੇਦਾਰ ਮੰਗਲ ਸਿੰਘ ਨੇ ਬਦਲਦੇ ਕਾਇਦੇ ਕਾਨੂੰਨ ਦੀ ਰੌਸ਼ਨੀ ਵਿਚ ਇਸ ਮਾਮਲੇ ਨੂੰ ਸੁਲਝਾਉਂਦੇ ਹੋਏ ਫ਼ੈਸਲਾ ਮੰਗਲੂ ਚਾਚਾ ਦੇ ਹੱਕ ਵਿਚ ਕੀਤਾ।

"ਵੀਹ ਸਾਲ ਵਿਆਜ ਭਰ ਕੇ, ਇਨ੍ਹਾਂ ਚਾਰ ਸਾਲਾਂ ਵਿਚ ਨਾ ਭਰ ਪਾਉਣ ਦੇ ਅਨੁਪਾਤ ਵਿਚ ਮੰਗਲੂ ਕਾਕਾ ਨੇ ਆਪਣੀ ਅਦਾਇਗੀ ਕਰ ਦਿੱਤੀ ਹੈ। ਪਿਛਲੇ ਸਾਲ ਨਵਾਂ ਕਾਨੂੰਨ ਲਾਗੂ ਹੋਇਆ, ਜਿਹੜਾ ਜ਼ਮੀਨ ਨਾਲ ਵਾਬਸਤਾ ਹੈ ਇਹੀ ਕਹਿੰਦਾ ਹੈ ਕਿ ਵੀਹ ਸਾਲ ਵਿਆਜ ਵਸੂਲੀ ਤੋਂ ਬਾਅਦ ਤੁਹਾਡਾ ਹੱਕ ਉਸ ਜ਼ਮੀਨ 'ਤੇ ਨਹੀਂ ਰਹਿੰਦਾ। ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਹੁਣ ਮੰਗਲੂ ਨਾ ਵਿਆਜ ਦੇਵੇਗਾ ਨਾ ਆਪਣੇ ਘਰ ਤੋਂ ਬੇਘਰ ਹੋਵੇਗਾ। ਤੁਹਾਨੂੰ ਵੀ ਸਖ਼ਤ ਹਿਦਾਇਤ ਹੈ ਕਿ ਇਸ ਮਾਮਲੇ ਨੂੰ ਇਥੇ ਹੀ ਖ਼ਤਮ ਕਰ ਦਿਓ। ਇਸ ਮਾਮਲੇ ਵਿਚ ਮੈਂ ਕਿਸੇ ਵੀ ਪ੍ਰਕਾਰ ਦਾ ਬੇਵਜ੍ਹਾ ਦਖ਼ਲ ਨਹੀਂ ਚਾਹੁੰਦਾ।"

ਸੁਣਦੇ ਹੀ ਮੰਗਲੂ ਚਾਚਾ ਦੀਆਂ ਵਾਛਾਂ ਖਿੜ ਗਈਆਂ, ਰਮੀਆ ਨੂੰ ਸੀਨੇ ਨਾਲ ਲਾਉਂਦੇ ਹੋਏ ਉਸ ਦੀਆਂ ਅੱਖਾਂ ਭਰ ਆਈਆਂ। ਫੇਰ ਸੂਬੇਦਾਰ ਸਾਬ੍ਹ ਦਾ ਸ਼ੁਕਰੀਆ ਅਦਾ ਕਰਦਾ ਹੋਇਆ ਕਹਿਣ ਲੱਗਿਆ—"ਮਾਈ ਬਾਪ ਤੁਸੀਂ ਸਾਨੂੰ ਜੀਵਨ ਦਾਨ ਦੇ ਦਿੱਤਾ ਹੈ, ਮੈਂ ਹਮੇਸ਼ਾ ਤੁਹਾਡਾ ਰਿਣੀ ਰਹਾਂਗਾ।"

ਰਮੀਆ ਦੀਆਂ ਅੱਖਾਂ ਨੇ ਵੀ ਉਹੀ ਰਸਮ ਅਦਾ ਕੀਤੀ। ਛੁਪਦੇ ਛੁਪਾਉਂਦੇ ਜਮਾਲ ਦੀਆਂ ਅੱਖਾਂ ਨਾਲ ਅੱਖਾਂ ਮਿਲੀਆਂ। ਬੁੱਲ੍ਹ ਖ਼ਾਮੋਸ਼ ਸਨ ਪਰ ਬੇਜ਼ੁਬਾਨ ਦੀ ਜ਼ੁਬਾਨ ਪੜ੍ਹਨ ਦੀ ਮੁਹਾਰਤ ਰੱਖਦਾ ਸੀ ਜਮਾਲ! ਉਹਦੇ ਤਾਂ ਜਿਵੇਂ ਵਾਰੇ ਨਿਆਰੇ ਹੋ ਗਏ। ਉਹਦਾ ਮਨ ਮੋਰ ਬਿਨਾਂ ਖੰਭਾਂ ਤੋਂ ਨੱਚ ਉਠਿਆ। ਉਹ ਸੁਪਨਿਆਂ ਦੇ ਆਕਾਸ਼ ਵਿਚ ਗੋਤੇ ਖਾਣ ਲੱਗਿਆ।

ਬੈਠਕ ਦੀ ਸਮਾਪਤੀ ਹੋਈ। ਜ਼ਿਮੀਦਾਰ ਕ੍ਰੋਧ ਵਿਚ ਪੈਰਾਂ ਨੂੰ ਪਟਕਦਾ ਹੋਇਆ ਬਾਹਰ ਨਿਕਲਿਆ ਅਤੇ ਫੇਰ ਹੌਲ਼ੀ ਹੌਲ਼ੀ ਸਾਰੇ ਆਪੋ ਆਪਣੇ ਰਾਹ ਪੈ ਗਏ।

o

ਅਚਾਨਕ ਹੀ ਦਰਵਾਜ਼ੇ ਖੁੱਲ੍ਹਣ ਦੀ ਚਰਰਅ-ਚਰਰਅ ਕਰਦੀ ਆਵਾਜ਼ ਨਾਲ ਉਹ ਚੁਕੰਨੀ ਹੋਈ, ਖੜ੍ਹੀ ਹੋਈ ਅਤੇ ਸਹਾਰਾ ਦੇ ਕੇ ਜਮਾਲ ਨੂੰ ਮੰਜੇ ਤਕ ਲੈ ਆਈ। ਜਿਹਦੇ 'ਤੇ ਬੈਠਦਿਆਂ ਹੀ ਉਹ ਪੈ ਗਿਆ ਅਤੇ ਫੇਰ ਡੂੰਘੀ ਨੀਂਦ ਖ਼ੁਮਾਰੀ ਵਿਚ ਗੁਆਚ ਗਿਆ।

ਕੀ ਇਸ ਕਰਕੇ ਇਹ ਜਾਗਰਣ ਹੁੰਦਾ ਹੈ, ਹਰ ਰਾਤ। ਰਾਤ ਵੀ ਕਿੱਥੇ, ਪਹਿਲੇ ਪਹਿਰ ਤੋਂ ਬਾਅਦ, ਕਦੇ ਦੂਜੇ ਤੋਂ ਬਾਅਦ, ਕਦੇ ਸੂਰਜ ਨਿਕਲਣ ਤੋਂ ਪਹਿਲਾਂ ਉਹਦਾ ਘਰ ਆਉਣਾ ਹੁੰਦਾ। ਇਹ ਉਹੀ ਜਮਾਲ ਸੀ ਜਿਹੜਾ ਨਾਲ ਜਿਉਣ ਮਰਨ ਦੀਆਂ ਸਹੁੰਆਂ ਖਾ ਕੇ, ਮੰਗਲੂ ਚਾਚਾ ਦੇ ਅੱਗੇ ਹੱਥ ਜੋੜ ਕੇ ਰਮੀਆ ਦਾ ਹੱਥ ਮੰਗਦਾ ਰਿਹਾ, ਜਦੋਂ ਤਕ ਕਿ ਉਹਨੇ ਹਾਮੀ ਨਾ ਭਰੀ। ਦੋਵਾਂ ਦਾ ਨਿਕਾਹ ਹੋਇਆ ਅਤੇ ਖ਼ੁਸ਼ਹਾਲ ਜੀਵਨ ਵਿਚ ਦੋਵੇਂ ਜਮਾਲ ਤੇ ਰਮੀਆ ਆਪਣੇ ਜੀਵਨ ਦੇ ਆਉਣ ਵਾਲੇ ਸੁਖਦ ਸੁਪਨਿਆਂ ਨੂੰ ਬੁਣਦੇ ਰਹੇ।

ਦੋ ਸਾਲ ਲੰਘੇ, ਮੰਗਲੂ ਚਾਚਾ ਇਸ ਜਹਾਨ ਤੋਂ ਰੁਖ਼ਸਤ ਹੋ ਗਏ। ਹੁਣ ਰਮੀਆ ਦੀ ਦੁਨੀਆਂ ਜਮਾਲ ਤੋਂ ਸ਼ੁਰੂ ਹੋ ਕੇ ਉਸ 'ਤੇ ਆ ਕੇ ਹੀ ਰੁਕਦੀ। ਉਹ ਉੱਠੇ ਤਾਂ ਉਹਦਾ ਦਿਨ, ਉਹ ਸੌਂਵੇ ਤਾਂ ਉਹਦੀ ਰਾਤ।

ਛੇ ਮਹੀਨੇ ਵੀ ਨਹੀਂ ਲੰਘੇ ਹੋਣਗੇ ਕਿ ਅਚਾਨਕ ਰਮੀਆ ਦੀ ਜ਼ਿੰਦਗੀ ਦੀ ਕਿਸ਼ਤੀ ਡੋਲਣ ਲੱਗੀ। ਉਹਦੀਆਂ ਖ਼ੁਸ਼ੀਆਂ ਨੂੰ ਗ੍ਰਹਿਣ ਲੱਗਣ ਲੱਗਿਆ। ਕੰਮ ਤੋਂ ਸਮੇਂ 'ਤੇ ਆਉਣ ਵਾਲਾ ਜਮਾਲ ਹੁਣ ਆਉਂਦਾ ਤਾਂ ਸੀ ਪਰ ਜਾਣ ਦੇ ਲਈ। ਪਤਾ ਨੀ ਕਿਥੋਂ ਇਹ ਲਤ ਉਹਨੂੰ ਲੱਗੀ। ਹਰ ਰੋਜ਼ ਜਿਵੇਂ ਹੀ ਕੰਮ ਖ਼ਤਮ ਹੁੰਦਾ ਅਤੇ ਕੁਪੱਤੀ ਸ਼ਾਮ ਢਲਦੀ, ਉਹ ਡਿਊਟੀ ਦੀ ਵਰਦੀ ਲਾਹ ਕੇ ਸਾਦਾ ਕੁੜਤਾ ਪਜਾਮਾ ਪਾ ਕੇ ਬਸ ਨਿਕਲ ਜਾਂਦਾ, ਸ਼ਾਮ ਢਲਣ 'ਤੇ ਉਸ ਗੰਦੀ ਗਲੀ ਦੇ ਵਿਚ ਜਿਥੇ ਸ਼ਗੁਫ਼ਤਾ ਨਾਮ ਦੀ ਨਵੀਂ ਨਰਤਕੀ ਆਪਣਾ ਜਲਵਾ ਦਿਖਾ ਕੇ ਉਹਨੂੰ ਆਪਣੇ ਜਾਲ ਵਿਚ ਫਸਾ ਚੁੱਕੀ ਸੀ।

ਅੱਜ ਵੀ ਜਦੋਂ ਉਹ ਮੰਜੇ 'ਤੇ ਪਿਆ, ਤਾਂ ਬੁੜਬੁੜਾਉਂਦੇ ਹੋਏ ਉਸਦਾ ਹੀ ਨਾਮ ਲੈ ਰਿਹਾ ਸੀ। ਆਪਣੀ ਹੋਂਦ 'ਤੇ ਲੱਗੇ ਇਸ ਗ੍ਰਹਿਣ ਤੋਂ ਮੁਕਤੀ ਪਾਉਣ ਲਈ ਰਮੀਆ ਕੀ ਕਰੇ? ਇਹੀ ਉਹ ਸੋਚਦੀ ਰਹਿੰਦੀ। ਆਪਣੀ ਜ਼ਿੰਦਗੀ ਬਰਬਾਦ ਹੋਣ ਤੋਂ ਕਿਵੇਂ ਬਚਾਵੇ, ਜਮਾਲ ਨੂੰ ਕਿਵੇਂ ਮੋੜੇ, ਇਹੀ ਕੁਝ ਸੋਚਦੇ ਸੋਚਦੇ ਪਤਾ ਨੀ ਕਦੋਂ ਉਹਦੀ ਅੱਖ ਲਗ ਗਈ।



ਸਵੇਰੇ ਜਮਾਲ ਉੱਠਿਆ, ਚਾਹ ਬਣਾਈ ਆਪਣੇ ਲਈ ਤੇ ਰਮੀਆ ਲਈ ਵੀ। ਇਹੀ ਨਿਯਮ ਬਣਿਆ ਸੀ ਵਿਆਹ ਤੋਂ ਬਾਅਦ ਜਿਸਦਾ ਪਾਲਣ ਅੱਜ ਵੀ ਉਹ ਕਰ ਰਿਹਾ ਸੀ। ਇਸ਼ਨਾਨ ਕੀਤਾ, ਵਰਦੀ ਪਾਈ ਅਤੇ ਕੁਝ ਖਾ ਪੀ ਕੇ ਡਿਊਟੀ 'ਤੇ ਜਾਣ ਲੱਗਾ ਤਾਂ ਰਮੀਆ ਨੇ ਕਿਹਾ—"ਕੀ ਹੁਣ ਅਜਿਹਾ ਸਮਾਂ ਆ ਗਿਆ ਕਿ ਹੁਣ ਇਕ ਵੀ ਸ਼ਾਮ ਤੁਸੀਂ ਮੇਰੇ ਨਾਲ ਬਿਤਾਉਣਾ ਚੰਗਾ ਨਹੀਂ ਸਮਝਦੇ? ਮੈਂ ਤੁਹਾਡੀ ਬੀਵੀ ਹਾਂ ਅਤੇ ਮੇਰੇ ਵੀ ਕੁਝ ਸ਼ੌਕ ਹਨ, ਲੋੜਾਂ ਹਨ ਜਿਨ੍ਹਾਂ ਨੂੰ ਪੂਰਾ ਕਰਨਾ ਤੁਹਾਡਾ ਫ਼ਰਜ਼ ਹੈ।" ਅਤੇ ਉਹ ਪਿਆਸੀਆਂ ਅੱਖਾਂ ਨਾਲ ਜਮਾਲ ਵੱਲ ਦੇਖਦੀ ਰਹੀ।

ਜਮਾਲ ਨੇ ਜਵਾਬ ਤਾਂ ਕੁਝ ਨਹੀਂ ਦਿੱਤਾ ਪਰ ਆਪਣੇ ਦੋਵੇਂ ਹੱਥਾਂ ਵਿਚ ਉਹਦਾ ਚਿਹਰਾ ਲੈ ਕੇ ਪਿਆਰ ਨਾਲ ਚੁੰਮ ਲਿਆ। ਰਮੀਆ ਨੂੰ ਲੱਗਿਆ ਜਿਵੇਂ ਮਿੱਠੀ ਬਰਸਾਤ ਵਿਚ ਉਹਦੀ ਜ਼ਿੰਦਗੀ ਮਹਿਕ ਗਈ ਹੋਵੇ, ਜ਼ਿੰਦਗੀ ਵਾਪਸ ਆ ਗਈ ਹੋਵੇ। ਪਰ ਸ਼ਾਮ ਹੋਣ 'ਤੇ ਉਹਨੂੰ ਫੇਰ ਧੁੰਦਲਾ ਕਰ ਦੇਵੇਗੀ, ਇਹੀ ਸੋਚਦੇ ਹੋਏ ਉਹਨੂੰ ਉਹ ਖ਼ੁਸ਼ੀ ਵੀ ਬੰਜਰ ਧਰਤੀ ਵਰਗੀ ਸੁੰਨੀ ਲੱਗੀ।

ਓਦਣ ਸ਼ਾਮ ਨੂੰ ਜਮਾਲ ਘਰ ਮੁੜਿਆ ਹੀ ਨਹੀਂ। ਪਹਿਲਾਂ ਕਦੇ ਅਜਿਹਾ ਨਹੀਂ ਹੋਇਆ। ਉਹ ਘਰ ਆਉਂਦਾ, ਹੱਥ ਮੂੰਹ ਧੋ ਕੇ ਕੱਪੜੇ ਬਦਲਦਾ ਅਤੇ ਕਦੇ ਖਾਣਾ ਖਾ ਕੇ ਕਦੇ ਬਿਨਾਂ ਖਾਧਿਆਂ ਬਾਹਰ ਨਿਕਲ ਜਾਂਦਾ। ਇਸ ਤਰ੍ਹਾਂ ਇਹ ਸਭ ਕੁਝ ਕਰਨਾ ਜਿਵੇਂ ਉਸ ਦੇ ਕੰਮ ਕਾਰ ਦਾ ਹਿੱਸਾ ਹੋਵੇ। ਪਰ ਅੱਜ ਤਾਂ ਹਵਾ ਵਿਚ ਪਤਾ ਨਹੀਂ ਕਿਹੋ ਜਿਹੀ ਝੁਣਝੁਣੀ ਫੈਲੀ ਸੀ ਜਿਹੜੀ ਰਮੀਆ ਦੇ ਸਰੀਰ ਵਿਚ ਕਾਂਬਾ ਭਰਦੀ ਰਹੀ। ਉਸ ਦਾ ਮਨ ਸੋਚਾਂ ਦੇ ਤੂਫ਼ਾਨਾਂ ਵਿਚ ਡੁੱਬਦਾ ਰਿਹਾ। ਕਿਨਾਰਾ ਕਿਤੇ ਵੀ ਨਹੀਂ, ਕਰੇ ਤਾਂ ਕੀ ਕਰੇ, ਕਿਥੇ ਜਾਵੇ?

ਸੂਰਜ ਛਿਪਣ ਤੋਂ ਮਗਰੋਂ ਰੁਕ ਗਈ ਉਹਦੀ ਸੋਚ। ਕੀ ਕਰਨਾ ਹੈ, ਕਿਥੇ ਜਾਣਾ ਹੈ? ਜਿਵੇਂ ਉਹਨੂੰ ਰਸਤਾ ਮਿਲ ਗਿਆ।

ਉਹ ਉੱਠੀ, ਸਰੀਰ ਨੂੰ ਰਗੜ ਰਗੜ ਕੇ ਧੋਤਾ, ਵਿਆਹ ਦਾ ਸਿਤਾਰੇ ਜੜਿਆ ਲਾਲ ਜੋੜਾ ਪਾਇਆ ਅਤੇ ਸਜ ਧਜ ਕੇ ਚਲ ਪਈ ਉਸ ਸ਼ੀਸ਼ ਮਹਿਲ ਦੇ ਵੱਲ, ਜਿਹਦੀ ਚਕਾਚੌਂਧ ਵਿਚ ਉਹਦਾ ਜਮਾਲ ਗੁਆਚ ਜਿਹਾ ਗਿਆ ਸੀ।

ਚੰਗੇ ਸੰਸਕਾਰਾਂ ਵਾਲੇ ਘਰਾਂ ਦੀਆਂ ਔਰਤਾਂ ਅਜਿਹੀ ਥਾਂ ਨਹੀਂ ਜਾਂਦੀਆਂ, ਜਿਥੇ ਮਰਦਾਂ 'ਤੇ ਹਕੂਮਤ ਕਰਨ ਲਈ ਆਪਣੇ ਆਚਰਣ ਨੂੰ, ਆਪਣੇ ਆਪ ਨੂੰ, ਜ਼ਮੀਰ ਨੂੰ ਵੇਚ ਕੇ ਘਰ ਵਸਾ ਬੈਠਦੀਆਂ ਹਨ ਉਹ ਔਰਤਾਂ, ਜਿਨ੍ਹਾਂ ਨੂੰ 'ਵੇਸਵਾ' ਦਾ ਨਾਂ ਦਿੱਤਾ ਜਾਂਦਾ ਹੈ।

ਇਕ ਪੱਕੀ ਇਮਾਰਤ ਦੇ ਮੂਹਰੇ ਪਹੁੰਚ ਕੇ, ਉਹ ਪਲ ਕੁ ਭਰ ਰੁਕੀ, ਧੜਕਦੇ ਹੋਏ ਸਾਹਾਂ ਨੂੰ ਲੰਮਾ ਸਾਹ ਲੈ ਕੇ ਸ਼ਾਂਤ ਕੀਤਾ ਫੇਰ ਹਵੇਲੀਨੁਮਾ ਉਸ

ਸ਼ੀਸ਼ ਮਹਿਲ ਦੇ ਦਰਵਾਜ਼ੇ ਦੀ ਕੁੰਡੀ ਖੜਕਾਈ। ਦਰਵਾਜ਼ਾ ਖੁੱਲ੍ਹਿਆ ਅਤੇ ਹਾਰ ਸ਼ਿੰਗਾਰ ਨਾਲ ਲੱਦੀ ਭਰਪੂਰ ਜਵਾਨੀ ਦਾ ਕਹਿਰ ਢਾਹੁੰਦੇ ਹੋਏ ਸਾਹਮਣੇ ਖੜ੍ਹੀ ਸੀ ਸ਼ਗੁਫ਼ਤਾ ...। ਇਹੀ ਨਾਮ ਉਹਨੇ ਕਈ ਵਾਰ ਜਮਾਲ ਦੇ ਮੂੰਹੋਂ ਨੀਮ ਬੇਹੋਸ਼ੀ ਦੀ ਹਾਲਤ ਵਿਚ ਸੁਣਿਆ ਸੀ।

"ਕੀ ਮੈਂ ਸ਼ਗੁਫ਼ਤਾ ਨੂੰ ਮਿਲ ਸਕਦੀ ਹਾਂ ?" ਰਮੀਆ ਨੇ ਸਲੀਕੇ ਨਾਲ ਸਾਹਮਣੇ ਖੜ੍ਹੀ ਉਸ ਹਸੀਨਾ ਨੂੰ ਅੱਖਾਂ ਨਾਲ ਤੱਕਦੇ ਹੋਏ ਸਵਾਲ ਕੀਤਾ।

"ਜੀ ਦੱਸੋ, ਮੈਂ ਹੀ ਸ਼ਗੁਫ਼ਤਾ ਹਾਂ।" ਅਤੇ ਉਹ ਦਰਵਾਜ਼ੇ ਤੋਂ ਪਰ੍ਹੇ ਹੁੰਦਿਆਂ ਉਹਨੂੰ ਆਉਣ ਦਾ ਇਸ਼ਾਰਾ ਕਰ ਰਹੀ ਸੀ।

"ਮੈਂ ਆਪਣੇ ਪਤੀ ਜਮਾਲ ਨੂੰ ਲੈਣ ਆਈ ਹਾਂ।"

"ਓਹ ! ਤਾਂ ਉਹ ਤੁਹਾਡੇ ਪਤੀ ਹਨ ਜਿਹੜੇ ਥਾਣੇ ਵਿਚ ਕੰਮ ਕਰਦੇ ਨੇ। ਅੱਜ ਉਹ ਵਰਦੀ ਵਿਚ ਹੀ ਆ ਗਏ ਹਨ। ਵੈਸੇ ਇਥੇ ਆਉਣ ਵਾਲਾ ਕੋਈ ਵੀ ਮਰਦ ਕਿਸੇ ਦਾ ਪਤੀ ਨਹੀਂ ਹੁੰਦਾ। ਬਸ ਸਿਰਫ਼ ਇਕ ਮਰਦ ਹੁੰਦਾ ਹੈ ਜਿਹਦੀ ਹਰ ਮਨਚਾਹੀ ਮੰਗ ਇਥੇ ਰਹਿਣ ਵਾਲੀ ਵੇਸਵਾ ਪੂਰੀ ਕਰ ਦਿੰਦੀ ਹੈ ਅਤੇ ਵੇਸਵਾ ਕਿਸੇ ਇਕ ਦੀ ਨਹੀਂ ਹੁੰਦੀ...ਉਹਦਾ ਰਿਸ਼ਤਾ ਤਾਂ ਬਸ...ਤੁਸੀਂ ਸਮਝਦਾਰ ਹੀ ਹੋ ਮੈਂ ਕੀ ਕਹਾਂ....।"

"ਤੁਸੀਂ ਉਨ੍ਹਾਂ ਨੂੰ ਮੈਨੂੰ ਵਾਪਸ ਕਰ ਦਿਓ, ਮੈਂ ਸ਼ੁਕਰਗੁਜ਼ਾਰ ਰਹਾਂਗੀ" ਕਹਿੰਦੇ ਹੋਏ ਉਹਨੇ ਉਮੀਦ ਦੀਆਂ ਨਜ਼ਰਾਂ ਨਾਲ ਸ਼ਗੁਫ਼ਤਾ ਵੱਲ ਤੱਕਿਆ।

"ਆਓ !" ਕਹਿੰਦੇ ਹੋਏ ਸ਼ਗੁਫ਼ਤਾ ਉਹਨੂੰ ਆਪਣੇ ਕਮਰੇ ਵਿਚ ਲੈ ਗਈ, ਜਿਥੇ ਮੱਧਮ ਰੌਸ਼ਨੀ ਵਿਚ ਰਮੀਆ ਨੇ ਪਲੰਘ 'ਤੇ ਪਏ ਜਮਾਲ ਨੂੰ ਬੇਢੱਬੀ ਜਿਹੀ ਹਾਲਤ ਵਿਚ ਪਸਰਿਆ ਦੇਖਿਆ।

"ਲੈ ਜਾਓ ਇਨ੍ਹਾਂ ਨੂੰ, ਇਹ ਤੁਹਾਡੇ ਹੋਏ। ਹੁਣ ਮੇਰੇ ਦਿਲ ਅਤੇ ਕੋਠੇ ਦੇ ਦਰਵਾਜ਼ੇ ਇਨ੍ਹਾਂ ਦੇ ਲਈ ਹਮੇਸ਼ਾ ਲਈ ਬੰਦ ਰਹਿਣਗੇ ਭੈਣ...।" ਭਾਰੀ ਆਵਾਜ਼ ਵਿਚ ਬੋਲਦੇ ਹੋਏ ਸ਼ਗੁਫ਼ਤਾ ਨੇ ਜਮਾਲ ਦੇ ਵੱਲ ਮੁਖ਼ਾਤਿਬ ਹੁੰਦਿਆਂ ਕਿਹਾ।

"ਤੁਹਾਡੀ ਪਤਨੀ ਆਈ ਹੈ।"

ਰਜਾਈ ਵਿਚੋਂ ਆਪਣਾ ਮੂੰਹ ਬਾਹਰ ਕੱਢਦੇ ਹੋਏ ਜਮਾਲ ਨੇ ਅੱਖਾਂ ਖੋਲ੍ਹੀਆਂ ਅਤੇ ਰਮੀਆ ਨੂੰ ਉਥੇ ਦੇਖ ਕੇ ਅੱਖਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਗਈਆਂ। ਉਹਨੂੰ ਜਿਵੇਂ ਸੌ ਬਿੱਛੂਆਂ ਦਾ ਡੰਗ ਮਾਰਿਆ ਹੋਵੇ। ਉੱਛਲ ਕੇ ਬਹਿ ਗਿਆ, ਫੇਰ ਖੜ੍ਹਾ ਹੋਇਆ ਅਤੇ ਰਮੀਆ ਨੂੰ ਬਾਂਹ ਤੋਂ ਫੜਦੇ ਹੋਏ ਦਰਵਾਜ਼ੇ ਤੋਂ ਬਾਹਰ ਆ ਗਿਆ। ਕਿਹਾ ਕੁਝ ਨਹੀਂ, ਬਸ ਉਹਨੂੰ ਲੈ ਕੇ ਘਰ ਆਇਆ।

"ਏਹ ਕੀ ਜੁਅਰਤ ਕੀਤੀ। ਉਥੇ ਆਉਣ ਦੀ ਕੀ ਲੋੜ ਸੀ ?" ਜਮਾਲ ਚੀਕਿਆ।



"ਕਿਉਂਕਿ ਸ਼ਾਮ ਤੋਂ ਮਗਰੋਂ ਮੇਰਾ ਦਮ ਘੁਟਦਾ ਹੈ ਇਸ ਘਰ ਵਿਚ। ਸੋਚਿਆ ਮੈਂ ਵੀ ਉਸ ਰੰਗੀਨ ਮਾਹੌਲ ਨੂੰ ਦੇਖ ਆਵਾਂ, ਜਿਥੇ ਤੁਹਾਡੇ ਲਈ ਹਰ ਸ਼ਾਮ ਰੰਗੀਨ ਬਣ ਜਾਂਦੀ ਹੈ। ਦੇਖਣਾ ਚਾਹੁੰਦੀ ਸੀ ਕਿ ਉਥੇ ਅਜਿਹਾ ਕੀ ਹੈ ਜਿਹੜਾ ਇਸ ਘਰ ਵਿਚ ਨਹੀਂ ਹੈ...." ਰਮੀਆ ਆਪਣੇ ਰੌਂਅ ਵਿਚ ਕਹਿੰਦੀ ਰਹੀ।

"ਕੀ ਦੇਖਿਆ ਉਥੇ ?" ਜਮਾਲ ਦੀ ਆਵਾਜ਼ ਕੁਝ ਢਿੱਲੀ ਪੈ ਗਈ।

"ਬੱਸ ਦੇਖਿਆ ਤਾਂ ਸਿਰਫ਼ ਸ਼ਗੁਫ਼ਤਾ ਨੂੰ ਅਤੇ ਤੁਹਾਨੂੰ ਉਹਦੇ ਟਿਕਾਣੇ 'ਤੇ ਉਸ ਹਾਲ ਵਿਚ...."

"ਉਸ ਨਾਲ ਕੀ ਮਿਲਿਆ ?" ਹੁਣ ਜਮਾਲ ਆਪਣੇ ਅੰਦਰ ਦੇ ਚੋਰ ਤੋਂ ਹੀ ਡਰ ਗਿਆ। ਕਿਤੇ ਨਾ ਕਿਤੇ ਉਹ ਖ਼ੁਦ ਨੂੰ ਮੁਜਰਮ ਮਹਿਸੂਸ ਕਰਨ ਲੱਗਿਆ।

"ਜਿਹੜਾ ਮੈਨੂੰ ਉਥੇ ਇਕ ਵਾਰ ਜਾਣ ਨਾਲ ਹਾਸਿਲ ਹੋਇਆ ਉਹ ਮੇਰੇ ਲਈ ਕੀ ਹੈ ਮੈਂ ਕਹਿ ਨਹੀਂ ਸਕਦੀ....ਮੈਂ...।" ਰਮੀਆ ਨੇ ਇਕ ਲੰਮਾ ਸਾਹ ਲਿਆ ਅਤੇ ਖਿੜਕੀ ਦੇ ਬਾਹਰ ਤੱਕਦੀ ਰਹੀ।

"ਮੈਂ, ਕੀ.... ? ਕਿਥੇ ਗੁਆਚ ਗਈ ਹੈਂ ਰਮੀਆ ?" ਜਮਾਲ ਨੇ ਘਬਰਾਹਟ ਭਰੇ ਲਹਿਜੇ ਵਿਚ ਕਿਹਾ।

ਪਰ ਜਮਾਲ ਦੀ ਗੱਲ ਦਾ ਰਮੀਆ 'ਤੇ ਕੋਈ ਅਸਰ ਨਾ ਹੋਇਆ। ਉਹ ਜਿਵੇਂ ਆਪਣੇ ਅੰਦਰ ਇਕ ਹੋਰ ਦੁਨੀਆਂ ਵਸਾ ਬੈਠੀ ਸੀ...ਉਹਦੇ ਅੰਦਰ ਗੁਆਚੀ, ਕਦੇ ਡੂੰਘਾਈਆਂ ਵਿਚ ਡੁੱਬਦੀ ਤਾਂ ਕਦੇ ਉਭਰਦੀ...। ਬੇਹੋਸ਼ੀ ਦੇ ਆਲਮ ਵਿਚ ਬੋਲਦੀ ਰਹੀ... "ਮੈਂ ਮੈਂ ਸ਼ਗੁਫ਼ਤਾ ਬਣਨਾ ਚਾਹੁੰਦੀ ਹਾਂ, ਇਸ ਘਰ ਦੇ ਮਾਹੌਲ ਨੂੰ ਬਦਲ ਦੇਵਾਂਗੀ, ਆਪਣੇ ਆਪ ਨੂੰ ਬਦਲ ਦੇਵਾਂਗੀ ਅਤੇ ਇਕ ਉਹੋ ਜਿਹੀ ਦੁਨੀਆਂ ਵਸਾਵਾਂਗੀ ਜਿਵੇਂ ਸ਼ਗੁਫ਼ਤਾ ਨੇ ਬਣਾ ਰੱਖੀ ਹੈ ਅਤੇ ਮੇਰੇ ਕੋਲ ਜਿਹੜਾ ਵੀ ਆਵੇਗਾ, ਉਹ ਕਿਸੇ ਦਾ ਪਤੀ ਨਹੀਂ ਹੋਵੇਗਾ, ਉਹ ਸਿਰਫ਼ ਜਮਾਲ ਹੋਵੇਗਾ। ਮੇਰਾ ਜਮਾਲ। ਮੈਂ ਆਪਣੇ ਜਮਾਲ ਤੋਂ ਵਿਛੜਨਾ ਨਹੀਂ ਚਾਹੁੰਦੀ... ਸ਼ਗੁਫ਼ਤਾ ਬਣ ਕੇ ਉਸ ਨੂੰ ਪਾ ਲਵਾਂਗੀ, ਪਾ ਲਵਾਂਗੀ....।"

ਅਤੇ ਉਹ ਬੇਖ਼ਿਆਲੀ ਵਿਚ ਹੰਝੂ ਵਹਾਉਂਦੀ ਰਹੀ... ਅਤੇ ਜਮਾਲ ਉਹਨੂੰ ਹੈਰਾਨੀ ਨਾਲ ਦੇਖਦਾ ਹੀ ਰਹਿ ਗਿਆ...।

ਰਮੀਆ ਦਾ ਇਹ ਨਵਾਂ ਰੂਪ ਪਹਿਲਾਂ ਤੋਂ ਜ਼ਿਆਦਾ ਨਿਖ਼ਰਿਆ ਹੋਇਆ ਸੀ। ਸੂਰਜ ਛਿਪਣ ਤੋਂ ਮਗਰੋਂ ਉਜਲਾ ਸਵੇਰਾ ਸਾਹਮਣੇ ਰੌਸ਼ਨੀ ਫੈਲਾ ਰਿਹਾ ਸੀ।

—o—

# ਪੱਖਪਾਤ ਦੀ ਰਾਜਨੀਤੀ

ਉਸ ਇਕ ਛੋਟੇ ਜਿਹੇ ਪਰਚੇ ਨੇ ਮੈਨੂੰ ਮੇਰੀ ਔਕਾਤ ਦੀ ਯਾਦ ਦਿਵਾਈ ਅਤੇ ਉਸ ਮਹਾਨ ਵਿਅਕਤੀ ਦੀ, ਜਿਹਨੇ ਸਮਾਜ ਵਿਚ ਆਪਣੀ ਜਾਤ ਦੇ ਲਈ, ਆਪਣੇ ਦੇਸ਼ ਵਾਸੀਆਂ ਨੂੰ ਮੂਲ ਸਿਧਾਂਤਾਂ ਦੀ ਨੀਂਹ 'ਤੇ ਉਨ੍ਹਾਂ ਦੇ ਜੀਵਨ ਸੁਧਾਰ ਦੇ ਲਈ ਇਕ ਨਵੀ ਸਥਾਪਨਾ ਕੀਤੀ। ਡਾ. ਬਾਬਾ ਸਾਹਿਬ ਅੰਬੇਦਕਰ ਅੱਜ ਵੀ ਮੇਰੇ ਆਦਰਸ਼ ਹਨ ਅਤੇ ਰਹਿਣਗੇ, ਜਿਨ੍ਹਾਂ ਦੇ ਪਦ-ਚਿੰਨ੍ਹਾਂ ਤੇ ਚੱਲ ਕੇ ਮੈਂ ਵੀ ਆਪਣੀ ਜਾਤ ਦੇ ਲਈ, ਆਪਣੇ ਪਿਤਾ ਦੀ ਇੱਛਾ ਪੂਰਤੀ ਦੇ ਲਈ ਜਿੰਨੇ ਕਦਮ ਅੱਗੇ ਵਧਾਉਂਦਾ ਹਾਂ, ਉਸ ਤੋਂ ਕਿਤੇ ਜ਼ਿਆਦਾ ਕਦਮ ਪਿੱਛੇ ਦੇ ਵੱਲ ਧੱਕਿਆ ਜਾਂਦਾ ਹਾਂ। ਇਕ ਉਹ ਸਨ, ਇਕ ਮੈਂ ਹਾਂ।

ਯਾਦ ਹੈ ਉਹ ਦਿਨ ਜਦੋਂ ਮੈਂ ਮੈਟ੍ਰਿਕ ਪਾਸ ਕਰਕੇ ਕਾਲਜ ਵਿਚ ਦਾਖਲਾ ਲੈਣ ਲਈ ਦਫ਼ਤਰ ਦੇ ਬਾਹਰ ਲੰਬੀ ਲਾਈਨ 'ਚ ਜਾ ਕੇ ਖੜ੍ਹਾ ਹੋਇਆ। ਕਹਿਣ ਕਹਾਉਣ ਦੇ ਬਹੁਤ ਯਤਨ ਕੀਤੇ, ਮੇਰੇ ਦਾਦਾ, ਪਿਤਾ ਅਤੇ ਸਕੂਲ ਦੇ ਮੁਖੀ ਸੁਖੀ ਰਾਮ ਮਾਧਵਨ ਨੇ ਵੀ ਇਹ ਕਹਿ ਕੇ ਗਾਰੰਟੀ ਦਿੱਤੀ ਕਿ ਮੈਂ ਇਕ ਮਿਹਨਤੀ ਤੇ ਹੁਸ਼ਿਆਰ ਵਿਦਿਆਰਥੀ ਹਾਂ, ਬਿਨਾਂ ਟਿਊਸ਼ਨ ਤੋਂ ਆਪੇ ਪੜ੍ਹਾਈ ਕਰਕੇ 95% ਅੰਕ ਲੈ ਸਕਿਆ ਹਾਂ। ਪਰ ਕੁਝ ਵੀ ਨਹੀਂ ਹੋਇਆ, ਕਿਸੇ ਨੇ ਇਕ ਨਾ ਸੁਣੀ। ਕਾਲਜ ਦਾ ਟਰੱਸਟੀ ਜਾਣਿਆ-ਪਛਾਣਿਆ ਪ੍ਰਸਿੱਧ ਆਦਮੀ ਸੀ, ਪਰ ਐਨ ਮੌਕੇ 'ਤੇ ਉਹਨੇ ਵੀ ਆਪਣਾ ਰੁਖ਼ ਬਦਲਣ ਵਿਚ ਦੇਰ ਨਾ ਕੀਤੀ। ਇਹ ਸਾਰਾ ਕੁਝ ਮੇਰੇ ਨਾਲ ਹੋਇਆ, ਕਿਉਂ ਹੋਇਆ, ਕੁਝ ਸਮਝ ਵਿਚ ਆ ਕੇ ਵੀ ਨਹੀਂ ਆਇਆ, ਆਉਂਦਾ ਵੀ ਕਿਵੇਂ?

ਅਤੇ ਉਸ ਯਤਨ ਦਾ ਫਲ ਮੈਨੂੰ ਕਾਲਜ ਵਿਚ ਦਾਖਲਾ ਨਾ ਦੇ ਕੇ, ਉਥੋਂ ਦੇ ਪ੍ਰਤੀਨਿਧੀਆਂ ਨੇ ਇਹ ਦਰਸਾਇਆ ਕਿ ਮੈਂ ਨੀਵੀਂ ਜਾਤ ਦਾ ਦਲਿਤ ਹਾਂ, ਇਥੇ ਦਾਖਲਾ ਮਿਲਣਾ ਸੰਭਵ ਨਹੀਂ। ਦੂਜਾ ਕਾਰਨ ਦਾਖਲਾ ਨਾ ਮਿਲਣ ਦਾ ਯਕੀਨਨ ਇਹ ਵੀ ਰਿਹਾ ਹੋਵੇਗਾ ਕਿ ਮੈਂ ਡੋਨੇਸ਼ਨ ਦੇ ਨਾਮ 'ਤੇ ਕਾਲ਼ਾ ਧਨ ਨਹੀਂ ਦਿੱਤਾ। ਆਪਣੀ ਜਾਤ ਦੇ ਨੀਵੇਂਪਣ ਦਾ ਲੇਬਲ ਆਪਣੇ ਮੱਥੇ ਤੋਂ ਲਾਹ ਨਹੀਂ ਸਕਿਆ। ਹੱਥ ਵਿਚ ਫੜਾਇਆ ਕਾਗਜ਼ ਇਹੀ ਦਰਸਾ ਰਿਹਾ ਸੀ— ਦਾਖਲਾ ਨਾ ਮਿਲਣ ਦੀ ਇੱਕ ਨਕਾਰਾਤਮਕ ਉਪਾਧੀ ਸੀ ਉਸ ਵਿਚ।

o



ਪਰਿਵਾਰ ਦੇ ਵਿਚ ਰਹਿੰਦੇ, ਨਾ ਕੋਈ ਚਾਲਬਾਜ਼ੀ, ਨਾ ਕੋਈ ਚਲਾਕੀ ਦੇਖੀ, ਨਾ ਸਿੱਖੀ। ਨਾ ਹੀ ਕਦੇ ਬਾਹਰ ਅਤੇ ਅੰਦਰ ਦੀ ਦੁਨੀਆਂ ਵਿਚ ਕੋਈ ਭੇਦ-ਭਾਵ ਜਾਣਿਆ। ਆਪਣੇ ਕੰਮ ਨਾਲ ਕੰਮ ਰੱਖਣ ਵਾਲੇ ਪਰਿਵਾਰ ਵੀ ਕਿਥੇ ਕਿਸੇ ਇੱਛਾ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕਰਦੇ ਹਨ। ਸਿਰਫ਼ ਉਸ ਇਕ ਇੱਛਾ ਦੇ ਲਈ, ਜਿਹੜੀ ਮੇਰੇ ਪਿਤਾ ਨੇ ਆਪਣੇ ਸੀਨ੍ਹੇ ਵਿਚ ਪਾਲ ਰੱਖੀ ਸੀ ਕਿ ਮੈਂ ਪੜ੍ਹ ਲਿਖ ਕੇ ਉਨ੍ਹਾਂ ਦਾ, ਉਨ੍ਹਾਂ ਦੀ ਬਿਰਾਦਰੀ ਦਾ, ਉਨ੍ਹਾਂ ਦੀ ਜਾਤ ਦਾ ਕਿਸੇ ਤਰ੍ਹਾਂ ਬੇੜਾ ਪਾਰ ਕਰਨ ਦਾ ਯਤਨ ਕਰਾਂ।

ਮੈਂ ਜਿਹੜੇ ਪਰਿਵਾਰ ਵਿਚ ਪਲ ਕੇ ਵੱਡਾ ਹੋਇਆ, ਉਥੇ ਮੇਰੇ ਉੱਠਣ ਤੋਂ ਪਹਿਲਾਂ ਪਹਿਲਾਂ ਮੈਂ ਮਾਂ-ਬਾਪ ਨੂੰ ਝਾੜੂ ਅਤੇ ਟੋਕਰੀ ਲੈ ਕੇ ਘਰ ਤੋਂ ਬਾਹਰ ਜਾਂਦੇ ਹੋਏ ਅਤੇ ਤਿੱਖੀ ਦੁਪਹਿਰ ਨੂੰ ਘਰ ਵਾਪਸ ਆ ਕੇ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਲਈ ਜੂਝਦੇ ਹੋਏ ਦੇਖਿਆ। ਕੁਝ ਹੋਰ ਵੱਡਾ ਹੋਇਆ ਤਾਂ ਸਿੱਖਿਆ ਦੇ ਮੈਦਾਨ ਵਿਚ ਖੜ੍ਹਾ ਕਰ ਦਿੱਤਾ ਗਿਆ, ਜਿਥੇ ਵੀ ਦਿੱਕਤਾਂ ਮੈਨੂੰ ਪ੍ਰੇਸ਼ਾਨ ਕਰਦੀਆਂ ਰਹੀਆਂ। ਤੇ ਹੁਣ ਲੜੀਵਾਰ ਯਾਦਾਂ ਦੇ ਮਗਰੋਂ ਮਹਿਸੂਸ ਕਰ ਰਿਹਾ ਹਾਂ ਕਿ ਹੁਣ ਸਮਾਂ ਆ ਗਿਆ ਹੈ ਕਿ ਮੈਂ ਕਿਸੇ ਨਾ ਕਿਸੇ ਤਰ੍ਹਾਂ ਪਰਿਵਾਰ ਨੂੰ ਸਹਿਯੋਗ ਦੇ ਕੇ, ਪਿਤਾ ਦੇ ਬੁੱਢੇ ਮੋਢਿਆਂ ਦਾ ਭਾਰ ਘੱਟ ਕਰਾਂ। ਯਾਦ ਆਇਆ ਪਿਤਾ ਦਾ ਕਹਿਣਾ—

"ਤੂੰ ਆਪਣੀ ਪੜ੍ਹਾਈ 'ਤੇ ਧਿਆਨ ਦੇ, ਇਹ ਉਮਰ ਹੈ ਪੜ੍ਹਨ ਦੀ, ਪੜ੍ਹ ਕੇ ਕਿਸੇ ਅਹੁਦੇ ਦੇ ਕਾਬਲ ਬਣਨ ਦੀ, ਜਦੋਂ ਕਾਬਲ ਬਣ ਜਾਵੇਂਗਾ ਫੇਰ ਹੀ ਮੇਰਾ ਹੱਥ ਵਟਾ ਸਕੇਂਗਾ ਅਤੇ ਅੱਗੇ ਚਲ ਕੇ ਆਪਣੇ ਪਰਿਵਾਰ ਦਾ ਵੀ ਭਾਰ ਸੰਭਾਲ ਕੇ ਸਾਡਾ ਅਤੇ ਜਾਤ ਦਾ ਸਹਾਰਾ ਬਣ ਸਕੇਂਗਾ।"

"ਬਾਪੂ, ਪਰ ਮੈਂ ਤੁਹਾਨੂੰ ਇਸ ਤਰ੍ਹਾਂ ਦਿਨ ਰਾਤ ਮਿਹਨਤ ਦੀ ਚੱਕੀ ਵਿਚ ਪਿਸਦਾ ਹੋਇਆ ਨਹੀਂ ਦੇਖ ਸਕਦਾ। ਤੁਹਾਡੀ ਸਿਹਤ ਵੀ ਦਿਨੋ ਦਿਨ ਤੁਹਾਡਾ ਸਾਥ ਛੱਡਦੀ ਜਾ ਰਹੀ ਹੈ। ਹੁਣ ਮੈਂ ਮੈਟ੍ਰਿਕ ਪਾਸ ਹਾਂ, ਕੋਈ ਛੋਟੀ ਮੋਟੀ ਨੌਕਰੀ ਕਰ ਕੇ ਤੁਹਾਡੀ ਮਦਦ ਕਰ ਸਕਦਾ ਹਾਂ। ਇਸ ਸਮੇਂ ਮੇਰਾ ਕਾਲਜ 'ਚ ਪੜ੍ਹਨਾ ਏਨਾ ਜ਼ਰੂਰੀ ਨਹੀਂ, ਜਿੰਨਾ ਕਿ ਤੁਹਾਡੇ ਕੰਮ ਦੇ ਵਿਚ ਹੱਥ ਵੰਡਾਉਣਾ। ਬਾਪੂ ਤੁਸੀਂ ਪਿਤਾ ਤੇ ਸਾਰਥੀ ਬਣ ਕੇ ਮੈਨੂੰ ਇਸ ਕਾਬਲ ਬਣਾਇਆ ਹੈ ਕਿ ਮੈਂ ਸਿੱਖਿਆ ਦੀ ਰੌਸ਼ਨੀ ਵਿਚ ਆਪਣਾ ਭਵਿੱਖ ਸਾਫ਼ ਦੇਖ ਰਿਹਾ ਹਾਂ। ਮੈਂ ਤੁਹਾਡੀ ਇੱਛਾ ਨੂੰ ਅੰਜਾਮ ਦੇਵਾਂਗਾ; ਇਹ ਮੇਰਾ ਵਾਅਦਾ ਹੈ ਤੁਹਾਡੇ ਨਾਲ।"

"ਆਦਿਤਯ ਬੇਟੇ ਮੈਂ ਚਾਹੁੰਦਾ ਹਾਂ ਕਿ ਤੂੰ ਕਾਲਜ ਦੀ ਪੜ੍ਹਾਈ ਪੂਰੀ ਕਰ ਕੇ ਕਿਸੇ ਚੰਗੀ ਨੌਕਰੀ ਨੂੰ ਹਾਸਿਲ ਕਰੇਂ। ਫੇਰ ਕਿਤੇ ਜਾ ਕੇ ਸਾਡਾ ਨੀਵੀਂ ਜਾਤ ਵਾਲਿਆਂ ਦਾ ਸਿਰ ਉੱਚਾ ਕਰਨ ਯੋਗ ਹੋਵੇਗਾ। ਆਪਣੀ ਕਾਬਲੀਅਤ

ਨਾਲ ਅਨਪੜ੍ਹ ਬੱਚਿਆਂ ਨੂੰ ਇਸ ਗੰਦਗੀ ਦੀ ਦਲਦਲ ਤੋਂ ਕੱਢ ਕੇ ਗਿਆਨ ਦੀ ਰੌਸ਼ਨੀ ਵਿਚ ਇਕ ਸਾਫ਼ ਸੁਥਰੀ ਜ਼ਿੰਦਗੀ ਦੇ ਰਾਹ 'ਤੇ ਲੈ ਚੱਲ। ਇਹੀ ਮੇਰੀ ਦਿਲੀ ਤਮੰਨਾ ਹੈ, ਇਹੀ ਖ਼ਵਾਹਿਸ਼। ਇਸੇ ਕਾਰਨ ਮੈਂ ਬਚਪਨ ਵਿਚ ਕਦੇ ਤੈਨੂੰ ਇਹ ਝਾੜੂ ਲੈ ਕੇ, ਘਰ ਘਰ ਦਾ ਕੂੜਾ ਚੁੱਕਣ ਦੇ ਲਈ ਆਪਣੇ ਨਾਲ ਲੈ ਕੇ ਨਹੀਂ ਲੈ ਗਿਆ ਅਤੇ ਨਾ ਹੀ ਤੇਰਾ ਮਿਉਂਸਪਲ ਕਮੇਟੀ ਦੇ ਸਕੂਲ ਵਿਚ ਦਾਖਲਾ ਕਰਾਇਆ।"

"ਪਰ ਬਾਪੂ ਹੁਣ ਤਾਂ ਮੈਂ ਹਾਈ ਸਕੂਲ ਪਾਸ, ਤੁਹਾਡੇ ਦੱਸੇ ਰਾਹ 'ਤੇ ਚੱਲਣ ਦਾ ਯਤਨ ਕਰ ਰਿਹਾ ਹਾਂ। ਤੁਹਾਡੀ ਸਹਾਇਤਾ ਕਰਨਾ ਮੇਰਾ ਫ਼ਰਜ਼ ਹੈ ਹੋਰ ਤਾਂ ਹੋਰ ਮੈਂ ਤੁਹਾਡੇ ਸਿਰ 'ਤੇ ਲੱਗੀ ਤੋਹਮਤ ਦੇ ਦਾਗ਼ ਨੂੰ ਵੀ ਧੋਣਾ ਚਾਹੁੰਦਾ ਹਾਂ। ਮੈਂ ਇਕੱਲਾ ਹੀ ਇਸ ਸੱਚਾਈ ਦਾ ਚਸ਼ਮਦੀਦ ਗਵਾਹ ਹਾਂ....ਚਾਹੇ ਦੁਨੀਆਂ ਮੰਨੇ ਜਾਂ ਨਾ ਮੰਨੇ।"

"ਬਸ ਬੇਟਾ ਬਸ, ਇਕ ਲਫ਼ਜ਼ ਵੀ ਇਸ ਤੋਂ ਅੱਗੇ ਨਾ ਬੋਲਣਾ, ਮੈਂ ਨਹੀਂ ਸੁਣ ਸਕਾਂਗਾ।"

"ਪਰ ਬਾਪੂ ਜਿਹੜਾ ਜੁਰਮ ਤੁਸੀਂ ਕੀਤਾ ਹੀ ਨਹੀਂ, ਉਹਦਾ ਬੋਝ ਆਪਣੇ ਦਿਲ ਦਿਮਾਗ਼ 'ਤੇ ਕਿਉਂ ਢੋਅ ਰਹੇ ਹੋ। ਹੁਣ ਮੈਂ ਥੋੜ੍ਹਾ ਵੱਡਾ ਹੋ ਗਿਆ ਹਾਂ। ਸਾਰਾ ਕੁਝ ਸਾਫ਼ ਸਾਫ਼ ਦੇਖ ਸਕਦਾ ਹਾਂ, ਸੱਚ ਝੂਠ ਨੂੰ ਪਰਖ ਸਕਦਾ ਹਾਂ। ਤੁਸੀਂ ਉਸ ਅਣਚਾਹੀ ਸੋਚ ਨੂੰ ਜ਼ਿਹਨ 'ਚੋਂ ਕੱਢ ਕੇ ਸੁੱਟ ਕਿਉਂ ਨਹੀਂ ਦਿੰਦੇ?"

"ਬੇਟਾ ਇਹ ਗ਼ੁਲਾਮੀ ਦੀਆਂ ਜ਼ੰਜੀਰਾਂ ਜੋ ਕਰਾਉਂਦੀਆਂ ਹਨ ਉਹ ਘੱਟ ਹੈ। ਮੇਰੀ ਜਾਤ ਮੇਰੇ ਕੰਮ ਤੋਂ ਪਛਾਣੀ ਜਾਂਦੀ ਹੈ, ਮੇਰੇ ਜ਼ਮੀਰ ਦੀ ਰੌਸ਼ਨੀ ਤੋਂ ਨਹੀਂ। ਇਥੋਂ ਦਾ ਤਹਿਸੀਲਦਾਰ ਸਫ਼ੈਦ ਕੱਪੜੇ ਪਾ ਕੇ ਆਪਣੇ ਸ਼ਾਹੀ ਘਰ ਵਿਚ ਬੈਠਿਆ ਬੈਠਿਆ ਸਾਡੀ ਗ਼ੁਰਬਤ ਦਾ ਨੰਗਾ ਨਾਚ ਦੇਖਦਾ ਹੈ। ਉਹਦੀ ਗੰਦੀ ਨਜ਼ਰ ਗੰਦਗੀ ਚੁੱਕਣ ਵਾਲੀਆਂ ਬਾਲਟੀਆਂ 'ਤੇ ਨਹੀਂ, ਚੁੱਕਣ ਵਾਲੀਆਂ ਸਾਡੀਆਂ ਨੂੰਹਾਂ—ਧੀਆਂ 'ਤੇ ਰਹਿੰਦੀ ਹੈ, ਉਨ੍ਹਾਂ ਦੇ ਗੰਦੇ ਕੱਪੜਿਆਂ ਦੀਆਂ ਤਹਿਆਂ ਵਿਚ ਛੁਪੇ ਉਨ੍ਹਾਂ ਦੇ ਸਰੀਰ 'ਤੇ ਹੁੰਦੀ ਹੈ। ਇਹ ਸਾਰੀਆਂ ਹਕੀਕਤਾਂ ਸਾਨੂੰ ਉਨ੍ਹਾਂ ਔਰਤਾਂ ਦੇ ਹੰਝੂਆਂ ਦੇ ਰਾਹੀਂ ਪਤਾ ਲਗਦੀਆਂ ਹਨ। ਸਫ਼ੈਦ ਕੱਪੜਿਆਂ ਦੇ ਪਿੱਛੇ ਉਨ੍ਹਾਂ ਦੀ ਕਾਲ਼ੀ ਨੀਅਤ, ਕਾਲ਼ੇ ਕਾਰਨਾਮਿਆਂ ਦੇ ਚਿੱਠਿਆਂ ਨੂੰ ਨਹੀਂ ਲੁਕੋ ਸਕਦੀ। ਉਹਨੇ ਤੇਰੀ ਮਾਂ ਦੀ ਬੇਇਜ਼ਤੀ ਕਰ ਕੇ ਉਹਦੇ ਸਵੈਮਾਣ ਉਹਦੇ ਔਰਤ ਹੋਣ ਦੇ ਧਰਮ ਨੂੰ ਲਲਕਾਰਿਆ। ਉਹ ਇਹ ਬਰਦਾਸ਼ਤ ਨਾ ਕਰ ਸਕੀ। ਇਕ ਦਿਨ ਮੌਕਾ ਦੇਖ ਕੇ ਉਹਨੇ ਤਹਿਸੀਲਦਾਰ ਨੂੰ ਉਸਦੀ ਬੈਠਕ ਵਿਚ ਬੰਦ ਕਰ ਕੇ, ਮਿੱਟੀ ਦਾ ਤੇਲ ਛਿੜਕ ਕੇ ਉਹਨੂੰ ਜਿਉਂਦਾ ਸਾੜ ਦਿੱਤਾ ਅਤੇ ਫੇਰ ਖ਼ੁਦ ਨੂੰ ਵੀ ਉਸੇ ਅੱਗ ਦੀਆਂ ਲਪਟਾਂ ਦੇ ਹਵਾਲੇ ਕਰ



ਦਿੱਤਾ। ਸਾਡੇ ਸਮਾਜ ਦੀਆਂ ਔਰਤਾਂ ਕਦੋਂ ਤਕ ਇਹ ਅਗਨੀ ਪ੍ਰੀਖਿਆ ਦਿੰਦੀਆਂ ਰਹਿਣਗੀਆਂ?"

"ਪੁਰਾਣੀਆਂ ਗੱਲਾਂ ਨੂੰ ਦੁਹਰਾ ਕੇ ਇਸ ਤਰ੍ਹਾਂ ਆਪਣੇ ਆਪ ਨੂੰ ਦੁਖੀ ਨਾ ਕਰੋ ਬਾਪੂ। ਮਾਂ ਨੇ ਖ਼ੁਦ ਨੂੰ ਮੁਕਤ ਕਰ ਦਿੱਤਾ, ਪਾਪ ਦੀ ਭਾਵਨਾ ਨੇ ਸ਼ਾਇਦ ਉਹਦੇ ਸਰੀਰ ਨੂੰ ਪਾਪ ਦਾ ਭਾਗੀਦਾਰ ਬਣਾ ਛੱਡਿਆ ਅਤੇ ਉਹਨੇ ਪਾਪੀ ਨੂੰ ਸਜ਼ਾ ਦੇ ਕੇ, ਖ਼ੁਦ ਨੂੰ ਵੀ ਉਸ ਅੱਗ ਵਿਚ ਭਸਮ ਕਰਦੇ ਹੋਏ ਅਗਨੀ ਪ੍ਰੀਖਿਆ ਦਿੱਤੀ, ਪਰ ਹੁਣ ਅਜਿਹਾ ਨਹੀਂ ਹੋਵੇਗਾ... ਬਾਪੂ, ਨਹੀਂ ਹੋਵੇਗਾ।"

"ਮੇਰੀ ਇਕ ਗੱਲ ਹਮੇਸ਼ਾ ਯਾਦ ਰੱਖਣੀ ਬੇਟੇ, ਜ਼ਾਲਮ ਦਾ ਜ਼ੁਲਮ ਕਦੇ ਨਾ ਭੁੱਲਣਾ, ਨਾ ਮਾਫ਼ ਕਰਨਾ। ਇਹ ਸਰਾਸਰ ਬੁਜ਼ਦਿਲੀ ਹੋਵੇਗੀ..." ਕਹਿੰਦੇ ਹੋਏ ਆਦਿਤਯ ਦੇ ਪਿਤਾ ਨੇ ਧੋਤੀ ਦੇ ਪੱਲੇ ਨਾਲੋਂ ਆਪਣੇ ਦੁੱਖ ਨੂੰ ਝਾੜ ਕੇ ਲੰਮਾ ਸਾਹ ਲਿਆ।

"ਇਹ ਤਾਂ ਸਭ ਠੀਕ ਹੈ ਬਾਪੂ, ਪਰ ਮੈਨੂੰ ਇਸ ਵਿਚ ਮਾਂ ਦੀ ਕੋਈ ਬੁਜ਼ਦਿਲੀ ਦਿਖਾਈ ਨਹੀਂ ਦਿੰਦੀ। ਉਹ ਤਾਂ ਆਪਣੀ ਇੱਜ਼ਤ ਅਤੇ ਸਵੈਮਾਣ ਦਾ ਕੁੱਲ ਹਿਸਾਬ ਹੀ ਕੁੱਝ ਏਵੇਂ ਪੂਰਾ ਕਰ ਗਈ, ਜਿਹੜਾ ਬਹੁਤ ਦਲੇਰੀ ਦਾ ਕੰਮ ਹੈ, ਜਿਸ 'ਤੇ ਮਾਣ ਕੀਤਾ ਜਾ ਸਕਦਾ ਹੈ।" ਹੁਣ ਆਦਿਤਯ ਦੀ ਆਵਾਜ਼ ਵਿਚ ਗ਼ੁੱਸਾ ਸ਼ਾਮਿਲ ਸੀ।

"ਪਰ ਸਾਰੇ ਦੋਸ਼ੀਆਂ ਨੂੰ ਸਜ਼ਾ ਦੇ ਕੇ, ਆਪਣੇ ਸਵੈਮਾਣ ਨੂੰ ਵੀ ਸੁਆਹ ਕਰੋ, ਇਹ ਵੀ ਤਾਂ ਠੀਕ ਨਹੀਂ ਬੇਟਾ। ਸਾਡੇ ਇਸ ਗੰਦੇ ਸਮਾਜ ਵਿਚ ਕਿੰਨੇ ਬੇਗੁਨਾਹ ਸਜ਼ਾ ਭੁਗਤਦੇ ਹਨ ਅਤੇ ਕਿੰਨੇ ਦੋਸ਼ੀ ਆਜ਼ਾਦ ਘੁੰਮਦੇ ਹਨ, ਇਹਦਾ ਕੋਈ ਹਿਸਾਬ ਨਹੀਂ। ਉਨ੍ਹਾਂ ਦੀ ਪਛਾਣ ਕਰਨੀ ਮੁਸ਼ਕਿਲ ਹੈ ਕਿਉਂਕਿ ਉਨ੍ਹਾਂ ਦੇ ਤਨ 'ਤੇ ਦੋਸ਼ੀਆਂ ਜਾਂ ਕੈਦੀਆਂ ਦੀ ਵਰਦੀ ਨਹੀਂ ਹੁੰਦੀ। ਉਹ ਆਜ਼ਾਦ ਰਹਿ ਕੇ ਜੁਰਮ ਕਰ ਰਹੇ ਹਨ, ਕਿਹੜਾ ਉਨ੍ਹਾਂ ਨੂੰ ਜ਼ੰਜੀਰਾਂ ਵਿਚ ਬੰਨ੍ਹਦਾ ਹੈ?"

"ਬਾਪੂ ਛੱਡ ਇਨ੍ਹਾਂ ਗੱਲਾਂ ਨੂੰ, ਜੁਰਮ ਅਤੇ ਬੇਦੋਸ਼ੀ ਦੀ ਦਲਦਲ ਵਿਚ ਕਿਉਂ ਆਪਣੇ ਆਪ ਨੂੰ ਮੈਲ਼ਾ ਕਰ ਰਹੇ ਹੋ? ਤੁਹਾਡਾ ਇਸ਼ਾਰਾ ਮੈਂ ਸਮਝ ਰਿਹਾ ਹਾਂ, ਤੁਸੀਂ ਚਿੰਤਾ ਨਾ ਕਰੋ ਬਾਪੂ, ਮੈਂ ਆਪਣੀ ਰਹਿਣੀ ਨੂੰ ਆਪਣੀ ਕਰਨੀ ਵਿਚ ਸ਼ਾਮਿਲ ਕਰ ਕੇ ਹਨੇਰੇ ਵਿਚੋਂ ਚਾਨਣ ਨੂੰ ਚੀਰ ਲਿਆਵਾਂਗਾ।"

"ਬੇਟਾ ਤੇਰੀ ਸਦਭਾਵਨਾ ਮੇਰੇ ਲਈ ਖ਼ੁਦਾ ਦੇ ਵੱਲੋਂ ਬਖ਼ਸ਼ੀ ਹੋਈ ਨਿਆਮਤ ਹੈ। ਫੇਰ ਵੀ ਸੋਚ ਸਮਝ ਕੇ ਕਿਸੇ ਜਾਣੇ ਪਛਾਣੇ ਸ਼ਖ਼ਸ ਜਾਂ ਕਿਸੇ ਬਹੁਤ ਹੀ ਵੱਡੇ ਇੱਜ਼ਤਦਾਰ ਆਦਮੀ ਦੀ ਮਦਦ ਨਾਲ ਪਿੰਡ ਵਿਚ ਹੀ ਕਿਸੇ ਕਾਲਜ ਵਿਚ ਦਾਖਲਾ ਲੈ ਕੇ ਅੱਗੇ ਪੜ੍ਹਨ ਲੱਗ ਜਾ। ਮੇਰੀ ਬਹੁਤੀ ਫ਼ਿਕਰ ਨਾ

ਕਰ।”

ਪਿਤਾ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਆਦਿਤਯ ਸੋਚਣ ਲੱਗਿਆ, ‘ਠੀਕ ਉਵੇਂ ਹੀ ਜਿਵੇਂ ਸ਼ਾਇਦ ਬਾਪੂ ਦਾ ਜ਼ਿਹਨ ਸੋਚ ਰਿਹਾ ਸੀ। ਜੇਕਰ ਸਾਡੀ ਔਲਾਦ ਸਾਡੇ ਵਾਂਗੂੰ ਪਿੰਡ ਵਿਚ ਸੇਠ, ਸ਼ਾਹੂਕਾਰਾਂ ਦੀ ਗੰਦਗੀ ਸਾਫ਼ ਕਰਦੀ ਰਹੇਗੀ ਤਾਂ ਆਪਣੀ ਪਛਾਣ ਕਿਵੇਂ ਹਾਸਲ ਕਰੇਗੀ? ਆਪਣੀ ਜਾਤ ਦੇ ਮੋਢਿਆਂ ਤੋਂ ਇਹ ਸਲੀਬ ਲਾਹੁਣ ਦੇ ਲਈ ਕਿਸੇ ਨੂੰ ਤਾਂ ਮਸੀਹਾ ਬਣਨਾ ਪਵੇਗਾ, ਪੀੜ੍ਹੀਆਂ ਤੋਂ ਚੱਲੇ ਆ ਰਹੇ ਇਸ ਪੇਸ਼ੇ ਨੂੰ ਇਲਮ ਦੀ ਰੌਸ਼ਨੀ ਨਾਲ ਉਜਾਗਰ ਕਰਨਾ ਹੋਵੇਗਾ। ਹਜ਼ਾਰਾਂ ਬੱਚਿਆਂ ਦੇ ਮਾਤਾ ਪਿਤਾ ਇਹ ਕੰਮ ਕਰਦੇ ਕਰਦੇ ਜਵਾਨੀ ਤੋਂ ਬੁਢਾਪੇ ਦੀ ਕਗਾਰ ’ਤੇ ਪਹੁੰਚ ਚੁੱਕੇ ਹਨ। ਬੱਸ ਵੱਡਿਆਂ ਦੇ ਨਕਸ਼ੇ-ਕਦਮ ’ਤੇ ਚਲਦੇ ਚਲਦੇ ਉਹ ਵੀ ਸਮਾਜ ਦੀ ਗੰਦਗੀ ਨੂੰ ਢੋਂਦੇ ਰਹਿਣਗੇ ਅਤੇ ਇਹੀ ਵਿਰਾਸਤ ਸ਼ਾਇਦ ਆਉਣ ਵਾਲੀ ਪੀੜ੍ਹੀ ਦੇ ਨਾਲ ਅੱਗੇ ਦੂਰ ਤਕ ਜਾਵੇਗੀ...’ ਸੋਚਦੇ ਸੋਚਦੇ ਆਦਿਤਯ ਦਾ ਮਨ ਫੇਰ ਇਕ ਨਵੇਂ ਜੋਸ਼ ਨਾਲ ਭਰ ਗਿਆ। ਪਿਤਾ ਦੇ ਪੈਰੀਂ ਹੱਥ ਲਾ ਕੇ ਉਹ ਆਪਣੀ ਕਿਸਮਤ ਅਜ਼ਮਾਉਣ ਲਈ ਹੀ ਇਕ ਪਾਸੇ ਚੱਲ ਪਿਆ।

ਪੜ੍ਹਨ ਵਿਚ ਤੇਜ਼, ਲਿਖਣ ਵਿਚ ਮਾਹਿਰ, ਸੋਚਣ ਵਿਚ ਤੀਖਣਤਾ ਰੱਖਣ ਵਾਲੇ ਆਦਿਤਯ ਨੇ ਆਪਣੇ ਦਿਲ ਦਿਮਾਗ਼ ਵਿਚ ਇਕ ਸੁਪਨਾ ਲੈ ਰੱਖਿਆ ਸੀ। ਉਹਦੇ ਜ਼ਿਹਨ ਵਿਚ ਆਪਣੇ ਲਈ, ਆਪਣੀ ਜਾਤ ਦੇ ਲਈ, ਉਹਨਾਂ ਦੇ ਕਲਿਆਣ ਦੇ ਲਈ ਇਕ ਅਜਿਹਾ ਸੁਪਨਾ ਸੀ ਜਿਹਦੇ ਪੂਰਾ ਹੋਣ ਨਾਲ ਆਉਣ ਵਾਲੀ ਪੀੜ੍ਹੀ ਨੂੰ ਫੇਰ ਤੋਂ ਇਕ ਨਵੀਂ ਜ਼ਿੰਦਗੀ ਦਾ ਅਧਿਕਾਰ ਮਿਲਦਾ।

ਆਪਣੀ ਕਾਬਲੀਅਤ ਦੇ ਨਾਲ ਉਹਨੇ ਸਕੂਲ ਦੇ ਮੁਖੀ ਸੁਖੀ ਰਾਮ ਮਾਧਵਨ ਦਾ ਮਨ ਜਿੱਤ ਲਿਆ ਸੀ। ਆਪਣੇ ਖ਼ਿਆਲਾਂ ਦੀ ਤਰਜਮਾਨੀ ਕਰਦੇ ਉਹਨੇ ਆਪਣੇ ਲਈ ਕੁਝ ਨਾ ਸਹੀ, ਪਰ ਆਪਣੀ ਜਾਤ ਦੇ ਲਈ ਕੁਝ ਕਰਨ ਦੀ ਜ਼ਿੰਮੇਵਾਰੀ ਨੂੰ ਆਪਣੇ ਮੋਢਿਆਂ ’ਤੇ ਚੁੱਕਣਾ ਚਾਹਿਆ। ਬਸ ਇਹ ਸੋਚਦੇ ਸੋਚਦੇ ਉਹਦੇ ਪੈਰ ਸਕੂਲ ਮੁਖੀ ਸੁਖੀ ਰਾਮ ਦੇ ਘਰ ਦੀ ਦੇਹਲੀ ਪਾਰ ਕਰਦੇ ਹੋਏ ਉਹਦੇ ਵਿਹੜੇ ਵਿਚ ਆ ਕੇ ਰੁਕੇ। ਉਹਨਾਂ ਦੇ ਪੈਰੀਂ ਹੱਥ ਲਾਉਣ ਲਈ ਝੁਕਦਿਆਂ ਹੀ ਉਹਨੇ ਸੁਣਿਆ....

“ਬਈ ਆਦਿਤਯ ਏਹ ਕੀ, ਤੂੰ ਛੁੱਟੀਆਂ ਵਿਚ ਵੀ ਮਿਹਨਤ ਕਰਨੋਂ ਬਾਜ਼ ਨਹੀਂ ਆਉਂਦਾ। ਕੁਝ ਆਰਾਮ ਕਰ ਲੈਂਦਾ, ਕੁਝ ਮਨ ਪਰਚਾਵੇ ਲਈ ਮੌਜ ਮਸਤੀ ਕਰ ਲੈਂਦਾ। ਮੈਟ੍ਰਿਕ ਦਾ ਨਤੀਜਾ ਤਾਂ ਨਿਕਲਿਆ ਹੈ, ਪਰ ਕਾਲਜ ਵਿਚ ਦਾਖਲਾ ਲੈਣ ਵਿਚ ਅਜੇ 15 ਦਿਨ ਬਾਕੀ ਹਨ। ਆਖਿਰ ਤੂੰ ਕੀ ਕਰਨ



ਦਾ ਸੋਚਿਆ ਹੈ?”

“ਸਰ ਮੈਂ ਉਸੇ ਕੰਮ ਲਈ ਤੁਹਾਡੇ ਕੋਲ ਹਾਜ਼ਿਰ ਹੋਇਆ ਹਾਂ। ਤੁਹਾਨੂੰ ਤਾਂ ਪਤਾ ਹੈ, ਬਾਪੂ ਆਪਣੀ ਜਾਤ ਦੇ ਸਿਰਕੱਢ ਆਗੂ ਹਨ। ਬੇਸ਼ੱਕ ਸਮਾਜ ਉਨ੍ਹਾਂ ਨੂੰ ਦੋਸ਼ੀ ਸਮਝੇ, ਲੋਕ ਕਹਿੰਦੇ ਹਨ ਕਿ ਬਾਪੂ ਨੇ ਹੀ ਇਹ ਸਾਰਾ ਕੁਝ ਕਰਨ ਦੇ ਲਈ ਅੰਮਾ ਨੂੰ ਭੜਕਾਇਆ ਸੀ।”

“ਹੂੰ.... ਹੂੰ.....।”

“ਜੇਕਰ ਬਾਪੂ ਨੇ ਅਜਿਹਾ ਚਾਹਿਆ ਵੀ ਹੋਵੇ, ਤਾਂ ਵੀ ਮੇਰੀ ਮਾਂ ਨੇ ਤਾਂ ਆਪਣੀ ਜਾਨ ਗਵਾਈ।”

“ਹਾਂ, ਇਹ ਤਾਂ ਹੈ, ਜਿਹੜਾ ਕੁਝ ਹੋਇਆ ਉਹ ਨਹੀਂ ਹੋਣਾ ਚਾਹੀਦਾ ਸੀ। ਸੱਚ ਦਾ ਸਾਹਮਣਾ ਕਰਨਾ ਫੇਰ ਵੀ ਮੁਸ਼ਕਲ ਹੈ।” ਕਹਿੰਦੇ ਹੋਏ ਸੁਖੀ ਰਾਮ ਜੀ ਨੇ ਇਕ ਲੰਮਾ ਸਾਹ ਲਿਆ।

“ਪਰ ਜਿਹੜਾ ਕੁਝ ਹੋਇਆ ਸੋ ਹੋਇਆ, ਹੁਣ ਅੱਗੇ ਦੀਆਂ ਸਥਿਤੀਆਂ ਨੂੰ ਸੰਭਾਲਣਾ ਹੈ। ਤੁਸੀਂ ਕੋਈ ਵਿਚਾਲੇ ਦਾ ਰਾਹ....।”

“ਰਾਹ ਪੇਚੀਦਾ ਲਗਦਾ ਹੈ। ਸਾਰੇ ਤਹਿਸੀਲਦਾਰ, ਠੇਕੇਦਾਰ ਇਕਜੁੱਟ ਹੋ ਕੇ ਵਿਰੋਧ ’ਚ ਖੜ੍ਹੇ ਹਨ। ਉਨ੍ਹਾਂ ਦਾ ਸੋਚਣਾ ਹੈ ਕਿ ਬੰਧੂਆਂ ਦੀਆਂ ਔਰਤਾਂ ਜੇਕਰ ਇਸ ਤਰ੍ਹਾਂ ਫ਼ੈਸਲਾਕੁੰਨ ਵਾਗਡੋਰ ਆਪਣੇ ਹੱਥਾਂ ਵਿਚ ਲੈਣਗੀਆਂ ਤਾਂ ਕਿਸੇ ਦੀ ਵੀ ਇੱਜ਼ਤ ਨਹੀਂ ਬਚਣੀ।”

“ਇਹ ਉਨ੍ਹਾਂ ਦਾ ਵਿਚਾਰ ਹੈ, ਤੁਸੀਂ ਕੀ ਸੋਚਦੇ ਹੋ?” ਅਣਗਣਿਤ ਸਵਾਲ ਆਦਿਤਯ ਦੀਆਂ ਅੱਖਾਂ ਵਿਚ ਸਨ।

“ਹਾਂ, ਇਹ ਉਨ੍ਹਾਂ ਦਾ ਵਿਚਾਰ ਹੈ। ਉਹ ਸਮਾਜ ਦੇ ਸਥਾਪਿਤ ਥੰਮ੍ਹ ਹਨ। ਕੁਝ ਵੀ ਕਹਿ ਸਕਦੇ ਹਨ, ਕੁਝ ਵੀ ਕਰ ਸਕਦੇ ਹਨ। ਇਹ ਸਕੂਲ ਕਾਲਜ ਉਨ੍ਹਾਂ ਦੇ ਦਮ ’ਤੇ ਹੀ ਚਲ ਰਹੇ ਹਨ, ਇਸ ਸੱਚਾਈ ਨੂੰ ਵੀ ਨਕਾਰਿਆ ਨਹੀਂ ਜਾ ਸਕਦਾ।”

“ਪਰ ਆਪਣੀ ਇੱਜ਼ਤ ਦੇ ਬਚਾਅ ਲਈ ਔਰਤ ਜਾਤੀ ’ਤੇ ਕਲੰਕ ਲਾਉਣਾ ਵੀ ਠੀਕ ਨਹੀਂ? ਜੁਰਮ ਦੀ ਗੰਦਗੀ ਵਿਚ ਉਹ ਉਤਰਣ ਅਤੇ ਸਜ਼ਾ ਔਰਤ ਨੂੰ ਮਿਲੇ, ਕਿਉਂ?”

“ਸਮਾਜ ਦੇ ਰਸਮ ਰਿਵਾਜਾਂ ਨੂੰ ਬਣਾਉਣਾ-ਵਿਗਾੜਨਾ ਵੱਡੇ-ਵੱਡੇ ਚੌਧਰੀਆਂ ਦਾ ਕੰਮ ਹੈ, ਆਦਿਤਯ ਤੇਰਾ ਮੇਰਾ ਨਹੀਂ।”

“ਪਰ ਸਰ, ਕੋਈ ਤਾਂ ਉਨ੍ਹਾਂ ਨੂੰ ਇਹ ਅਹਿਸਾਸ ਕਰਾਉਣ ਵਾਲਾ ਹੋਵੇਗਾ ਕਿ ਔਰਤ ਘਰ ਦਾ ਮਾਣ, ਸਮਾਜ ਦੀ ਮਰਿਆਦਾ ਹੈ, ਫੇਰ ਚਾਹੇ ਉਹ ਕਿਸੇ ਵੀ ਜਾਤ ਦੀ ਹੋਵੇ। ਕੀ ਉਨ੍ਹਾਂ ਦੀ ਰੱਖਿਆ ਕਰਨਾ ਸਾਡੀ ਮਰਦ ਜਾਤ ਦਾ

ਧਰਮ ਨਹੀਂ ਹੈ ?"

"ਤੂੰ ਧਰਮ ਅਧਰਮ ਦੀਆਂ ਗੱਲਾਂ ਨੂੰ ਛੱਡ ਦੇ। ਇਹ ਗੱਲ ਉਨ੍ਹਾਂ ਨੂੰ ਕੌਣ ਸਮਝਾਵੇ ?" ਸੁਖੀ ਰਾਮ ਇਹ ਕਹਿੰਦਿਆਂ ਉਹਦੇ ਵੱਲ ਤੱਕਣ ਲੱਗੇ।

"ਲਗਦਾ ਹੈ ਮੈਨੂੰ ਹੀ ਕੁਝ ਕਰਨਾ ਪਊ ਸਰ। ਬੱਸ ਤੁਸੀਂ ਮੇਰੇ 'ਤੇ ਭਰੋਸਾ ਰੱਖਿਓ ਅਤੇ ਮੇਰਾ ਮਾਰਗ-ਦਰਸ਼ਨ ਕਰਦੇ ਜਾਇਓ!" ਕਹਿੰਦੇ ਹੋਏ ਆਦਿਤਯ ਨੇ ਸਕੂਲ ਮੁਖੀ ਸੁਖੀ ਰਾਮ ਦੇ ਮੂਹਰੇ ਆਪਣੀ ਤਜਵੀਜ਼ ਰੱਖੀ ਅਤੇ ਉਨ੍ਹਾਂ ਨੂੰ ਮੱਥਾ ਟੇਕਦੇ ਹੋਏ ਬਾਹਰ ਆ ਗਿਆ।

o

ਚਾਰ ਸਾਲ ਲੰਘ ਗਏ। ਕਾਲਜ ਵਿਚ ਦਾਖਲਾ ਨਾ ਮਿਲਣਾ ਸੀ ਨਾ ਮਿਲਿਆ ਪਰ ਆਦਿਤਯ ਨੇ ਹਿੰਮਤ ਨਹੀਂ ਹਾਰੀ। ਦਿਨ ਰਾਤ ਮਿਹਨਤ ਕਰਕੇ ਆਪਣੇ ਬਸਤੀ ਦੇ ਬੱਚਿਆਂ ਨੂੰ ਤਾਲੀਮ ਦੀ ਰੌਸ਼ਨੀ ਨਾਲ ਮੁਖ਼ਾਤਿਬ ਕੀਤਾ। ਉਨ੍ਹਾਂ ਨੂੰ ਪੜ੍ਹਨਾ ਲਿਖਣਾ ਸਿਖਾਉਣ ਦੀ ਕੋਸ਼ਿਸ਼ ਕੀਤੀ। ਜ਼ੁਲਮ ਦੇ ਮੂਹਰੇ ਬਗ਼ਾਵਤ ਦੀ ਆਵਾਜ਼ ਉੱਚੀ ਕੀਤੀ। ਇਸ ਕਦਰ ਕਿ ਕਿਸੇ ਵੀ ਘਰ ਜਾਂ ਘਰ ਦੇ ਬਾਹਰ ਦਾ ਕੂੜਾ ਉਠਾਉਣਾ ਤੇ ਸਾਫ਼ ਕਰਨਾ ਬੰਦ ਕਰ ਦਿੱਤਾ। ਪਿੰਡ ਵਿਚ ਹਲਚਲ ਮੱਚ ਗਈ। ਅੱਗ ਭੜਕੀ। ਇਸ ਹਲਚਲ ਵਿਚ ਔਰਤਾਂ ਦੀ ਆਗੂ ਰਹੀ 'ਸੁਜਾਤਾ', ਸਕੂਲ ਮੁਖੀ ਸੁਖੀ ਰਾਮ ਮਾਧਵਨ ਦੀ ਕੁੜੀ। ਉਹ ਆਦਿਤਯ ਦੇ ਹਾਣ ਦੀ ਸੀ, ਉਹਦੇ ਨਾਲ ਪੜ੍ਹਦੇ, ਉੱਠਦੇ ਬਹਿੰਦੇ, ਉਹਨੂੰ ਪਸੰਦ ਵੀ ਕਰਨ ਲੱਗੀ ਸੀ। ਇਹ ਗੱਲ ਸੁਖੀ ਰਾਮ ਤੋਂ ਵੀ ਲੁਕੀ ਨਹੀਂ ਸੀ। ਇਕ ਤਰ੍ਹਾਂ ਨਾਲ ਦੋ ਜਵਾਨ ਦਿਲਾਂ ਦੇ ਮਿਲਣ ਵਿਚ ਉਹਨਾਂ ਦੀ ਸਹਿਮਤੀ ਵੀ ਸ਼ਾਮਿਲ ਸੀ।

ਸਮਾਜ ਸੁਧਾਰ ਦੀ ਇਸ ਪਹਿਲ ਵਿਚ ਉਨ੍ਹਾਂ ਦਾ ਵੀ ਸੁਜਾਤਾ ਦੇ ਜ਼ਰੀਏ ਇਹੀ ਯੋਗਦਾਨ ਰਿਹਾ ਕਿ ਜਾਤ-ਪਾਤ ਦੇ ਭੇਦ ਨੂੰ ਰੱਦ ਕੀਤਾ ਜਾਵੇ। ਬਰਾਬਰ ਅਧਿਕਾਰਾਂ ਨਾਲ ਹੀ ਤਾਂ ਨੌਜਵਾਨ ਪੀੜ੍ਹੀ ਕੁਝ ਅੱਗੇ ਵਧ ਸਕੇਗੀ ਨਹੀਂ ਤਾਂ ਸਿੱਖਿਆ ਦਾ ਹੋਣਾ ਬੇਮਤਲਬ ਹੁੰਦਾ। ਸਮੱਸਿਆ ਹੋਵੇ ਅਤੇ ਹੱਲ ਨਾ ਹੋਵੇ ਤਾਂ ਕੋਸ਼ਿਸ਼ਾਂ ਬੇਬੁਨਿਆਦ ਹੋਣ ਲਗਦੀਆਂ ਹਨ। ਇਸ ਨਵੀਂ ਸਮੱਸਿਆ ਦਾ ਹੱਲ ਕੱਢਣ ਲਈ ਪੰਚਾਇਤ ਮੁਕੱਰਰ ਹੋਈ। ਮੰਗਲਵਾਰ ਦੇ ਦਿਨ ਪਿੰਡ ਦੇ ਬਾਹਰ ਮੰਦਰ ਦੇ ਸਾਹਮਣੇ ਭੀੜ ਇਕੱਠੀ ਹੋਈ। ਸਕੂਲ ਮੁਖੀ ਸੁਖੀ ਰਾਮ ਨੇ ਆਪਣੀ ਕੁੜੀ ਸੁਜਾਤਾ ਦਾ ਵਿਆਹ ਆਦਿਤਯ ਦੇ ਨਾਲ ਕਰਨ ਦਾ ਫ਼ੈਸਲਾ ਕਰ ਲਿਆ ਅਤੇ ਤੈਅ ਕੀਤੇ ਗਏ ਦਿਨ 'ਤੇ ਰਸਮਾਂ ਰਿਵਾਜਾਂ ਨਾਲ ਪੂਰਾ ਕੀਤਾ। ਸਕੂਲ ਮੁਖੀ ਸੁਖੀ ਰਾਮ ਦੇ ਸੱਦੇ 'ਤੇ ਪਿੰਡ ਦੇ ਕਈ ਮੰਨੇ ਪ੍ਰਮੰਨੇ ਵੱਡੇ ਰੁਤਬੇ ਵਾਲੇ ਲੋਕ ਇਕੱਠੇ ਹੋਏ। ਪਰ ਇਕ ਚੰਗੇ ਘਰਾਣੇ ਦੀ ਕੁੜੀ ਦਾ



ਵਿਆਹ ਇਕ ਅਛੂਤ ਜਾਤ ਦੇ ਮੁੰਡੇ ਨਾਲ ਹੁੰਦਾ ਦੇਖ ਕੇ ਪੁੱਠੇ ਪੈਰੀਂ ਹੀ ਪਿੰਡ ਮੁੜਨ ਲੱਗੇ। ਫੇਰ ਵੀ ਸਮਾਰੋਹ ਵਿਚ ਕੋਈ ਵਿਘਨ ਨਹੀਂ ਪਿਆ ਸਾਰੇ ਬਹੁਤ ਹੀ ਮਨ ਨਾਲ ਇਸ ਕੰਮ ਨੂੰ ਪੂਰਾ ਕਰਨ 'ਚ ਲੱਗੇ ਰਹੇ।

ਫੇਰ ਪੰਚਾਇਤ ਨੇ ਇਕਮਤ ਹੋ ਕੇ ਇਕ ਫ਼ੈਸਲਾ ਕੀਤਾ ਅਤੇ ਸਕੂਲ ਮੁਖੀ ਨੂੰ ਸੁਨੇਹਾ ਭੇਜਿਆ ਕਿ ਅਗਲੇ ਮੰਗਲਵਾਰ ਦੇ ਦਿਨ ਪੰਚਾਇਤ ਵਿਚ ਸੁਜਾਤਾ ਨੂੰ ਵੀ ਆਦਿਤਯ ਦੇ ਨਾਲ ਪਿੰਡ ਛੱਡਣ ਦਾ ਹੁਕਮ ਦਿੱਤਾ ਜਾਵੇਗਾ। ਮੰਗਲਵਾਰ ਦੇ ਦਿਨ ਪੰਚਾਇਤ ਦੇ ਪੰਚ ਪ੍ਰਮੇਸ਼ਵਰ ਅਤੇ ਉਨ੍ਹਾਂ ਦੇ ਚੇਲੇ ਅਤੇ ਤਮਾਸ਼ਾ ਦੇਖਣ ਵਾਲਿਆਂ ਭੀੜ ਇਕੱਠੀ ਸੀ। ਆਦਿਤਯ ਨੀਵੀਂ ਜਾਤ ਦਾ, ਸੁਜਾਤਾ ਇਕ ਹਿੰਦੂ ਪਰਿਵਾਰ ਦੀ ਪੜ੍ਹੀ ਲਿਖੀ ਸੱਭਿਅਕ ਕੁੜੀ। ਅਜਿਹੀ ਜਾਤ ਦੇ ਮੁੰਡੇ ਨਾਲ ਵਿਆਹ ਕਿਵੇਂ ਕਰ ਸਕਦੀ ਸੀ ? ਉਨ੍ਹਾਂ ਦੇ ਵਿਆਹ ਨਾਲ ਸਮਾਜ ਦੀ ਹਾਨੀ ਹੋਵੇ ਇਹ ਪੰਚਾਂ ਨੂੰ ਸਵੀਕਾਰ ਨਹੀਂ ਸੀ ਅਤੇ ਇਹੀ ਫ਼ੈਸਲਾ ਲੈ ਕੇ ਉਸ ਨਵ-ਵਿਆਹੁਤਾ ਜੋੜੇ ਨੂੰ ਪਿੰਡੋਂ ਬਾਹਰ ਨਿਕਲ ਜਾਣ ਦਾ ਹੁਕਮ ਦਿੱਤਾ ਗਿਆ। ਇਸ ਹੁਕਮ ਦੇ ਵਿਰੋਧ ਵਿਚ ਸੁਜਾਤਾ ਨੇ ਸਭਾ ਦੇ ਪੰਚਾਂ ਦੇ ਮੂਹਰੇ ਆਪਣੀ ਮਰਜ਼ੀ ਦਾ ਇਜ਼ਹਾਰ ਕਰਦੇ ਹੋਏ ਕਿਹਾ—"ਮੈਂ 18 ਸਾਲਾਂ ਦੀ ਬਾਲਗ ਪੜ੍ਹੀ ਲਿਖੀ ਕੁੜੀ ਹਾਂ। ਕਾਨੂੰਨ ਦੇ ਮੁਤਾਬਕ ਮੈਂ ਆਪਣਾ ਫ਼ੈਸਲਾ ਖ਼ੁਦ ਕਰਨ ਦੇ ਲਈ ਮੁਖ਼ਤਿਆਰ ਹਾਂ। ਇਹ ਮੇਰੀ ਮਰਜ਼ੀ ਹੈ ਕਿ ਮੈਂ ਆਦਿਤਯ ਦੇ ਨਾਲ ਵਿਆਹ ਕਰਾਂ। ਉਹ ਨੀਵੀਂ ਜਾਤ ਦਾ ਜ਼ਰੂਰ ਹੈ, ਪਰ ਉਹਦਾ ਕੰਮ ਉਹ ਨਹੀਂ ਹੈ। ਇਕ ਪੜ੍ਹਿਆ ਲਿਖਿਆ ਸੁਲਝਿਆ ਹੋਇਆ ਇਨਸਾਨ ਹੈ ਉਹ। ਜਿੰਨੀ ਸਮਝ ਅਤੇ ਸਲੀਕਾ ਉਸ ਵਿਚ ਹੈ, ਸ਼ਾਇਦ ਹੀ ਕਿਸੇ ਸ਼ਾਹੂਕਾਰ ਦੇ ਬੱਚੇ 'ਚ ਹੋਵੇ। ਮੈਂ ਆਪਣੀ ਇੱਛਾ ਨੂੰ ਉਹਦੇ ਮੂਹਰੇ ਰੱਖ ਕੇ ਉਹਨੂੰ ਅਤੇ ਆਪਣੇ ਪਿਤਾ ਨੂੰ ਮਨਾਇਆ। ਜੇਕਰ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਕਿਸੇ ਹੋਰ ਨੂੰ ਇਤਰਾਜ਼ ਕਿਉਂ ਹੋਣਾ ਚਾਹੀਦੈ ? ਹੁਣ ਧਰਮ ਗੀਤ ਤੋਂ, ਕਾਨੂੰਨ ਤੋਂ, ਅਸੀਂ ਦੋਵੇਂ ਪਤੀ ਪਤਨੀ ਹਾਂ। ਕਿਸੇ ਰਾਜਨੀਤੀ ਦਾ ਕੋਈ ਵੀ ਸ਼ਾਸਤਰ ਇਸ ਪਿੰਡ ਵਿਚ ਉਪਯੋਗ ਨਾ ਹੋਵੇ ਤਾਂ ਹੀ ਚੰਗਾ ਹੈ। ਇਹ ਸਾਡੇ ਦੋਵਾਂ ਦਾ ਫ਼ੈਸਲਾ ਹੈ ਕਿ ਅਸੀਂ ਇਸ ਪਿੰਡ ਵਿਚੋਂ ਬਾਹਰ ਨਹੀਂ ਜਾਵਾਂਗੇ। ਇਥੇ ਹੀ ਰਹਿ ਕੇ ਸਾਰਾ ਕੁਝ ਕਰਾਂਗੇ ਜਿਹੜਾ ਹੁਣ ਤਕ ਕਰਦੇ ਆ ਰਹੇ ਹਾਂ। ਤੁਹਾਡੀ ਜਾਤ, ਸਾਡੀ ਜਾਤ ਅਤੇ ਇਨ੍ਹਾਂ ਦੀ ਜਾਤ ਵਿਚ ਹੁਣ ਬਹੁਤਾ ਫ਼ਰਕ ਨਹੀਂ ਰਹਿ ਗਿਆ ਹੈ, ਇਹ ਤੁਸੀਂ ਸਾਰੇ ਜਾਣਦੇ ਹੋ। ਆਪਣੇ ਆਪਣੇ ਅੰਦਰ ਝਾਤੀ ਮਾਰ ਕੇ ਹਰ ਸਵਾਲ ਦਾ ਜਵਾਬ ਖ਼ੁਦ ਲੱਭੋ। ਇਹ ਜਾਤ—ਪਾਤ ਦੀ ਰਾਜਨੀਤੀ ਦਾ ਖੇਡ ਹੁਣ ਬੰਦ ਕਰੋ।"

ਸਰਪੰਚ ਨਿਰਉੱਤਰ! ਪੰਚ ਚੁੱਪ! ਫੇਰ ਵੀ ਆਦਿਤਯ ਦੇ ਵੱਲ ਦੇਖਦੇ

ਹੋਏ ਇਕ ਸਵਾਲ ਉਠਾਇਆ ਗਿਆ—"ਤੂੰ ਕੀ ਸਮਝ ਕੇ ਰਿਸ਼ਤਾ ਕਬੂਲ ਕੀਤਾ? ਕੀ ਤੈਨੂੰ ਆਪਣੀ ਜਾਤ ਯਾਦ ਨਹੀਂ ਰਹੀ ਜਾਂ ਸਾਰੀਆਂ ਸੀਮਾਵਾਂ ਨੂੰ ਤੋੜਨ ਦੀ ਜ਼ਿੱਦ ਫੜ ਲਈ ਸੀ?"

"ਯਾਦ ਸੀ ਸਰਪੰਚ ਸਾਬ੍ਹ! ਇਹ ਵੀ ਯਾਦ ਹੈ ਕਿ ਸਾਡੀ ਅਸਲੀ ਜਾਤ ਹੈ ਇਨਸਾਨੀਅਤ ਜਿਹੜੀ ਹਰ ਆਦਮੀ ਦੀ ਵਿਰਾਸਤ ਹੈ। ਮੈਂ ਪੜ੍ਹ ਲਿਖ ਕੇ ਆਪਣੀ ਜਾਤ ਨੂੰ ਇਸ ਗੰਦਗੀ ਤੋਂ ਮੁਕਤੀ ਦਿਵਾਉਣ ਦੇ ਲਈ ਹਮੇਸ਼ਾ ਹੀ ਕੁਝ ਕਰਨਾ ਚਾਹੁੰਦਾ ਸੀ। ਜਦੋਂ ਸੁਜਾਤਾ ਨੇ ਮੇਰੇ ਮੂਹਰੇ ਆਪਣੀ ਮਰਜ਼ੀ ਰੱਖੀ ਤਾਂ ਮੈਨੂੰ ਸੋਚਣ ਅਤੇ ਗ਼ੌਰ ਕਰਨ ਦਾ ਮੌਕਾ ਮਿਲਿਆ ਅਤੇ ਸਤਿਕਾਰਯੋਗ ਸਕੂਲ ਮੁਖੀ ਜੀ ਦੀ ਆਗਿਆ ਨਾਲ ਇਹ ਫ਼ੈਸਲਾ ਲਿਆ। ਹੁਣ ਮਰਿਆਦਾ ਵਿਚ ਰਹਿ ਕੇ ਸੁਜਾਤਾ ਦੇ ਨਾਲ ਸ਼ਾਸਤਰਾਂ ਅਨੁਸਾਰ ਵਿਆਹੁਤਾ ਬੰਧਨ ਵਿਚ ਬੰਨ੍ਹਿਆ ਗਿਆ ਹਾਂ। ਮੇਰੇ ਮਨ ਵਿਚ ਨਾ ਕੋਈ ਧੋਖਾ ਹੈ ਨਾ ਕੋਈ ਧੋਖਾਧੜੀ। ਹੈ ਤਾਂ ਸਿਰਫ਼ ਸਕੂਲ ਮੁਖੀ ਜੀ ਦੇ ਪਰਿਵਾਰ ਲਈ ਸਤਿਕਾਰ ਤੇ ਸਨਮਾਨ ਜਿਨ੍ਹਾਂ ਨੇ ਖੁੱਲ੍ਹੇ ਦਿਲ ਨਾਲ ਮੈਨੂੰ ਸਵੀਕਾਰਿਆ ਹੈ। ਇਹ ਸਾਡੀ ਜਾਤ ਲਈ ਮਾਣ ਦੀ ਗੱਲ ਹੈ। ਹੁਣ ਸੁਜਾਤਾ ਮੇਰੀ ਧਰਮਪਤਨੀ, ਸਾਡੇ ਘਰ ਦੀ ਗ੍ਰਹਿ-ਲੱਛਮੀ ਅਤੇ ਮਰਿਆਦਾ ਹੈ।" ਅਜਿਹਾ ਕਹਿ ਕੇ ਆਦਿਤਯ ਨੇ ਆਪਣੀ ਥਾਂ ਤੋਂ ਖੜ੍ਹਾ ਹੋ ਕੇ ਸੁਖੀ ਰਾਮ ਦੇ ਪੈਰੀਂ ਹੱਥ ਲਾ ਕੇ ਆਸ਼ੀਰਵਾਦ ਲਿਆ ਤੇ ਫੇਰ ਆਪਣੇ ਪਿਤਾ ਤੋਂ ਆਸ਼ੀਰਵਾਦ ਮਿਲਦੇ ਹੀ ਉਨ੍ਹਾਂ ਦੇ ਗਲ ਲਗ ਗਿਆ।

ਪੰਚਾਇਤ ਦੇ ਮੁਖੀ ਇਹ ਚਰਿਤਰ ਦੇਖ ਕੇ ਸੁੰਨ ਹੋ ਗਏ। ਹੁਣ ਸੁਜਾਤਾ ਦੇ ਪਿਤਾ ਨੇ ਉਠ ਕੇ ਪੰਚਾਂ ਵੱਲ ਰੁਖ਼ ਕਰਦੇ ਹੋਏ ਕਿਹਾ—"ਮੈਨੂੰ ਇਸ ਰਿਸ਼ਤੇ ਦੇ ਲਈ ਮੰਜ਼ੂਰੀ ਦੇਣ ਵਿਚ ਕੋਈ ਇਤਰਾਜ਼ ਨਹੀਂ ਸੀ। ਆਦਿਤਯ ਇਕ ਗੁਣੀ, ਸੰਸਕਾਰੀ ਅਤੇ ਸੁਲਝਿਆ ਹੋਇਆ ਸਭਿਅਕ, ਪੜ੍ਹਿਆ ਲਿਖਿਆ ਕਾਬਲ ਇਨਸਾਨ ਹੈ। ਹੁਣ ਤਾਂ ਉਹ ਮੇਰਾ ਜਵਾਈ ਅਤੇ ਸਾਡੀ ਬਿਰਾਦਰੀ ਦਾ ਮੈਂਬਰ ਬਣ ਗਿਆ ਹੈ। ਉਹ ਨੀਵਾਂ ਨਹੀਂ ਹੈ। ਮੇਰੀ ਬੇਟੀ ਦਾ ਸਨਮਾਨਯੋਗ ਪਤੀ ਹੈ। ਸਾਡੇ ਪਰਿਵਾਰ ਦਾ ਮੈਂਬਰ।"

ਪੰਚ ਅੱਖਾਂ ਫਾੜ ਫਾੜ ਕੇ ਸਕੂਲ ਮੁਖੀ ਸੁਖੀ ਰਾਮ ਦੇ ਵੱਲ ਦੇਖ ਰਹੇ ਸਨ। ਆਦਿਤਯ ਨੇ ਆਪਣੇ ਦੋਵੇਂ ਹੱਥ ਜੋੜ ਕੇ ਪੰਚਾਂ ਨੂੰ ਨਮਸਕਾਰ ਕਰਦੇ ਹੋਏ ਕਿਹਾ—"ਮੈਂ ਸਤਿਕਾਰਯੋਗ ਸੁਖੀ ਰਾਮ ਜੀ ਦਾ ਹਮੇਸ਼ਾ ਰਿਣੀ ਰਹਾਂਗਾ ਜਿਨ੍ਹਾਂ ਨੇ ਮੇਰਾ ਜੀਵਨ ਸੁਧਾਰਨ ਦੀ ਖ਼ਾਤਰ ਇਹ ਕਦਮ ਚੁੱਕਣ ਵਿਚ ਮੇਰਾ ਸਾਥ ਦਿੱਤਾ। ਜਾਤ-ਪਾਤ ਦੇ ਪੱਖਪਾਤ ਨੂੰ ਦੂਰ ਕਰਕੇ ਮੈਨੂੰ ਆਪਣੇ ਗਲ ਨਾਲ ਲਾਇਆ। ਆਪਣੀ ਬਿਰਾਦਰੀ ਵਿਚ ਸ਼ਾਮਿਲ ਕਰਕੇ ਮੇਰਾ ਅਤੇ ਮੇਰੀ ਜਾਤ ਵਾਲਿਆਂ ਦਾ ਮਾਣ ਵਧਾਇਆ ਹੈ। ਇਹ ਇਕ ਬੇਮਿਸਾਲ ਕਦਮ ਹੈ।



ਜਿਹੜਾ ਇਤਿਹਾਸ ਵਿਚ ਦਰਜ ਹੋਵੇਗਾ। ਤੁਹਾਡੇ ਮੂਹਰੇ ਵੀ ਮੇਰੀ ਹੱਥ ਜੋੜ ਕੇ ਇਹੀ ਬੇਨਤੀ ਹੈ ਕਿ ਤੁਸੀਂ ਵੀ ਇਸ ਮਹਾਨ ਯੱਗ ਵਿਚ ਆਪਣਾ ਆਸ਼ੀਰਵਾਦ ਦਿਓ। ਇਕ ਹੋਰ ਐਲਾਨ ਅੱਜ ਸਾਰਿਆਂ ਦੇ ਸਾਹਮਣੇ ਕਰ ਰਿਹਾ ਹਾਂ ਕਿ ਅੱਜ ਤੋਂ ਬਾਅਦ ਕੋਈ ਵੀ ਨੀਵੀਂ ਜਾਤ ਦਾ ਜਾਂ ਉਹਦੇ ਪਰਿਵਾਰ ਵਾਲੇ ਨਾ ਤੁਹਾਡੇ ਘਰਾਂ ਦੇ ਅੰਦਰ ਸਫ਼ਾਈ ਕਰਨਗੇ ਅਤੇ ਨਾ ਬਾਹਰ ਦਫ਼ਤਰ ਵਿਚ। ਸਾਰੇ ਆਪਣਾ ਆਪਣਾ ਕੰਮ ਖ਼ੁਦ ਕਰਨਗੇ ਤਾਂ ਕਿ ਉਚੀ ਨੀਵੀਂ ਜਾਤ ਦੇ ਫ਼ਾਸਲੇ ਘਟ ਕੇ ਮਿਟ ਜਾਣ। ਅਸੀਂ ਸਾਰੇ ਇਕੋ ਜਿਹੇ ਹਾਂ ਅਤੇ ਇਕੋ ਜਿਹੇ ਅਧਿਕਾਰ ਲੈ ਕੇ ਇਕ ਨਵੇਂ ਉਸਾਰੂ ਯੁੱਗ ਦਾ ਆਰੰਭ ਕਰਦੇ ਹਾਂ। ਤੁਸੀਂ ਮੈਨੂੰ ਅਪਣਾਇਆ ਹੈ ਇਸ ਦੇ ਲਈ ਤੁਹਾਨੂੰ ਸਾਰਿਆਂ ਨੂੰ ਇਕ ਵਾਰ ਫੇਰ ਪ੍ਰਣਾਮ ਕਰਦਾ ਹਾ।"

ਪੰਚਾਂ ਦੇ ਕੋਲ ਕਹਿਣ ਨੂੰ ਕੁਝ ਵੀ ਨਹੀਂ ਸੀ। ਆਪਣੇ ਕੱਪੜੇ ਝਟਕ ਕੇ ਖੜ੍ਹੇ ਹੋਏ ਅਤੇ ਆਪਣੀ ਆਪਣੀ ਹੰਕਾਰ ਦੀ ਗਠੜੀ ਆਪਣੇ ਸਿਰ 'ਤੇ ਚੁੱਕ ਕੇ ਚਲਦੇ ਬਣੇ।

ਆਦਿਤਯ ਨੇ ਆਪਣੇ ਸਹੁਰੇ ਸੁਖੀ ਰਾਮ ਦੇ ਪੈਰੀਂ ਹੱਥ ਲਾ ਕੇ ਆਸ਼ੀਰਵਾਦ ਲਿਆ ਅਤੇ ਸੁਜਾਤਾ ਨੇ ਆਦਿਤਯ ਦੇ ਪਿਤਾ ਦੇ ਪੈਰੀਂ ਹੱਥ ਲਾ ਕੇ 'ਸੁਖੀ ਰਹੋ' ਦਾ ਆਸ਼ੀਰਵਾਦ ਲਿਆ।

o

ਇਹ ਇੱਕ ਮਿਸਾਲ ਸੀ ਜਿਹੜੀ ਸਮਾਜ ਦੇ ਵਿਚਾਲੇ ਫੈਲਦੀ ਭੇਦਭਾਵ ਦੀਆਂ ਕੰਧਾਂ ਵਿਚਲੀਆਂ ਦਰਾੜਾਂ ਨੂੰ ਭਰਨ ਵਿਚ ਕਾਮਯਾਬ ਰਹੀ। ਜਾਤ ਦੀ ਪਛਾਣ ਦੇ 'ਮੁਖੌਟੇ' ਕਿੰਨੇ ਸਿਰਾਂ 'ਤੇ ਚੜ੍ਹੇ ਅਤੇ ਕਿੰਨਿਆਂ ਦੇ ਸਿਰਾਂ ਤੋਂ ਉਤਰੇ। ਆਖ਼ਿਰ ਸਾਰੇ ਆਪਸ ਵਿਚ ਦੁੱਧ ਸ਼ੱਕਰ ਦੀ ਤਰ੍ਹਾਂ ਘੁਲ ਜਾਣਗੇ, ਇਸ ਗੱਲ ਦੀ ਖ਼ੁਸ਼ਬੂ ਹਵਾਵਾਂ ਨੂੰ ਮਸਤ ਕਰਦੀ ਰਹੀ। ਨੌਜਵਾਨ ਪੀੜ੍ਹੀ ਦੇ ਨਾਲ ਇੱਕ ਨਵੇਂ ਯੁੱਗ ਦਾ ਆਰੰਭ ਹੋਇਆ ਜਿਹਦਾ ਜਸ਼ਨ ਮਨਾਉਣਾ ਜ਼ਰੂਰੀ ਹੈ। ਤਾਂ ਚੱਲੋ ਸ਼ਾਮਿਲ ਹੁੰਦੇ ਹਾਂ ਇਸ ਮਹਿਫ਼ਲ ਵਿਚ, ਕਿਉਂਕਿ ਮੌਕਾ ਵੀ ਹੈ, ਮੇਲ ਵੀ ਹੈ, ਤਾਂ ਆਓ ਤੁਹਾਡਾ ਸਵਾਗਤ ਹੈ।

—o—

# ਗੁਆਚੀ ਹੋਈ ਪਛਾਣ

ਮੈਨੂੰ ਆਪਣੇ ਘਰ ਜਾਣ ਦੀ ਜ਼ਰੂਰਤ ਹੈ, ਇਸ ਤੋਂ ਪਹਿਲਾਂ ਕਿ ਮੈਂ ਭੁੱਲ ਜਾਵਾਂ ਕਿ ਮੈਂ ਕੌਣ ਹਾਂ, ਕਿੱਥੋਂ ਆਈ ਹਾਂ ਅਤੇ ਜਾਣਾ ਕਿੱਥੇ ਹੈ? ਉਹ ਵੀ ਪਤਾ ਨਹੀਂ ਕਿੱਥੇ ਗੁਆਚ ਗਏ, ਜਿਹੜੇ ਮੇਰੀ ਪਛਾਣ ਦਾ ਕਾਰਨ ਸਨ। ਮੇਰਾ ਮਤਲਬ ਮੇਰੇ ਮਾਤਾ ਪਿਤਾ ਤੋਂ ਹੈ। ਹਰ ਕਿਸੇ ਦੇ ਜਨਮਦਾਤਾ ਜ਼ਿੰਦਗੀ ਦੇ ਉਸ ਪਾਰ ਦੀ ਕਿਸੇ ਹੋਰ ਦੁਨੀਆਂ ਵਿਚ ਗੁੰਮ ਹੋ ਜਾਂਦੇ ਹਨ। ਇਕ ਇਨਸਾਨ ਨੂੰ ਗੁੰਮ ਹੋਣ ਵਿਚ ਸਮਾਂ ਹੀ ਕਿੰਨਾ ਲਗਦਾ ਹੈ?

ਪਿਤਾ ਦੇ ਮਗਰੋਂ ਮਾਂ ਵੀ ਚਲੀ ਗਈ, ਪਤਾ ਨਹੀਂ ਕਿਹੜੇ ਦੇਸ਼ ਅਤੇ ਯਕੀਨਨ ਮੈਂ ਵੀ ਉਥੇ ਜਾਣਾ ਹੈ, ਉਸੇ ਘਰ ਜਾਣਾ ਹੈ। ਉਨ੍ਹਾਂ ਸਾਰਿਆਂ ਨੂੰ ਛੱਡ ਕੇ ਜਾਣਾ ਹੈ ਜਿਨ੍ਹਾਂ ਦੀ ਮੈਂ ਕਦੇ ਪ੍ਰਵਾਹ ਕੀਤੀ, ਜਿਨ੍ਹਾਂ ਨੂੰ ਚਾਹਿਆ, ਜਿਨ੍ਹਾਂ ਨੂੰ ਪਿਆਰ ਕੀਤਾ, ਪਰ ਕਿੱਥੇ, ਨਹੀਂ ਜਾਣਦੀ?

ਮਾਂ ਦੀ ਮੌਤ ਤੋਂ ਬਾਅਦ ਉਸੇ ਪਿਆਰ ਨੂੰ ਪ੍ਰਵਾਨ ਚੜ੍ਹਾਇਆ ਮੇਰੀ ਚਾਚੀ ਨੇ। ਚਾਚਾ ਹੁਣ ਨਹੀਂ ਰਹੇ। ਚਾਚੀ ਤਾਂ ਇਕ ਦੂਜੇ ਘਰ ਦੀ ਕੁੜੀ ਸੀ ਜਿਹੜੀ ਵਿਆਹ ਕੇ ਇਸ ਘਰ ਵਿਚ ਲਿਆਂਦੀ ਗਈ। ਉਦੋਂ ਮੈਂ ਬਹੁਤ ਛੋਟੀ ਸੀ। ਘਰ ਵਿਚ ਹੰਗਾਮਾ ਮੱਚਿਆ ਸੀ, ਸ਼ੋਰ ਸ਼ਰਾਬਾ ਸਿਖ਼ਰ ਤੇ ਸੀ। ਚਾਰੇ ਪਾਸੇ ਵਿਆਹ ਦੀਆਂ ਰਸਮਾਂ ਸਨ, ਮੈਂ ਜਿਵੇਂ ਉਸ ਭੀੜ ਵਿਚ ਗੁਆਚ ਜਿਹੀ ਗਈ। ਮਾਂ ਨੇ ਕਿਹਾ ਸੀ—ਮੁੰਨੀ ਅੱਜ ਨਵੇਂ ਕੱਪੜੇ ਪਾਵੇਗੀ, ਨੱਚੇਗੀ, ਗਾਵੇਗੀ, ਖੁਸ਼ੀਆਂ ਮਨਾਵੇਗੀ। ਉਹ ਸਭ ਕੀਤਾ ਜਿਹੜਾ ਮਾਂ ਨੇ ਕਿਹਾ ਸੀ ਕਿਉਂਕਿ ਚਾਚੇ ਦਾ ਚਾਚੀ ਨਾਲ ਵਿਆਹ ਹੋ ਰਿਹਾ ਸੀ। ਪਰਿਵਾਰ ਵਿਚ ਇਕ ਮੈਂਬਰ ਦਾ ਵਾਧਾ ਹੋਣ ਜਾ ਰਿਹਾ ਸੀ। ਇਸੇ ਪਰਿਵਾਰਕ ਸੰਸਥਾ ਵਿਚ ਮੈਂ ਦੇਖਦੇ ਹੀ ਦੇਖਦੇ ਵੱਡੀ ਤੋਂ ਹੋਰ ਵੱਡੀ ਹੁੰਦੀ ਗਈ। ਬਹੁਤ ਕੁਝ ਸਮਝਦੀ ਰਹੀ ਅਤੇ ਫੇਰ ਅਚਾਨਕ ਪਰਿਵਾਰ ਸੁੰਗੜਨ ਜਿਹਾ ਲੱਗਿਆ। ਪਿਤਾ ਦੇ ਮਗਰੋਂ ਮਾਂ, ਮਾਂ ਦੇ ਬਾਅਦ ਚਾਚਾ, ਬਸ ਇਕ ਇਕ ਕਰਕੇ ਚਲੇ ਗਏ। ਪਰਿਵਾਰ ਵਿਚ ਬਚੇ ਸਨ ਦੋ ਮੈਂਬਰ, ਮੈਂ ਅਤੇ ਚਾਚੀ।

ਚਾਚੀ ਮੇਰੀ ਮਾਂ ਤਾਂ ਨਹੀਂ ਬਣ ਸਕੀ ਪਰ ਮਤਰੇਈ ਵਰਗਾ ਕੋਈ ਕੌੜਾ ਵਿਵਹਾਰ ਵੀ ਨਹੀਂ ਸੀ ਕਰਦੀ। ਮੇਰੀ ਖ਼ੈਰ ਖ਼ਬਰ ਰੱਖਦੀ, ਮੇਰੀਆਂ ਜ਼ਰੂਰਤਾਂ



ਦਾ ਖਿਆਲ ਰੱਖਦੀ। ਕਿਵੇਂ ਨਾ ਰੱਖਦੀ? ਸਾਰਾ ਕੁਝ ਤਾਂ ਉਸਦੇ ਹੀ ਹੱਥ ਵਿਚ ਸੀ। ਹਵੇਲੀ ਦਾ ਉਹ ਹਿੱਸਾ ਜਿਹੜਾ ਪਿਤਾ ਜੀ ਤੇ ਚਾਚਾ ਦੇ ਨਾਂ 'ਤੇ ਸੀ, ਇਹ ਘਰ, ਚੁੱਲ੍ਹਾ ਚੌਕਾ ਸਭ ਕੁਝ ਹੁਣ ਉਹਦੇ ਕੰਟਰੋਲ ਵਿਚ ਸੀ ਅਤੇ ਇਕ ਤਰ੍ਹਾਂ ਨਾਲ ਮੈਂ ਵੀ। ਮੇਰੇ ਵੱਡੀ ਹੋਣ ਦੇ ਨਾਲ ਨਾਲ ਪਾਬੰਦੀਆਂ ਦੀ ਲਿਸਟ ਵੀ ਵੱਡੀ ਹੁੰਦੀ ਗਈ।

"ਨੀਂ ਆਥਣ ਹੋਣ ਤੋਂ ਪਹਿਲਾਂ ਘਰੇ ਆ ਜਾਣਾ, ਜ਼ਿਆਦਾ ਲੇਟ ਨਾ ਹੋਈਂ।" ਦੇਹਲੀ ਪਾਰ ਕਰਨ ਤੋਂ ਪਹਿਲਾਂ ਉਹਦੇ ਹੁਕਮਨਾਮੇ ਦੀ ਪੈਰਵੀ ਦਾ ਸੰਦੇਸ਼ ਆਉਂਦਾ। ਮੇਰੇ ਲਈ ਹਿਦਾਇਤ 'ਤੇ ਹਿਦਾਇਤ ਦੀਆਂ ਖਿੱਚੀਆਂ ਹੋਈਆਂ ਲਛਮਣ ਰੇਖਾਵਾਂ, ਕਿਸੇ ਵੀ ਤਰ੍ਹਾਂ ਉਸ ਲਛਮਣ ਰੇਖਾ ਨਾਲੋਂ ਛੋਟੀਆਂ ਨਹੀਂ ਸਨ, ਜਿਹੜੀ ਰੇਖਾ ਲਛਮਣ ਜੀ ਨੇ ਸੀਤਾ ਮਾਤਾ ਦੇ ਲਈ ਖਿੱਚੀ ਸੀ।

ਪਤਾ ਨਹੀਂ ਮੈਂ ਉਨ੍ਹਾਂ ਹਿਦਾਇਤਾਂ 'ਤੇ ਖ਼ਰੀ ਉਤਰਦੀ ਸੀ ਜਾਂ ਨਹੀਂ, ਪਰ ਮੈਨੂੰ ਇਕ ਸੁੰਗੜਨ ਦਾ ਅਹਿਸਾਸ ਜ਼ਰੂਰ ਹੋਣ ਲੱਗਿਆ। ਲੱਗਿਆ ਮੇਰੀ ਜ਼ਿੰਦਗੀ ਦਾ ਰਾਹ ਹੀ ਤੰਗ ਹੁੰਦਾ ਜਾ ਰਿਹਾ ਸੀ। ਘਰ ਦੀ ਛੱਤ ਤਾਂ ਸੀ, ਪਰ ਖੁੱਲ੍ਹਾ ਅਸਮਾਨ ਨਹੀਂ ਸੀ। ਉਸ ਦੀ ਘਾਟ ਮਨ ਦੇ ਅੰਦਰ ਕਿਤੇ ਨਾ ਕਿਤੇ ਕਿੱਲ੍ਹ ਦੇ ਵਾਗੂੰ ਚੁਭਦੀ ਰਹਿੰਦੀ। ਕਿਵੇਂ ਪੂਰਾ ਹੋਵੇ ਇਹ ਸੁਪਨਾ? ਆਪਣੇ ਸਾਰੇ ਤਾਂ ਮੈਨੂੰ ਛੱਡ ਗਏ, ਜਾਂਦੇ ਹੋਏ ਕੁਝ ਸੋਚਿਆ ਹੀ ਨਹੀਂ ਮੇਰੇ ਬਾਰੇ ਵਿਚ, ਨਾ ਮੇਰੇ ਲਈ ਕੁਝ ਕਰਨ ਦੇ ਬਾਰੇ ਵਿਚ ਜਾਂ ਸਮੇਂ ਨੇ ਉਨ੍ਹਾਂ ਨੂੰ ਮੌਕਾ ਦਿੱਤਾ। ਸਮੇਂ ਦੇ ਸ਼ਿਕੰਜੇ ਵਿਚ ਜ਼ਿੰਦਗੀ ਜਿਊਣਾ ਸ਼ਾਇਦ ਇਨਸਾਨ ਦੀ ਮਜਬੂਰੀ ਹੈ।

"ਕਿਥੋਂ ਆ ਰਹੀ ਐਂ? ਕੁਝ ਦੱਸ ਕੇ ਵੀ ਤਾਂ ਨਹੀਂ ਜਾਂਦੀ। ਜਦੋਂ ਜੀਅ ਕੀਤਾ ਤੁਰ ਜਾਨੀ ਐਂ ਅਤੇ ਜਦੋਂ ਜੀਅ ਕੀਤਾ ਮੁੜ ਆਉਂਨੀ ਐਂ।" ਚਾਚੀ ਨੇ ਭੜਕਦੇ ਹੋਏ ਕਿਹਾ।

"ਸਹੇਲੀ ਦੇ ਕੋਲ ਗਈ ਸੀ, ਦੱਸ ਕੇ ਤਾਂ ਗਈ ਸੀ।"

"ਆਉਣ ਦਾ ਤਾਂ ਦੱਸ ਕੇ ਨਹੀਂ ਗਈ। ਚਾਚੀ ਦੇ ਕੋਲ ਕੁਝ ਸਮਾਂ ਬਹਿ ਕੇ ਹੀ ਅੱਕ ਜਾਨੀ ਐਂ ਅਤੇ ਮੈਂ ਹਾਂ ਜਿਹੜੀ ਸਾਰਾ ਟੈਮ੍ਹ ਤੇਰੀ ਫ਼ਿਕਰ ਵਿਚ ਸੜਦੀ ਰਹਿੰਦੀ ਹਾਂ। ਜੀਜੀ ਹੁੰਦੀ ਤਾਂ ਚਿੰਤਾ ਦਾ ਇਹ ਭਾਰ ਮੇਰੇ ਸਿਰ ਤਾਂ ਨਾ ਪੈਂਦਾ।"

ਮੈਂ ਕੁਝ ਰੁਕ ਕੇ ਸੋਚਦੀ ਰਹੀ ਇਹ ਕਿਹੜੀ ਚਿੰਤਾ ਦੀ ਗੱਲ ਹੋ ਰਹੀ ਹੈ?

"ਚਾਚੀ ਕਿਹੜੀ ਚਿੰਤਾ ਦੀ ਗੱਲ ਕਰ ਰਹੀ ਐਂ?"

"ਨੀਂ ਉਹੀਓ ਜਿਹੜੀ ਇਕ ਕੁੜੀ ਦੇ ਵੱਡਾ ਹੋਣ ਤੇ ਹਰ ਮਾਂ ਬਾਪ ਨੂੰ ਸੋਚਣ ਤੇ ਮਜਬੂਰ ਕਰ ਦਿੰਦੀ ਹੈ। ਅੱਜ ਜੀਜੀ ਅਤੇ ਭਾਈ ਸਾਬ੍ਹ ਹੁੰਦੇ ਤਾਂ ਮੈਂ ਕਿਉਂ ਸਿਰਦਰਦ ਮੁੱਲ ਲੈਂਦੀ? ਕਿਉਂ ਤੇਰੇ ਵਿਆਹ ਬਾਰੇ ਸੋਚਦੀ? ਪਰ ਵਾਗਰੂ

ਨੇ ਮੇਰੀ ਮੁਸ਼ਕਲ ਸੌਖੀ ਕਰ ਦਿੱਤੀ। ਅੱਜ ਖੁਸ਼ੀਆਂ ਦਾ ਦਰਵਾਜ਼ਾ ਖੁੱਲ੍ਹਿਆ ਹੈ। ਘਰ ਵਿਚ ਅੱਜ ਫੇਰ ਤੋਂ ਹੰਗਾਮਾ ਹੋਵੇਗਾ, ਸ਼ੋਰ ਸ਼ਰਾਬਾ ਹੋਵੇਗਾ। ਖੁਸ਼ੀਆਂ ਨੱਚਣਗੀਆਂ, ਜ਼ਿੰਦਗੀ ਦਾ ਬਾਗ ਮਹਿਕੇਗਾ!" ਅਤੇ ਚਾਚੀ ਨੇ ਜਿਵੇਂ ਦੋਵੇਂ ਹੱਥ ਮੇਰੇ ਤੋਂ ਵਾਰਦੇ ਹੋਏ ਆਪਣੀ ਕਿਸੇ ਮਨਚਾਹੀ ਖੁਸ਼ੀ ਦਾ ਇਜ਼ਹਾਰ ਕੀਤਾ।

ਸੋਚ ਦੀਆਂ ਘੁੰਮਣਘੇਰੀਆਂ ਵਿਚ ਫਸੀ ਮੇਰੀ ਅਕਲ ਨੂੰ ਕੁਝ ਸਮਝ ਨਾ ਆਇਆ।

"ਲੈ ਖੜ੍ਹੀ-ਖੜ੍ਹੀ ਕੀ ਸੋਚਦੀ ਐਂ, ਚੱਲ ਆ ਮੇਰੇ ਨਾਲ..." ਇਹ ਕਹਿੰਦੇ ਹੋਏ ਚਾਚੀ ਮੈਨੂੰ ਅਪਣੱਤ ਦੇ ਧਾਗਿਆਂ ਨਾਲ ਖਿਚਦੀ ਹੋਈ ਉਸ ਉੱਭਲਚਿੱਤੀ 'ਚ ਘੁੰਮਦੀ ਨੂੰ ਅੰਦਰ ਵੱਡੀ ਸਬ੍ਹਾਤ ਵਿਚ ਲੈ ਆਈ।

"ਏਹ ਲੈ ਸ਼ਗਨ ਆਇਆ ਹੈ, ਤੇਰੀ ਮੰਗਣੀ ਤੇ ਵਿਆਹ ਦਾ।"

"ਕੀ?" ਮੈਨੂੰ ਜਿਵੇਂ ਕਿਸੇ ਜ਼ਹਿਰਲੇ ਬਿੱਛੂ ਨੇ ਡੰਗ ਮਾਰਿਆ ਹੋਵੇ।

"ਹਾਂ ਮੁੰਡੇ ਵਾਲੇ ਇਕ ਮਹੀਨੇ ਤੋਂ ਮਗਰ ਪਏ ਹੋਏ ਸਨ। ਵਿਆਹ ਤਾਂ ਤੇਰਾ ਕਿਤੇ ਨਾ ਕਿਤੇ ਤੈਅ ਕਰਨਾ ਹੀ ਸੀ। ਇਹ ਲੋਕ ਵੀ ਲਗਾਤਾਰ ਮਿੰਨਤ ਵੀ ਕਰਦੇ ਰਹੇ ਅਤੇ ਅੱਜ ਸ਼ਗਨ ਲੈ ਕੇ ਹੀ ਆ ਗਏ ਕਿ ਹੁਣ ਤੋਂ, ਹੁਣੇ ਹੀ ਰੂਪਾ ਸਾਡੀ ਹੈ, ਸਾਡੇ ਵਿਹੜੇ ਦੀ ਰੌਣਕ ਹੈ।"

"ਕੌਣ ਨੇ ਇਹ ਲੋਕ ਚਾਚੀ?" ਹੈਰਾਨੀ ਨਾਲ ਮੂਹਰੇ ਰੱਖੇ ਹੋਏ ਸ਼ੀਸ਼ੇ ਵਿਚ ਆਪਣੇ ਅਤੇ ਚਾਚੀ ਦੇ ਅਕਸ ਨੂੰ ਦੇਖਦੇ ਹੋਏ ਮੈਂ ਪੁੱਛ ਲਿਆ।

"ਕਮਲੀ ਨਾ ਹੋਵੇ, ਹੋਰ ਕੌਣ! ਇਹੀ ਤਾਂ ਮੁੰਡੇ ਵਾਲੇ ਹਨ, ਕਿਹੜਾ ਕੋਈ ਬਾਹਰਲੇ ਹਨ, ਆਪਣੇ ਹੀ ਰਿਸ਼ਤੇਦਾਰ ਹਨ। ਉਹੀ ਦਿਲਗੀਰ ਅਤੇ ਉਹਦੇ ਘਰ ਵਾਲੇ। ਹੁਣ ਤੇਰਾ ਘਰ ਵਸਣ ਵਾਲਾ ਹੈ, ਤੂੰ ਹੋਵੇਂਗੀ, ਤੇਰਾ ਘਰਵਾਲਾ ਹੋਵੇਗਾ ਅਤੇ ਫਿਰ ਨਵੀਂ ਗ੍ਰਹਿਸਥੀ ਦੀ ਸ਼ੁਰੂਆਤ ਹੋਵੇਗੀ। ਇਹੀ ਤਾਂ ਹਰ ਇਕ ਕੁੜੀ ਦੀ ਜ਼ਿੰਦਗੀ ਦਾ ਇਕ ਅਜਿਹਾ ਹਿੱਸਾ ਹੁੰਦਾ ਹੈ ਜਦੋਂ ਉਹ ਕੁੜੀ ਤੋਂ ਇਕ ਸੁਆਣੀ ਬਣ ਜਾਂਦੀ ਹੈ, ਘਰ ਦੀ ਮਾਲਕਣ ਹੋ ਕੇ ਆਪਣੇ ਘਰ ਪਰਿਵਾਰ ਨੂੰ ਅੱਗੇ ਵਧਾਉਂਦੀ ਹੈ।"

ਮੈਂ ਅਤੇ ਮੇਰਾ ਘਰ ਪਰਿਵਾਰ ਇਕ ਸੁਪਨਾ ਜਿਹਾ ਲੱਗਿਆ। ਦਿਲ ਤਾਂ ਚਾਹੁੰਦਾ ਸੀ ਕਿ ਚੀਕ ਚੀਕ ਕੇ ਆਖਾਂ- 'ਤੁਹਾਡੇ ਵਿਆਹ ਤੋਂ ਮਗਰੋਂ ਤਾਂ ਸਾਡੇ ਘਰ ਵਿਚ ਕੋਈ ਵਾਧਾ ਨਹੀਂ ਹੋਇਆ... ਸਗੋਂ ਸਾਰੇ ਗੁਆਚ ਗਏ ਹਨ, ਬਾਕੀ ਬਚੀ ਹਾਂ ਮੈਂ, ਉਹਨੂੰ ਵੀ ਤੂੰ ਆਪਣੇ ਸਵਾਰਥ ਦੀ ਸੂਲ਼ੀ ਤੇ ਲਟਕਾਉਣਾ ਚਾਹੁੰਦੀ ਹੈਂ। ਚਾਚੀ, ਕਿਉਂ ਮੈਨੂੰ ਆਪਣੇ ਹੀ ਘਰ ਵਿਚ ਆਪਣੇ ਨਾਲ ਕੁਝ ਸਮਾਂ ਬਿਤਾਉਣ ਦੀ ਮੁਹਲਤ ਨਹੀਂ।' ਪਰ ਕਹਿ ਨਾ ਸਕੀ। ਇਹ ਚੀਕਣ



ਕੂਕਣ ਦਾ ਸਮਾਂ ਨਹੀਂ ਸੀ, ਪਰ ਹੋਸ਼ ਵਿਚ ਰਹਿ ਕੇ ਕੁਝ ਕਰਨ ਦਾ ਸਮਾਂ ਸੀ।

"ਕਿੱਧਰ ਗੁਆਚ ਗਈ? ਜਾ ਛੇਤੀ ਨਾਲ ਹੱਥ ਮੂੰਹ ਧੋ ਕੇ ਕੋਈ ਸੋਹਣਾ ਜਿਹਾ ਸੂਟ ਪਾ ਲੈ। ਮੈਂ ਉਦੋਂ ਤਕ ਰਸੋਈ ਵਿਚ ਕੁਝ ਨਾਸ਼ਤੇ ਦੀ ਤਿਆਰੀ ਕਰਦੀ ਹਾਂ।" ਇਹ ਕਹਿ ਕੇ ਚਾਚੀ ਰਸੋਈ ਘਰ ਵੱਲ ਗਈ ਅਤੇ ਮੈਂ ਮਸੋਸਿਆ ਜਿਹਾ ਮੂੰਹ ਲੈ ਕੇ ਗ਼ੁਸਲਖ਼ਾਨੇ ਦੇ ਵਲ ਵਧੀ। ਮੇਰੀ ਸੋਚ ਨੂੰ ਸਮਝ ਤਕ ਪਹੁੰਚਣ ਵਿਚ, ਪਤਾ ਨੀਂ ਰਾਹ ਵਿਚੋਂ ਹੋਰ ਕਿੰਨੇ ਅੜਿੱਕੇ ਪਾਰ ਕਰਨੇ ਸਨ।

ਮੂੰਹ ਧੋਂਦੇ ਹੋਏ ਮੈਂ ਦਿਲ ਅਤੇ ਦਿਮਾਗ਼ ਨਾਲ ਤਕਰਾਰ ਕਰਦੇ ਮਹਿਸੂਸ ਕੀਤਾ। ਮੈਂ ਖੁਦ ਆਪਣੀ ਹੋਣ ਤੋਂ ਪਹਿਲਾਂ ਕਿਸੇ ਹੋਰ ਦੀ ਕਿਵੇਂ ਹੋ ਗਈ? ਇਹ ਕਿਹੋ ਜਿਹੀ ਸਾਜ਼ਿਸ਼ ਹੈ? ਇਹ ਕਿਹੋ ਜਿਹੀ ਰਿਵਾਇਤ ਹੈ ਕਿ ਬਿਨਾ ਕਿਸੇ ਗੱਲ ਦੇ, ਸਲਾਹ ਮਸ਼ਵਰੇ ਦੇ ਕਿਸੇ ਹੋਰ ਦੀ ਹੋ ਗਈ, ਜਿਵੇਂ ਮੇਰਾ ਕੋਈ ਵਜੂਦ ਨਹੀਂ ਹੈ। ਅੰਦਰਲੀ ਚੁੱਪ ਵਿਚ ਕੁਝ ਕੰਬਿਆ।

ਯਕੀਨਨ ਹੀ ਹੁਣ ਸੋਚਣ ਦਾ ਨਹੀਂ, ਅਕਲ ਤੋਂ ਕੰਮ ਲੈਣ ਦਾ ਸਮਾਂ ਆਇਆ ਸੀ। ਚਾਚੀ ਦੇ ਫੁੱਫੜ ਦੇ ਇਕਲੌਤੇ ਤੇ ਬਦਮਾਸ਼, ਵਿਗੜੇ ਹੋਏ ਮੁੰਡੇ ਦਿਲਗੀਰ ਦੇ ਨਾਲ ਮੇਰਾ ਪੱਲਾ ਬੰਨ੍ਹਣ ਦੀ ਇਹ ਸਾਜ਼ਿਸ਼ ਸੀ। ਉਹੀ ਦਿਲਗੀਰ, ਇਕ ਨਾਮੀ ਗੁੰਡਾ, ਜਿਹੜਾ ਮੰਡੀਰ ਦੇ ਨਾਲ ਸਾਰਾ ਦਿਨ ਆਵਾਰਾਗਰਦੀ ਕਰਦਾ, ਕੁੜੀਆਂ ਨੂੰ ਪ੍ਰੇਸ਼ਾਨ ਕਰਨਾ, ਬਸਤੀ ਵਿਚ ਲੋਕਾਂ ਦਾ ਜਿਊਣਾ ਹਰਾਮ ਕਰਦਾ ਆ ਰਿਹਾ ਸੀ। ਜਿਹਦੇ ਨਾਮ ਲੈਣ 'ਤੇ ਲੋਕ ਉਹਦੇ ਮਰਨ ਦੀਆਂ ਮੰਨਤਾਂ ਮੰਗਦੇ। ਉਹਦੇ ਨਾਲ ਜ਼ਿੰਦਗੀ ਕੱਟਣੀ ਬਹੁਤ ਔਖੀ ਹੋਵੇਗੀ।

ਮੈਨੂੰ ਆਪਣੇ ਲਈ ਕੁਝ ਤਾਂ ਕਰਨਾ ਹੋਵੇਗਾ। ਮੇਰਾ ਖ਼ੁਦ 'ਤੇ ਅਖ਼ਤਿਆਰ ਹੈ। ਅਜੇ ਮੈਂ ਏਨੀ ਵੀ ਬੇਬਸ ਨਹੀਂ ਹਾਂ ਕਿ ਆਪਣੇ ਲਈ, ਆਪਣੇ ਬਚਾਅ ਦੇ ਲਈ ਕੁਝ ਨਾ ਕਰ ਸਕਾਂ। ਹੁਣ ਮੈਨੂੰ ਘਰ ਨਹੀਂ, ਘਰ ਤੋਂ ਬਾਹਰ ਜਾਣ ਦੀ ਲੋੜ ਸੀ ਅਤੇ ਸੰਭਾਵਨਾਵਾਂ ਦੇ ਰਾਹ ਬਾਅਦ ਵਿਚ ਲੱਭ ਲਵਾਂਗੀ। ਫਿਲਹਾਲ ਅਜੇ ਤਾਂ ਘਰ ਤੋਂ ਬਾਹਰ ਨਿਕਲਣ ਦਾ ਰਾਹ ਲੱਭਣਾ ਹੈ। ਯਕੀਨਨ ਸਮਾਂ ਲੰਘਦੇ ਹੀ ਇਹ ਉਮੀਦ ਵੀ ਨਾਉਮੀਦੀ ਵਿਚ ਬਦਲ ਜਾਵੇਗੀ, ਮੈਂ ਅਜਿਹਾ ਕਦੇ ਵੀ ਨਹੀਂ ਹੋਣ ਦਿਆਂਗੀ। ਮੈਂ ਆਪਣੀ ਪਛਾਣ ਹਾਸਿਲ ਕਰਕੇ ਆਪਣਾ ਘਰ ਵਸਾਵਾਂਗੀ, ਆਪਣੇ ਉਸ ਸਾਥੀ ਦੇ ਨਾਲ ਜਿਹੜਾ ਮਨੁੱਖਤਾ ਦੇ ਦਾਇਰੇ ਵਿਚ ਰਹਿੰਦਿਆਂ ਮੈਨੂੰ, ਮੇਰੀ ਹੋਂਦ ਨੂੰ, ਸਾਰੇ ਗੁਣਾਂ ਅਤੇ ਔਗੁਣਾਂ ਨਾਲ ਕਬੂਲ ਕਰੇਗਾ।

ਇਸੇ ਹੀ ਕਸ਼ਮਕਸ਼ ਵਿਚ ਮੈਂ ਇਕ ਝੋਲੇ ਵਿਚ ਕੁਝ ਜ਼ਰੂਰੀ ਚੀਜ਼ਾਂ ਲਈਆਂ, ਬਿਨਾਂ ਕਿਸੇ ਖੜਕੇ ਅਤੇ ਆਵਾਜ਼ ਤੋਂ, ਘਰ ਤੋਂ ਬਾਹਰ ਆਈ ਅਤੇ ਦਰਵਾਜ਼ੇ ਦੇ ਮੂਹਰੇ ਜਿਹੜਾ ਰਸਤਾ ਦਿਖਾਈ ਦਿੱਤਾ, ਉਸ ਪਾਸੇ ਹੀ ਤੇਜ਼

ਰਫ਼ਤਾਰ ਨਾਲ ਭੱਜਦੀ ਹੋਈ ਇਕ ਮੈਦਾਨ ਵਿਚ ਚਕਾਚੌਂਧ ਰੌਸ਼ਨੀ ਦੇ ਮੂਹਰੇ ਆ ਕੇ ਰੁਕੀ। ਮੇਲਾ ਲੱਗਿਆ ਹੋਇਆ ਸੀ। ਸ਼ੋਰ ਸ਼ਰਾਬਾ ਸੀ, ਲੋਕਾਂ ਦੀ ਭੀੜ ਸੀ। ਉਹਦੇ ਵਿਚ ਹੀ ਗੁਆਚ ਜਾਣ ਦੀ ਸੰਭਾਵਨਾ ਮੂਹਰੇ ਸੀ। ਇਹ ਸੋਚ ਕੇ ਮੈਂ ਉਸ ਭੀੜ ਦਾ ਹਿੱਸਾ ਬਣਦੀ ਚਲੀ ਗਈ। ਅੱਗੇ ਕੀ ਹੋਵੇਗਾ। ਕੀ ਨਹੀਂ ਹੋਵੇਗਾ। ਹਰ ਵਿਚਾਰ ਨੂੰ ਮੁਲਤਵੀ ਕਰਕੇ ਆਪਣੇ ਆਪ ਨੂੰ ਆਮ ਨਜ਼ਰਾਂ ਨੂੰ ਬਚਾਉਂਦੇ ਹੋਏ ਆਪਣੇ ਅਗਲੇ ਠਿਕਾਣੇ ਦੇ ਬਾਰੇ ਵਿਚ ਸੋਚਦੀ ਰਹੀ।

o

ਜ਼ਿੰਦਗੀ ਹੁਣ ਇਕ ਅਜਿਹੇ ਮੌੜ ਤੇ ਆ ਕੇ ਰੁਕ ਗਈ ਜਿਥੇ ਆਪਣੀ ਗੁਆਚੀ ਹੋਈ ਪਛਾਣ ਦੀ ਤਲਾਸ਼ ਵਿਚ ਵਾਪਸੀ ਦੇ ਰਾਹਾਂ ਤੇ ਚਲਣਾ ਇਕ ਮਜਬੂਰੀ ਬਣ ਗਈ। ਇਹ ਵੀ ਯਾਦ ਨਾ ਰਿਹਾ ਕਿ ਮੈਂ ਕਿਥੇ ਗ਼ਰਕ ਹੋ ਗਈ ਸੀ ਅਤੇ ਇਸ ਸੋਚ ਤੋਂ ਅਣਜਾਣ ਕਿ ਹੁਣ ਮੈਂ ਇਥੇ ਹਾਂ ਤਾਂ ਕਿੱਥੇ ਹਾਂ, ਕੀਹਦੇ ਕੋਲ ਹਾਂ ਅਤੇ ਕਿਹਦੇ ਨਾਲ ਹਾਂ ਉਹ ਮੇਰਾ ਕੀ ਲਗਦਾ ਹੈ ?

ਆਖ਼ਿਰ ਅਜਿਹਾ ਕੀ ਹੈ ਉਹਦੇ ਵਿਚ ਜਿਹੜਾ ਮੈਂ ਜਾਣ ਕੇ ਉਹਦੇ ਨਾਲ ਜੀਅ ਰਹੀ ਹਾਂ। ਬੇਕਾਰ, ਗੰਦੇ ਮਾਹੌਲ ਦੇ ਵਿਚਾਲੇ ਇਕ ਬੇਤਰਤੀਬ ਜ਼ਿੰਦਗੀ, ਨੇੜੇ ਤੇੜੇ ਦੀ ਅਣਚਾਹੀ ਮੈਲੀ ਕੁਚੈਲੀ ਬਦਬੂਦਾਰ ਪਸਰੀ ਹੋਈ ਬਸਤੀ, ਫੇਰ ਵੀ ਜਿਉਂ ਰਹੀ ਹਾਂ। ਮੌਤ ਦਾ ਇੰਤਜ਼ਾਰ ਕੱਤਈ ਨਹੀਂ ਮੈਨੂੰ। ਜੇਕਰ ਉਹ ਨਾਮੁਰਾਦ ਆ ਵੀ ਗਈ ਤਾਂ ਮੈਂ ਸ਼ਾਇਦ ਉਹਨੂੰ ਖੁਦ ਤੇ ਹਾਵੀ ਨਾ ਹੋਣ ਦੇਵਾ। ਇਹ ਵੀ ਹੋ ਸਕਦਾ ਹੈ ਕਿ ਉਹ ਮੇਰੀ ਇਸ ਦਲਦਲ ਵਿਚ ਫਸੀ ਜ਼ਿੰਦਗੀ ਨੂੰ ਦੇਖ ਕੇ ਖੁਦ ਹੀ ਮੇਰੇ ਤੋਂ ਪਾਸੇ ਹੋ ਜਾਵੇ।

"ਏ ਤੂੰ ਏਥੇ ਏਵੇਂ ਨ੍ਹੇਰੇ ਵਿਚ ਕਿਉਂ ਬੈਠੀ ਐਂ ? ਚਲ ਘਰ ਦੇ ਅੰਦਰ..." ਇਹ ਉਹਦੀ ਹੀ ਆਵਾਜ਼ ਸੀ, ਜਿਹੜਾ ਮੇਰਾ ਰੱਖਿਅਕ ਬਨਿਆ ਸੀ।

'....' ਚੁੱਪ ਰਹਿਣਾ ਜਿਵੇਂ ਉਹਦੀ ਆਦਤ ਬਣ ਗਈ ਹੋਵੇ। ਸ਼ਾਦਾਬ ਸ਼ਾਹ ਨੂੰ ਇਹ ਵੀ ਪਤਾ ਨਹੀਂ ਲੱਗ ਰਿਹਾ ਸੀ ਕਿ ਉਹ ਸੁਣ ਵੀ ਰਹੀ ਹੈ ਜਾਂ ਨਹੀਂ। ਉਹਦੇ ਹਾਲਾਤ ਕਦੇ ਭੁਲੇਖੇ ਨੂੰ ਸੱਚ ਸਮਝਣ ਤੇ ਮਜਬੂਰ ਕਰਦੇ ਤਾਂ ਕਦੇ ਸੱਚ ਨੂੰ ਭੁਲੇਖਾ।

"ਮੈਂ ਤੇਰੇ ਨਾਲ ਗੱਲ ਕਰ ਰਿਹਾ ਆਂ ਰੂਪਾ। ਸ਼ਾਮ ਢਲ ਕੇ ਰਾਤ ਹੋਣ ਵਾਲੀ ਹੈ, ਹੁਣ ਚਾਨਣ 'ਚ ਅੰਦਰ ਜਾ ਕੇ ਬੈਠ। ਤੈਨੂੰ ਏਵੇਂ ਬਾਹਰ ਬੈਠੀ ਨੂੰ ਦੇਖ ਕੇ ਆਉਣ ਜਾਣ ਵਾਲਿਆਂ ਦੀਆਂ ਨਜ਼ਰਾਂ ਇਸ ਦੇਹਲੀ ਵਲ ਝਾਕਦੀਆਂ ਰਹਿੰਦੀਆਂ ਹਨ।" ਸ਼ਾਦਾਬ ਬੋਲਦਾ ਰਿਹਾ ਅਤੇ ਉਹਨੂੰ ਆਪਣੀ ਹੀ ਆਵਾਜ਼ ਜਿਵੇਂ ਕਿਤੋਂ ਦੂਰੋਂ ਕਿਸੇ ਸ਼ੀਸ਼ੇ ਨਾਲ ਟਕਰਾ ਕੇ ਵਾਪਸ ਮੁੜਦੀ ਹੋਈ ਸੁਣਾਈ ਦਿੰਦੀ, ਟੁੱਟਦੀ ਹੋਈ, ਖਿੰਡਦੀ ਹੋਈ।



ਉਹ ਥੱਕ ਗਿਆ ਸੀ ਉਹਨੂੰ ਬੁਲਾਉਂਦਾ-ਬੁਲਾਉਂਦਾ। ਉਹ ਇਸ ਕਰਕੇ ਇਹ ਹੀ ਉਹਦਾ ਨਾਂ ਲੈ ਕੇ ਵਾਰ-ਵਾਰ ਬੁਲਾਉਂਦਾ ਰਿਹਾ ਕਿ ਸ਼ਾਇਦ ਕਿਸੇ ਦਿਨ ਉਹ ਉਹਦੀ ਗੱਲ ਸੁਣ ਲਵੇ, ਅੱਖਾਂ ਉੱਪਰ ਕਰਕੇ ਪਲਕਾਂ ਝਪਕੇ ਅਤੇ ਸ਼ਾਇਦ ਉਹਦੀਆਂ ਅੱਖਾਂ ਦੀਆਂ ਪੁਤਲੀਆਂ ਫੇਰ ਤੋਂ ਹਰਕਤ ਕਰਨ ਲੱਗ ਜਾਣ।

o

ਇਹਨਾਂ ਅੱਖਾਂ 'ਤੇ ਹੀ ਤਾਂ ਉਹ ਪੰਜ ਮਹੀਨੇ ਪਹਿਲਾਂ ਲੱਟੂ ਹੋਇਆ ਸੀ, ਜਦੋਂ ਪਹਿਲੀ ਵਾਰ ਮੇਲੇ ਵਿਚ ਉਸ ਨਾਲ ਟੱਕਰ ਹੋਈ ਸੀ। ਉਹਦੇ ਹੱਥਾਂ ਵਿਚ ਫੜਿਆ ਕੱਪੜੇ ਦਾ ਝੋਲ਼ਾ ਥੱਲ੍ਹੇ ਡਿੱਗ ਗਿਆ ਸੀ, ਜਿਹਨੂੰ ਚੁੱਕਣ ਦੇ ਲਈ ਦੋਵੇਂ ਇਕਦਮ ਝੁਕੇ, ਪਹਿਲ ਕੀਹਨੇ ਕੀਤੀ ਪਤਾ ਨਹੀਂ, ਪਰ ਜਦੋਂ ਝੁਕੀਆਂ ਹੋਈਆਂ ਨਜ਼ਰਾਂ ਮਿਲੀਆਂ ਤਾਂ ਇੱਕ ਚੁੰਬਕ ਵਰਗੀ ਖਿੱਚ ਦੇ ਨਾਲ। ਨਜ਼ਰਾਂ ਨਾ ਇਹਨੇ ਹਟਾਈਆਂ ਤੇ ਨਾ ਉਹਨੇ ਪਰ੍ਹਾਂ ਕੀਤੀਆਂ। ਦੋਵੇਂ ਇੱਕ ਦੂਜੇ ਨਾਲ ਅੱਖਾਂ ਨਾਲ ਗੱਲਾਂ ਕਰਨ ਲੱਗੇ।

ਸ਼ਾਦਾਬ ਨੇ ਆਪਣੇ ਆਪ ਨੂੰ ਸੰਭਾਲਿਆ। ਕੁੜੀ ਨੇ ਆਪਣੀਆਂ ਅੱਖਾਂ ਉਤਾਂਹ ਕਰਕੇ ਪਲਕਾਂ ਝਪਕੀਆਂ ਅਤੇ ਫੇਰ ਉਹਦੀਆਂ ਅੱਖਾਂ ਦੀਆਂ ਪੁਤਲੀਆਂ ਨੱਚਣ ਲੱਗੀਆਂ। ਉਹ ਇਸ ਤਰ੍ਹਾਂ ਖੁੱਲ੍ਹ ਕੇ ਹੱਸਣ ਲੱਗੀ ਜਿਵੇਂ ਉਹਨੇ ਕੋਈ ਅਜੂਬਾ ਦੇਖ ਲਿਆ ਹੋਵੇ। ਸ਼ਾਦਾਬ ਨੂੰ ਲੱਗਿਆ ਕਿ ਪਤਾ ਨੀ ਉਹਦੀ ਸ਼ਕਲ ਨੂੰ ਕੀ ਹੋਇਆ ਹੈ ਜਿਹੜੀ ਉਹ ਹੱਸ ਪਈ। ਸ਼ੰਸ਼ੋਪੰਜ ਵਿਚ ਉਹਨੇ ਕੁੜਤੇ ਨੂੰ ਉੱਪਰ ਕਰਕੇ ਆਪਣਾ ਮੂੰਹ ਪੂੰਝ ਲਿਆ, ਫੇਰ ਹੱਥਾਂ ਨਾਲ ਆਪਣੇ ਚਿਹਰੇ ਨੂੰ ਮਸਲਣ ਲੱਗਿਆ।

ਅਚਾਨਕ ਉਹਨੂੰ ਮਹਿਸੂਸ ਹੋਇਆ ਕਿ ਕਿਸੇ ਸ਼ੋਰ ਦੇ ਹੱਲੇ ਨੇ ਉਨ੍ਹਾਂ ਨੂੰ ਘੇਰ ਲਿਆ ਹੋਵੇ। ਕਾਲੇ ਕੱਪੜੇ ਵਾਲੇ ਚਾਰ—ਪੰਜ ਜਣਿਆਂ ਨੇ ਸਿਰਾਂ ਤੇ ਮੰਢਾਸੇ ਮਾਰੇ ਹੋਏ ਸਨ। ਉਨ੍ਹਾਂ ਵਿਚੋਂ ਦੋ ਜਣੇ ਕੁੜੀ ਨੂੰ ਫੜ ਕੇ ਘੜੀਸਦੇ ਹੋਏ ਕੁਝ ਦੂਰੀ ਤੇ ਖੜ੍ਹੀ ਕਾਰ ਵਲ ਲੈ ਕੇ ਜਾ ਰਹੇ ਸਨ ਅਤੇ ਦੋ ਸ਼ਾਦਾਬ ਦੀਆਂ ਬਾਹਾਂ ਨੂੰ ਪਿੱਛੇ ਵਲ ਮੋੜ ਕੇ ਉਸਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਪੰਜਵਾਂ ਭੱਜ ਕੇ ਕਾਰ ਦੀ ਡਰਾਇਵਰ ਸੀਟ ਤੇ ਜਾ ਬੈਠਿਆ। ਗੱਲ ਕੁਝ ਸ਼ਾਦਾਬ ਦੀ ਸਮਝ ਵਿਚ ਆਉਣ ਲੱਗੀ, ਉਹਦਾ ਦਿਮਾਗ ਤੇਜ਼ ਚਲਣ ਲੱਗਿਆ। ਦੇਰ ਹੋਵੇ ਇਸ ਤੋਂ ਪਹਿਲਾਂ ਹੀ ਉਹ ਆਪਣੀਆਂ ਦੋਹੇ ਲੱਤਾਂ ਦੇ ਜ਼ੋਰ ਨਾਲ ਦੋਵੇਂ ਜਣਿਆਂ ਨੂੰ ਪਛਾੜ ਕੇ ਕਾਰ ਵੱਲ ਭੱਜਿਆ। ਕੁੜੀ ਨੂੰ ਕਾਰ ਵਿਚ ਸੁੱਟਣ ਤੋਂ ਪਹਿਲਾਂ ਹੀ ਉਹਨੇ ਦੋਵਾਂ ਨਾਲ ਹੱਥੋਪਾਈ ਕਰਕੇ, ਕੁੜੀ ਨੂੰ ਸੱਜੇ ਪਾਸੇ ਵਲ ਭੱਜਣ ਨੂੰ ਕਿਹਾ। ਜਿਵੇਂ ਹੀ ਉਹ ਭੱਜੀ ਉਹਦੇ ਮਗਰ ਹੀ ਦੋਵੇਂ ਨੌਜਵਾਨ

ਉਸਨੂੰ ਫੜ੍ਹਨ ਲਈ ਭੱਜੇ। ਕੁੜੀ ਆਪਣੇ ਆਪ ਨੂੰ ਇਸ ਖ਼ਤਰੇ ’ਚੋਂ ਕੱਢਣ ਲਈ ਦੱਸੀ ਹੋਈ ਸੰਕੇਤਕ ਦਿਸ਼ਾ ਵੱਲ ਚੀਤੇ ਵਾਂਗ ਤੇਜ਼ ਭੱਜਦੀ ਰਹੀ। ਕੁੱਝ ਹੀ ਸਮੇਂ ਵਿਚ ਸ਼ਾਦਾਬ ਉਨ੍ਹਾਂ ਦੋਵੇ ਜਣਿਆਂ ਨੂੰ ਚਾਰੇ ਖ਼ਾਨੇ ਚਿੱਤ ਕਰਕੇ ਉਸੇ ਦਿਸ਼ਾ ਵਲ ਭੱਜਿਆ, ਜਿਧਰ ਕੁੜੀ ਦਾ ਰੁਖ਼ ਸੀ। ਹੁਣ ਉਹਦੇ ਮੂਹਰੇ ਤਿੰਨ ਪਰਛਾਵੇਂ ਸਨ, ਕੁੜੀ ਤੋਂ ਕੁਝ ਫ਼ਾਸਲੇ ’ਤੇ ਦੋ ਮੁੰਡੇ ਅਤੇ ਉਨਾਂ ਦੋਹਾਂ ਪਿੱਛੇ ਉਹ ਆਪ।

ਇੱਕ ਲਲਕਾਰਾ ਮਾਰ ਕੇ ਉਹਨੇ ਇੱਕ ਛਾਲ ਮਾਰੀ ਅਤੇ ਹਵਾ ਨਾਲ ਗੱਲਾਂ ਕਰਦਾ ਹੋਇਆ ਉਨਾਂ ਨਾਲ ਲੜਨ ਲੱਗਿਆ। ਜੋਸ਼ ਵਿਚ ਆ ਕੇ ਮਜ਼ਬੂਤ ਹੱਥਾਂ ਨਾਲ ਉਹਨੇ ਉਨਾਂ ਦੋਵਾਂ ਨੂੰ ਵੀ ਚਿੱਤ ਕਰ ਦਿੱਤਾ। ਕੁੜੀ ਭੱਜਦੀ–ਭੱਜਦੀ ਥੱਕ ਕੇ ਲਗਭਗ ਬੇਹੋਸ਼ ਹੋ ਕੇ ਡਿੱਗਣ ਹੀ ਵਾਲੀ ਸੀ ਕਿ ਸ਼ਾਦਾਬ ਨੇ ਉਹਨੂੰ ਆਪਣੀਆਂ ਬਾਹਾਂ ਦੇ ਸਹਾਰੇ ਨਾਲ ਰੋਕ ਲਿਆ। ਬਹੁਤ ਮਿਹਨਤ ਨਾਲ ਉਹਨੂੰ ਨੇੜੇ ਦੇ ਢਾਬੇ ਤੇ ਲਿਜਾ ਕੇ, ਪਾਣੀ ਮੰਗਵਾ ਕੇ ਉਹਦੇ ਮੂੰਹ ਤੇ ਛਿੱਟੇ ਮਾਰੇ। ਜਦੋਂ ਉਹਨੇ ਅੱਖਾਂ ਖੋਲ੍ਹੀਆਂ ਤਾਂ ਉਸਨੂੰ ਕੁਰਸੀ ’ਤੇ ਬਿਠਾ ਕੇ ਪਾਣੀ ਪਿਲਾਇਆ। ਉਹ ਆਪ ਵੀ ਨੇੜੇ ਦੀ ਕੁਰਸੀ ਤੇ ਬਹਿ ਗਿਆ ਅਤੇ ਰੋਟੀ–ਸਾਗ ਅਤੇ ਚਾਹ ਦਾ ਆਰਡਰ ਦੇ ਕੇ ਕੁੜੀ ਨੂੰ ਗ਼ੌਰ ਨਾਲ ਦੇਖਣ ਲੱਗਿਆ। ਗੋਰਾ ਨਿਛੋਹ ਰੰਗ, ਗੁਲਾਬੀ ਬੁੱਲ੍ਹ, ਸੁਰਮੇ ਵਾਲੀਆਂ ਅੱਖਾਂ, ਗਲ ਵਿਚ ਕਾਲੇ ਮੋਤੀਆਂ ਦੀ ਮਾਲਾ, ਤਨ ਤੇ ਭੂਰੇ ਰੰਗ ਦਾ ਸੂਟ ਪਰ ਪੈਰ ਨੰਗੇ ਸਨ। ਸ਼ਾਇਦ ਭੱਜਦੇ ਸਮੇਂ ਉਹਦੀਆਂ ਚੱਪਲਾਂ ਕਿਤੇ ਰਹਿ ਗਈਆਂ ਸਨ।

ਕੁਝ ਸਮੇਂ ਮਗਰੋਂ ਕੁੜੀ ਨੇ ਅੱਖਾਂ ਖੋਲ੍ਹੀਆਂ ਅਤੇ ਸ਼ਾਦਾਬ ਵਲ ਹੈਰਾਨੀ ਨਾਲ ਦੇਖਣ ਲੱਗੀ। ਹੁਣ ਉਹਦੀਆਂ ਹਰਕਤ ਕਰਦੀਆਂ ਅੱਖਾਂ ਦੀਆਂ ਪੁਤਲੀਆਂ ਰੁਕ ਗਈਆਂ ਸਨ। ਉਨਾਂ ਵਿਚ ਕਿਸੇ ਵੀ ਤਰ੍ਹਾਂ ਦਾ ਸੰਚਾਰ ਨਹੀਂ ਸੀ। ਬਿਨਾਂ ਭਾਵ ਤੋਂ ਉਸਦੀਆਂ ਖੁੱਲ੍ਹੀਆਂ ਅੱਖਾਂ ਤਾਂ ਸਨ, ਪਰ ਸਨ ਬੇਜਾਨ। ਪੁਤਲੀਆਂ ਵਿਚ ਵੀ ਕੋਈ ਹਰਕਤ ਨਹੀਂ ਸੀ।

‘ਥੋੜ੍ਹੇ ਜਿਹੇ ਸਮੇਂ ਵਿਚ ਏਹ ਕੀ ਵਾਪਰਿਆ ?’ ਸ਼ਾਦਾਬ ਸੋਚਣ ਲੱਗਿਆ। ਉਹ ਤਾਂ ਉਹਦੀਆਂ ਅੱਖਾਂ ਤੇ ਦਿਲ ਦੀ ਬਾਜ਼ੀ ਹਾਰ ਬੈਠਿਆ ਸੀ। ਉਹ ਜਵਾਨ ਸੀ, ਗਰਮ ਖ਼ੂਨ ਸੀ, ’ਕੱਲਾ ਰਹਿੰਦਾ ਸੀ, ਪਰ ਜੋਸ਼ ਵਿਚ ਹੋਸ਼ ਭੁੱਲਣ ਵਾਲਿਆਂ ’ਚੋਂ ਨਹੀਂ ਸੀ।

ਏਨੇ ਵਿਚ ਇੱਕ ਬੈਰ੍ਹਾ ਰੋਟੀ–ਸਾਗ ਲੈ ਆਇਆ। ਸ਼ਾਦਾਬ ਨੇ ਉਹਦਾ ਹੱਥ ਫੜ ਕੇ ਥਾਲੀ ਵਿਚ ਰੱਖੇ ਖਾਣੇ ਵਲ ਇਸ਼ਾਰਾ ਕਰਦੇ ਹੋਏ ਉਹਨੂੰ ਖਾਣਾ ਖਾਣ ਦਾ ਹੁਕਮ ਦਿੱਤਾ। ਚੁੱਪ–ਚੁਪੀਤੇ ਦੋਵਾਂ ਨੇ ਥੋੜ੍ਹਾ–ਥੋੜ੍ਹਾ ਖਾਧਾ ਅਤੇ



ਥੋੜ੍ਹੀ–ਥੋੜ੍ਹੀ ਚਾਹ ਪੀਤੀ। ਸਾਹਮਣਿਓਂ ਆਉਂਦੇ ਹੋਏ ਇੱਕ ਖਾਲੀ ਰਿਕਸ਼ੇ ਨੂੰ ਦੇਖਕੇ ਉਸਨੂੰ ਰੋਕਿਆ ਅਤੇ ਦੋਵੇਂ ਉਸ ਵਿਚ ਸਵਾਰ ਹੋ ਗਏ। ਸ਼ਾਦਾਬ ਨੇ ਰਿਕਸ਼ੇ ਵਾਲੇ ਨੂੰ ਆਪਣਾ ਪਤਾ ਠਿਕਾਣਾ ਦੱਸਿਆ। ਉਹਦਾ ਘਰ ਇੱਕ ਅਜਿਹੀ ਬਸਤੀ ਵਿਚ ਸੀ, ਜਿੱਥੇ ਸ਼ਹਿਰ ਦੇ ‘ਦਾਦਾ’ ਲੋਕ ਰਹਿੰਦੇ ਸਨ। ਕੱਚੇ–ਪੱਕੇ ਝੁੱਗੀਆਂ ਵਰਗੇ ਘਰ, ਨੇੜੇ ਤੇੜੇ ਚਿੱਕੜ, ਘਰ ਦੇ ਅੰਦਰ ਚਟਾਈ ਵਿਛਾਈ ਹੋਈ, ਜ਼ਮੀਨ ’ਤੇ ਖਿੰਡਿਆ ਹੋਇਆ ਸਾਮਾਨ।

ਸ਼ਾਦਾਬ ਨੇ ਅੰਦਰ ਆ ਕੇ ਕੁੜੀ ਨੂੰ ਚਟਾਈ ’ਤੇ ਬੈਠਣ ਦਾ ਇਸ਼ਾਰਾ ਕੀਤਾ।

“ਤੇਰਾ ਨਾਂ ਕੀ ਹੈ ?” ਉਹਦੇ ਸਾਮ੍ਹਣੇ ਬੈਠਦਿਆਂ ਹੀ ਸ਼ਾਦਾਬ ਨੇ ਪੁੱਛ ਲਿਆ। ਕੁੱਝ ਤਾਂ ਜਾਨਣਾ ਸੀ ਕੋਈ ਵੀ ਪਛਾਣ ਬਣਾਉਣ ਤੋਂ ਪਹਿਲਾਂ। ਕੁੜੀ ਦੀ ਜ਼ੁਬਾਨ ਨੂੰ ਜਿੰਦਾ ਲੱਗਿਆ ਰਿਹਾ। ਸ਼ਾਦਾਬ ਨੇ ਦੋ ਤਿੰਨ ਵਾਰ ਸਵਾਲ ਨੂੰ ਦੁਹਰਾਇਆ ਅਤੇ ਜਦੋਂ ਜਵਾਬ ਨਾ ਮਿਲਿਆ ਤਾਂ ਉਹ ਆਪਣੀ ਅਸਲ ਭਾਸ਼ਾ ਵਿਚ ਲਲਕਾਰ ਕੇ ਬੋਲਿਆ, “ਹਰਾਮਜ਼ਾਦੀ, ਕਦੋਂ ਦਾ ਪੁੱਛ ਰਿਹਾ ਹਾਂ, ਤੇਰਾ ਕੀ ਨਾਂ ਹੈ ?”

ਲਲਕਾਰ ਕੰਮ ਕਰ ਗਈ। ਕੁੜੀ ਨੇ ਅੱਖਾਂ ਨੂੰ ਉਤਾਂਹ ਕੀਤਾ, ਪਲਕਾਂ ਝਪਕੀਆਂ ਅਤੇ ਫੇਰ ਉਸਦੀਆਂ ਅੱਖਾਂ ਦੀਆਂ ਪੁਤਲੀਆਂ ਹਰਕਤ ਕਰਨ ਲੱਗੀਆ। ਸ਼ਾਦਾਬ ਨੂੰ ਲੱਗਿਆ ਜਿਵੇਂ ਉਹ ਹੁਣੇ ਹੱਸੇਗੀ। ਪਰ ਨਹੀਂ, ਉਹਦੀਆਂ ਅੱਖਾਂ ਵਿਚ ਹੰਝੂ ਆ ਗਏ। ਉਹਨੇ ਆਪਣੀ ਖੱਬੀ ਬਾਂਹ ਸ਼ਾਦਾਬ ਦੇ ਮੂਹਰੇ ਕਰ ਦਿੱਤੀ, ਜਿਸ ਤੇ ਲਿਖਿਆ ਸੀ–‘ਰੂਪਾ।’

ਨਾਂ ਦਾ ਪਤਾ ਲਗ ਗਿਆ, ਬਸ ਠਿਕਾਣੇ ਦਾ ਪਤਾ ਲੱਗਣ ਤੇ ਹੀ ਜਾਣਿਆ ਜਾ ਸਕਦਾ ਕਿ ਉਹ ਕੌਣ ਹੈ ? ਕੀਹਦੇ ਘਰ ਦੀ ਇੱਜ਼ਤ ਹੈ ? ਕੀਹਦੀ ਕੁੜੀ, ਕੀਹਦੀ ਪਤਨੀ, ਕੌਣ ਹਨ ਇਹਦੇ ਰਿਸ਼ਤੇਦਾਰ ?

“ਰੂਪਾ ਤੂੰ ਕਿੱਥੋਂ ਦੀ ਰਹਿਣ ਵਾਲੀ ਐਂ, ਕੁਝ ਤਾਂ ਦੱਸ ?”

ਹੁਣ ਸ਼ਾਦਾਬ ਦੇ ਲਹਿਜ਼ੇ ਵਿਚ ਸਖ਼ਤੀ ਦੀ ਥਾਂ ਤੇ ਨਰਮੀ ਸੀ, ਇੱਕ ਦੁੱਖ ਸੀ। ਰੂਪਾ ਨੇ ਫੇਰ ਅੱਖਾਂ ਉਤਾਂਹ ਕੀਤੀਆਂ ਅਤੇ ਅਣਜਾਣਤਾ ਦੇ ਭਾਵ ਨਾਲ ਉਹਦੇ ਵਲ ਦੇਖਿਆ। ਸ਼ਾਦਾਬ ਨੂੰ ਲੱਗਿਆ ਜਿਵੇਂ ਉਹ ਡਰੀ ਹੋਈ, ਸਹਿਮੀ ਹੋਈ ਸੀ।

ਉਹ ਉੱਠਿਆ, ਇੱਕ ਸਿਰਹਾਣਾ ਚੁੱਕ ਕੇ ਉਹਨੂੰ ਦਿੰਦੇ ਹੋਏ ਉੱਥੇ ਹੀ ਪੈਣ ਦਾ ਹੁਕਮ ਦਿੱਤਾ। ਉਹ ਜਿਵੇਂ ਹੀ ਪਈ ਉਹਨੇ ਰੂਪਾ ਤੇ ਇੱਕ ਪੁਰਾਣਾ ਘਸਮੈਲਾ ਕੰਬਲ ਦਿੰਦੇ ਹੋਏ ਕਿਹਾ, “ਹੁਣ ਸੌਂ ਜਾ” ਅਤੇ ਆਪ ਬਾਹਰ ਆ

ਗਿਆ। ਬਾਹਰ ਚੂਬਤਰੇ ਤੇ ਖੰਬੇ ਦਾ ਸਹਾਰਾ ਲੈ ਕੇ ਬੈਠਦੇ ਹੋਏ ਉਹ ਬੀੜੀ ਸੁਲਗਾਉਣ ਲੱਗਿਆ। ਮਸਤ ਮੱਵਾਲੀ (ਗੁੰਡੇ) ਦੇ ਵਾਂਗ ਜ਼ਿੰਦਗੀ ਗੁਜ਼ਾਰਨ ਵਾਲੇ ਆਦਮੀ ਨੂੰ ਕੀ ਪਤਾ ਗ੍ਰਹਿਸਥੀ ਕੀ ਹੁੰਦੀ ਹੈ, ਘਰ ਕੀ ਹੁੰਦਾ ਹੈ, ਪਰਿਵਾਰ ਕੀ ਹੁੰਦਾ ਹੈ ?

ਸ਼ਾਦਾਬ ਤਾਂ ਬਚਪਨ ਤੋਂ ਅਜਿਹੇ ਦਲਦਲ ਭਰੇ ਮਾਹੌਲ ਵਿਚ ਦੰਗੇ—ਫ਼ਸਾਦਾਂ ਦੇ ਜੰਗਲ ਵਿਚ ਬੀੜੀਆਂ ਪੀਂਦਾ ਪੀਂਦਾ ਵੱਡਾ ਹੋਇਆ ਸੀ। ਉਹਨੂੰ ਤਾਂ ਇਹ ਵੀ ਪਤਾ ਨਹੀਂ ਕਿ ਉਹਦੇ ਮਾਂ—ਬਾਪ ਕੌਣ ਹਨ, ਹਨ ਵੀ ਜਾਂ ਨਹੀਂ ? ਔਰਤ ਜਾਤ ਨੇ ਕਦੇ ਉਹਦੀ ਜ਼ਿੰਦਗੀ ਵਿਚ ਦਖ਼ਲ ਨਹੀਂ ਦਿੱਤਾ ਸੀ। ਆਪਣੇ ਅਤੀਤ ਤੋਂ ਅਣਜਾਣ ਆਪਣੀ ਇਸ ਦੁਨੀਆਂ ਵਿਚ ਮਸਤ ਸੀ। ਅੱਜ ਪਤਾ ਨਹੀਂ ਕੀ ਸੋਚ ਕੇ ਉਹ ਮੇਲੇ ਵਿਚ ਉਂਝ ਹੀ ਸ਼ੌਕੀਆਂ ਸੈਰ ਕਰਨ ਦੇ ਲਈ ਚਲਾ ਗਿਆ ਅਤੇ ਜਦੋਂ ਵਾਪਸ ਆਇਆ ਤਾਂ ਇਹ ਰੂਪ ਦੀ ਰਾਣੀ 'ਰੂਪਾ' ਉਹਦੇ ਨਾਲ ਸੀ। ਇਹਨਾਂ ਹੀ ਖ਼ਿਆਲਾਂ ਵਿਚ ਡੁੱਬਿਆ ਉਹ ਨੀਂਦ ਵਿਚ ਗੋਤੇ ਖਾਣ ਲੱਗਿਆ।

ਜਦੋਂ ਰਾਤ ਡੂੰਘੀ ਹੋਈ ਤਾਂ ਉਹਨੂੰ ਝੁੱਗੀ ਅੰਦਰ ਕਿਸੇ ਭੈਅਭੀਤ ਆਵਾਜ਼ ਦੀ ਹੌਲ਼ੀ—ਹੌਲ਼ੀ ਫੁਸਫੁਸਾਹਟ ਸੁਣਾਈ ਦਿੱਤੀ। ਉਹ ਰੂਪਾ ਹੀ ਸੀ ਜਿਹੜੀ ਸਦਮੇ ਕਾਰਨ ਡਰੀ ਹੋਈ ਸੀ ਅਤੇ ਨੀਮ—ਬੇਹੋਸ਼ੀ ਦੀ ਹਾਲਤ ਵਿਚ ਦਿਲਗੀਰ, ਦਿਲਗੀਰ ਦਾ ਨਾਂ ਲੈ ਕੇ ਬੋਲਦੀ ਰਹੀ ਅਤੇ ਫੇਰ 'ਨਹੀਂ... ਨਹੀਂ' ਖਿਝੇ ਹੋਏ ਸ਼ਬਦਾਂ ਵਿਚ ਕਹਿੰਦੀ ਹੋਈ ਆਪਣੇ ਕੰਬਲ ਨੂੰ ਖਿੱਚ ਕੇ ਮੂੰਹ ਤੱਕ ਲੈਂਦੀ ਹੋਈ ਨੀਂਦ ਵਿਚ ਗੁਆਚ ਗਈ।

ਸ਼ਾਦਾਬ ਹੁਣ ਸੋਚਣ ਲੱਗਿਆ 'ਸ਼ਾਇਦ ਕਿਸੇ ਡਰਾਉਣੇ ਸੁਪਨੇ ਦਾ ਅਸਰ ਹੋਵੇ ਜਾਂ ਦਿਨ ਦੀ ਉਹੀ ਘਟਨਾ ਦਾ ਕੋਈ ਤਾਰ ਇਹਦੇ ਨਾਲ ਜੁੜਿਆ ਹੋਵੇ। ਪਰ ਇਹ ਦਿਲਗੀਰ ਤਾਂ ਸੁਣਿਆ ਹੋਇਆ ਨਾਂ ਲਗਦਾ ਹੈ, ਕਿਤੇ ਉਹੀ ਗੁੰਡਾ ਤਾਂ ਨਹੀਂ ਜਿਹਦੇ ਚਰਚੇ ਅੱਜ ਕੱਲ੍ਹ ਬਸਤੀ ਵਿਚ ਵੀ ਸੁਣਨ ਨੂੰ ਮਿਲਦੇ ਹਨ।' ਉਹਨੇ ਰੂਪਾ ਨੂੰ ਆਵਾਜ਼ ਮਾਰੀ, ਪਰ ਕੋਈ ਜਵਾਬ ਨਾ ਮਿਲਣ ਤੇ ਉਹ ਇਕਾਂਤ ਵਿਚ ਆਰਾਮ ਕਰਨ ਲਈ ਫੇਰ ਬਾਹਰ ਆ ਗਿਆ। ਉਹ ਸਾਰੀ ਰਾਤ ਬਾਹਰ ਚੌਂਤਰੇ ਤੇ ਕੰਬਦਾ ਹੋਇਆ ਪਿਆ ਰਿਹਾ। ਸਵੇਰੇ ਉੱਠਿਆ ਤਾਂ ਅੰਦਰ ਜਾ ਕੇ ਉਸਦੀਆਂ ਆਪਣੀਆਂ ਅੱਖਾਂ ਹੀ ਕਮਰੇ ਨੂੰ ਦੇਖ ਕੇ ਦੰਗ ਰਹਿ ਗਈਆਂ। ਰੂਪਾ ਕਦੋਂ ਜਾਗੀ, ਪਤਾ ਨਹੀਂ। ਪਰ ਚੁੱਲ੍ਹਾ ਤਪਾ ਕੇ ਉਹਨੇ ਚਾਹ ਧਰ ਰੱਖੀ ਸੀ, ਚਟਾਈ ਤੇ ਸਿਰਹ੍ਹਾਣੇ ਨੂੰ ਸਲੀਕੇ ਨਾਲ ਤਹਿ ਕਰਕੇ ਇੱਕ ਲੋਹੇ ਦੇ ਪਏ ਟਰੰਕ ਤੇ ਰੱਖ ਦਿੱਤਾ ਸੀ। ਖਿੰਡੇ ਹੋਏ ਸਮਾਨ ਨੂੰ ਇਕੱਠਾ ਕੀਤਾ, ਧਰਤੀ ਤੇ ਪਈਆਂ ਅਣਗਿਣਤ ਮਾਚਿਸ ਦੀਆਂ ਸੀਖਾਂ ਨੂੰ ਚੁੱਕਿਆ ਤੇ



ਕੂੜੇਦਾਨ ਵਿਚ ਪਾਇਆ। ਝਾੜੂ ਮਾਰ ਕੇ ਹੁਣ ਪੈਰਾਂ ਭਾਰ ਬਹਿ ਕੇ ਪੋਚਾ ਲਾ ਰਹੀ ਸੀ।

"ਬਈ, ਇਹ ਸਾਰਾ ਕੁਝ ਕਿਉਂ ਕਰ ਰਹੀ ਐ ?" ਕਹਿੰਦੇ ਹੋਏ ਸ਼ਾਦਾਬ ਨੇ ਚੁੱਲ੍ਹੇ ਕੋਲ ਜਾ ਕੇ ਉਬਲਦੀ ਹੋਈ ਚਾਹ ਨੂੰ ਦੋ ਕੱਪਾਂ ਵਿਚ ਪੁਣ ਲਿਆ। ਫੇਰ ਸਾਫ਼ ਕੀਤੀ ਜ਼ਮੀਨ ਤੇ ਚਟਾਈ ਵਿਛਾਈ, ਇਕ ਟ੍ਰੇਅ ਵਿਚ ਦੋਵੇਂ ਕੱਪ ਰੱਖੇ ਅਤੇ ਕੁਝ ਮੱਠੀਆਂ ਰੱਖ ਕੇ ਆਪ ਵੀ ਚਟਾਈ ਤੇ ਬੈਠ ਗਿਆ।

"ਆ ਹੁਣ ਹੱਥ—ਪੈਰ ਧੋ ਕੇ ਚਾਹ ਪੀ ਲੈ ਰੂਪਾ"। ਉਹਨੇ ਹੱਥਾਂ ਨੂੰ ਰਗੜਦੇ ਹੋਏ ਉਹਨੂੰ ਕਿਹਾ।

ਰੂਪਾ ਨੇ ਸਫ਼ਾਈ ਦਾ ਕੱਪੜਾ ਇੱਕ ਖੂੰਜੇ ਵਿਚ ਫੈਲਾਅ ਕੇ ਟੂਟੀ ਦੇ ਥੱਲੇ ਆਪਣੇ ਦੋਵੇਂ ਹੱਥਾਂ ਨੂੰ ਰਗੜ—ਰਗੜ ਕੇ ਧੋਇਆ ਅਤੇ ਆ ਕੇ ਚਟਾਈ ਤੇ ਸ਼ਾਦਾਬ ਦੇ ਕੋਲ ਹੀ ਬਹਿ ਗਈ। ਕੱਲ੍ਹ ਅਤੇ ਅੱਜ ਦੇ ਵਿਚਾਲੇ ਦੀ ਘਟਨਾ ਨੂੰ ਦੁਰਘਟਨਾ ਮੰਨ ਕੇ ਰੂਪਾ ਨੇ ਉਹਨੂੰ ਆਪਣੇ ਅੰਦਰ ਹੀ ਕਿਤੇ ਦਫ਼ਨਾਉਣ ਦਾ ਧਾਰ ਲਿਆ ਸੀ। ਬੀਤੇ ਕੱਲ੍ਹ ਨੂੰ ਬੁਰਾ ਸੁਪਨਾ ਮੰਨ ਕੇ ਭੁੱਲਣ ਵਿਚ ਹੀ ਉਹਦਾ ਭਲਾ ਸੀ। ਉਹਨੂੰ ਚਾਚੀ ਦੀ ਗੱਲ ਯਾਦ ਆਈ— 'ਕਮਲੀ ਨਾ ਹੋਵੇ, ਹੋਰ ਕੌਣ! ਇਹੀ ਤਾਂ ਮੁੰਡੇ ਵਾਲੇ ਹਨ। ਹੁਣ ਤੇਰਾ ਘਰ ਵਸਣ ਵਾਲਾ ਹੈ, ਤੂੰ ਹੋਵੇਗੀ, ਤੇਰਾ ਘਰਵਾਲਾ ਹੋਵੇਗਾ ਅਤੇ ਫਿਰ ਨਵੀਂ ਗ੍ਰਹਿਸਥੀ ਦੀ ਸ਼ੁਰੂਆਤ ਹੋਵੇਗੀ। ਇਹੀ ਤਾਂ ਹਰ ਇਕ ਕੁੜੀ ਦੇ ਜੀਵਨ ਦਾ ਇਕ ਅਜਿਹਾ ਹਿੱਸਾ ਹੁੰਦਾ ਹੈ ਜਦੋਂ ਉਹ ਕੁੜੀ ਤੋਂ ਇਕ ਸੁਆਣੀ ਬਣ ਜਾਂਦੀ ਹੈ, ਘਰ ਦੀ ਮਾਲਕਣ ਹੋ ਕੇ ਆਪਣੇ ਘਰ ਪਰਿਵਾਰ ਨੂੰ ਅੱਗੇ ਵਧਾਉਂਦੀ ਹੈ।'

ਰੂਪਾ ਨੂੰ ਲੱਗਿਆ ਜਿਵੇਂ ਉਹਨੂੰ ਆਪਣੇ ਮਨ ਦਾ ਮੀਤ ਸ਼ਾਦਾਬ ਦੇ ਰੂਪ ਵਿਚ ਮਿਲ ਗਿਆ ਸੀ, ਜਿਹੜਾ ਐਨ ਮੌਕੇ ਤੇ ਗੁੰਡੇ ਅਤੇ ਬਦਮਾਸਾਂ ਤੋਂ ਉਹਦੀ ਰੱਖਿਆ ਕਰਨ ਵਿਚ ਵੀ ਸਮਰੱਥ ਸੀ। ਹੁਣ ਸ਼ਾਦਾਬ ਹੀ ਉਹਦਾ ਰੱਖਿਅਕ ਸੀ, ਉਹੀ ਘਰਵਾਲਾ ਵੀ। ਇੱਕ ਗੁੰਡਾ ਹੁੰਦੇ ਹੋਏ ਵੀ ਉਸ ਵਿਚ ਇਨਸਾਨੀਅਤ ਵਾਲੇ ਚੰਗੇ ਗੁਣ ਸਨ। ਔਰਤ ਦਾ ਮਾਣ-ਸਨਮਾਨ ਕਰਨਾ ਉਹਨੂੰ ਆਉਂਦਾ ਸੀ। ਉਹ ਹੀ ਉਹਦਾ ਅਸਲੀ ਰੱਖਿਅਕ ਹੈ ਅਤੇ ਇਹ ਉਹਦਾ ਘਰ। ਉਹ ਕੁੜੀ ਤੋਂ ਸੁਆਣੀ, ਘਰ ਦਾ ਮਾਣ ਹੈ ਅਤੇ ਇਹ ਹੀ ਉਹਦਾ ਘਰ ਪਰਿਵਾਰ ਹੈ।

ਰੂਪਾ ਨੂੰ ਲੱਗਿਆ ਕਿ ਜਿਵੇਂ ਉਹਦੀ ਜ਼ਿੰਦਗੀ ਵਿਚ ਖ਼ੁਸ਼ੀਆਂ ਭਰ ਗਈਆ ਹੋਣ। 'ਸਾਉਣ ਦਾ ਮਹੀਨਾ, ਪਵਨ ਕਰੇ ਸ਼ੋਰ' ਵਰਗਾ ਕੁਝ ਮਿੱਠਾ ਮਿੱਠਾ ਅਹਿਸਾਸ ਮਨ ਵਿਚ ਉਭਰਿਆ, ਪਰ ਇਹ ਮੇਲੇ ਵਾਲਾ ਸ਼ੋਰ ਨਹੀਂ ਸੀ। ਮਨ ਅੰਦਰ ਲਹਿਰਾਉਂਦੀਆਂ ਖ਼ੁਸ਼ੀਆਂ ਦਾ ਸ਼ੋਰ ਸੀ, ਜਿਹੜਾ ਦਿਲ ਦੀਆਂ

ਕੰਧਾਂ ਨਾਲ ਖਹਿ ਕੇ ਆਪਣੇ ਹੋਣ ਦਾ ਐਲਾਨ ਕਰ ਰਿਹਾ ਸੀ, ਏਵੇਂ ਜਿਵੇਂ ਉਹਨੇ ਜ਼ਿੰਦਗੀ ਦੇ ਤੰਗ ਰਾਹਾਂ ਤੋਂ ਨਿਕਲ ਖੁੱਲ੍ਹੇ ਅਸਮਾਨ ਹੇਠਾਂ ਆਸਰਾ ਲਿਆ ਹੋਵੇ।

"ਆ ਰੂਪਾ, ਗਰਮ ਗਰਮ ਚਾਹ ਪੀ ਲੈ" ਕਹਿੰਦੇ ਹੋਏ ਸ਼ਾਦਾਬ ਨੇ ਮੱਠੀ ਦਾ ਟੁਕੜਾ ਚੁੱਕ ਕੇ ਮੂੰਹ 'ਚ ਪਾਇਆ ਅਤੇ ਚਾਹ ਦਾ ਕੱਪ ਉਹਦੇ ਵਲ ਵਧਾਇਆ। ਰੂਪਾ ਨੇ ਇੱਕ ਘੁੱਟ ਚਾਹ ਦੀ ਭਰੀ ਅਤੇ ਦੇਖਿਆ ਕਿ ਸ਼ਾਦਾਬ ਉਹਨੂੰ ਪਿਆਰ ਭਰੀਆਂ ਅੱਖਾਂ ਨਾਲ ਦੇਖ ਰਿਹਾ ਸੀ। ਉਹਨੇ ਵੀ ਮੱਠੀ ਦਾ ਟੁਕੜਾ ਚੁੱਕ ਕੇ ਉਹਦੇ ਮੂੰਹ 'ਚ ਪਾਇਆ ਅਤੇ ਦੂਸਰਾ ਚਾਹ ਦਾ ਕੱਪ ਉਹਦੇ ਵਲ ਵਧਾਇਆ। ਸ਼ਾਦਾਬ ਨੇ ਬਹੁਤ ਪਿਆਰ ਨਾਲ ਉਹਦੇ ਚਾਹ ਵਾਲੇ ਹੱਥ ਨੂੰ ਛੂਹਿਆ, ਪਲੋਸਿਆ ਅਤੇ ਕੱਪ ਫੜ ਕੇ ਚਾਹ ਦੀ ਇੱਕ ਘੁੱਟ ਭਰੀ।

ਹੁਣ ਚਾਹ ਦੇ ਘੁੱਟ ਦੀ ਆਵਾਜ਼ ਵਿਚ ਪਤਾ ਨਹੀਂ ਕੀ ਸੀ, ਰੂਪਾ ਨੇ ਆਪਣੀਆਂ ਨਜ਼ਰਾਂ ਉਤਾਂਹ ਕਰਕੇ ਪਲਕਾਂ ਝਪਕੀਆਂ ਅਤੇ ਫੇਰ ਉਹਦੀਆਂ ਅੱਖਾਂ ਦੀਆਂ ਪੁਤਲੀਆਂ ਨੱਚਣ ਲੱਗੀਆਂ। ਸ਼ਾਦਾਬ ਦੀਆਂ ਅੱਖਾਂ ਵਿੱਚੋਂ ਦੋ ਹੰਝੂ ਨਿਕਲੇ ਜਿਹੜੇ ਰੂਪਾ ਨੇ ਆਪਣੀ ਹਥੇਲੀ ਵਿਚ ਸਮੇਟ ਲਏ। ਦੋਵਾਂ ਦੀਆਂ ਅੱਖਾਂ ਇੱਕ ਦੂਜੇ ਦੀਆਂ ਅੱਖਾਂ ਵਿਚ ਆਪਣੀ ਗੁਆਚੀ ਹੋਈ ਪਛਾਣ ਦੇ ਅਕਸ ਦੇਖਦੀਆਂ ਰਹੀਆਂ।

ਬਸ ਇੱਕ ਹੀ ਸੱਚ ਮੂਹਰੇ ਸੀ, ਦੋਵਾਂ ਨੇ ਸ਼ਾਇਦ ਇੱਕ-ਦੂਜੇ ਵਿਚ ਆਪਣਾ ਗੁਆਚਿਆ ਅਕਸ ਲੱਭ ਲਿਆ ਸੀ। ਰੂਪਾ ਨੇ ਆਪਣੀਆਂ ਅੱਖਾਂ ਉਤਾਂਹ ਕਰਕੇ ਪਲਕਾਂ ਝਪਕੀਆਂ ਅਤੇ ਫੇਰ ਅੱਖਾਂ ਦੀਆਂ ਪੁਤਲੀਆਂ ਨੂੰ ਫੇਰਦੇ ਹੋਏ ਹੱਸਣ ਲੱਗੀ। ਦੋਵਾਂ ਦੀਆਂ ਅੱਖਾਂ ਗਿੱਲੀਆਂ ਸਨ, ਇੱਕ ਨਵੀਂ ਖ਼ੁਸ਼ੀ ਦੇ ਨਾਲ ਉਨ੍ਹਾਂ ਦੀ ਮੁਲਾਕਾਤ ਜੋ ਹੋਈ ਸੀ।

—o—



# ਕਮਲੀ

"ਕੁੜੇ ਕਮਲੀ ਸੁਣ ਤਾਂ, ਮੇਰਾ ਹੁੱਕਾ ਤਾਂ ਭਰ ਦੇ। ਦੋ ਚਾਰ ਕਸ਼ ਲਾ ਲਵਾਂ ਤਾਂ ਚਸ ਚਸ ਕਰਦਾ ਮਗਜ਼ ਕੁੱਝ ਠੰਡਾ ਹੋਵੇ!" ਨਾਨੀ ਨੇ ਹੁਕਮ ਭਰੇ ਲਹਿਜੇ ਵਿਚ ਏਵੇਂ ਆਵਾਜ਼ ਦਿੱਤੀ ਕਿ ਵਿਹੜੇ 'ਚੋਂ ਲੰਘਦਾ ਹੋਇਆ ਉਸਦਾ ਸੁਨੇਹਾ ਰਸੋਈ ਵਿਚ ਉਹਦੇ ਕੰਨਾਂ ਤੱਕ ਆ ਪਹੁੰਚਿਆ।

"ਅੰਮਾ ਹੁਣੇ ਆਈ, ਬਸ ਹੁਣੇ ਆਈ ।" ਉੱਥੋਂ ਹੀ ਜਵਾਬ ਦਿੰਦਿਆਂ ਕਮਲੀ ਨੇ ਕਿਹਾ।

"ਮਰ ਜਾਣੀਏ ਤੂੰ ਮੇਰੇ ਕੰਮ ਲਈ ਕਦੇ ਵਿਹਲੀ ਨਹੀਂ ਹੁੰਦੀ, ਹਮੇਸ਼ਾ ਟਲਦੀ ਰਹਿੰਨੀ ਐ, ਨਖ਼ਰੇ ਵੀ ਕੋਈ ਘੱਟ ਨੀਂ ਤੇਰੇ, ਨਿੱਤ ਦਿਨ ਵਧਦੇ ਹੀ ਜਾ ਰਹੇ ਨੇ। ਹੁਣ ਤੂੰ ਕਮਲੀ ਤੋਂ ਕਮਸਿਨ ਬਣ ਗਈ ਐਂ।"

"ਨਾਨੀ ਬਸ ਦੋ ਚਾਰ ਭਾਂਡੇ ਰਹਿ ਗਏ, ਮਾਂਜ ਕੇ ਹੀ ਆਉਨੀ ਆਂ" ਕਮਲੀ ਦੀ ਆਵਾਜ਼ ਫੇਰ ਰਸੋਈ 'ਚੋ ਨਾਨੀ ਦੇ ਕੰਨਾਂ ਤੱਕ ਆਈ।

"ਤੇਰੀ ਆਵਾਜ਼ ਤਾਂ ਬਾਹਰ ਆਉਂਦੀ ਹੈ ਪਰ ਤੂੰ ਨਹੀਂ ਆਉਂਦੀ, ਭਾਂਡੇ ਮਾਂਜਣ ਦਾ ਕੀ ਅਹਿਸਾਨ ਕਰਦੀ ਐਂ, ਖਾਣਾ ਨੀ ਖਾਂਦੀ, ਮੈਨੂੰ ਕੀ ਦੱਸਦੀ ਐਂ ? ਕੀ ਖਾਣਾ ਵੀ ਦੱਸ ਕੇ ਖਾਂਦੀ ਐਂ ? ਪਤਾ ਨੀ ਕੀ ਹੋ ਗਿਆ ਹੈ ਅੱਜ ਕੱਲ੍ਹ ਦੇ ਜ਼ਮਾਨੇ ਨੂੰ, ਬੱਚੇ ਤਾਂ ਬੱਚੇ ਨੌਕਰਾਂ ਦੀ ਵੀ ਜ਼ਬਾਨ ਚੱਲਣ ਲੱਗੀ ਹੈ।"

"ਦੇਵਕੀ ਨੀ ਦੇਵਕੀ ਤੂੰ ਹੀ ਆ ਕੇ ਹੁੱਕਾ ਤਿਆਰ ਕਰਦੇ, ਏਹਨੂੰ ਤਾਂ ਵਿਹਲ ਨੀਂ ਮਿਲਦੀ ਮੇਰੇ ਕੰਮ ਵਾਸਤੇ। ਨਾਲੇ ਦੇਖੀਂ ਕਿਤੇ ਰਸੋਈ 'ਚ ਕੋਲੇ ਹੀ ਨਾ ਬੁਝ ਜਾਣ।"

"ਆਈ ਨਾਨੀ!" ਮੈਂ ਆਪਣੀ ਕਿਤਾਬ ਬਿਸਤਰੇ 'ਚ ਹੀ ਰੱਖ ਕੇ ਬਾਹਰ ਆ ਗਈ। ਤੁਰੰਤ ਨਾ ਆਉਣ ਦਾ ਨਤੀਜਾ ਮੈਂ ਜਾਣਦੀ ਸੀ।

"ਤੂੰ ਗੂੰਗੀ ਬਣ ਗਈ ਹੁਣ, ਮੈਂ ਤਾਂ ਹਿੰਦੁਸਤਾਨ 'ਚ ਆ ਕੇ ਹੀ ਪਛਤਾ ਰਹੀ ਹਾਂ।"

ਪਛਤਾ ਰਹੀ ਹੋਵੇਂਗੀ, ਜ਼ਰੂਰ ਹੀ ਪਛਤਾ ਰਹੀ ਹੋਵੇਂਗੀ। ਸਿੰਧ ਵਿਚ ਤਾਂ ਚਾਰ ਚਾਰ ਨੌਕਰ-ਚਾਕਰ ਜਿਹੜੇ ਤੇਰੇ ਅੱਗੇ ਪਿੱਛੇ ਘੁੰਮਦੇ ਸਨ, ਇੱਥੇ ਤਾਂ ਇਹ ਵਿਚਾਰੀ 'ਕੱਲੀ ਹੀ ਹੈ, ਕਿਹੜੇ ਕੰਮ ਨੂੰ ਕਰੇ...ਕਿਹੜੇ ਨੂੰ ਛੱਡੇ...। ਸੋਚਿਆ ਪਰ ਕਹਿ ਨਾ ਸਕੀ। ਝਿੜਕਾਂ ਕੌਣ ਖਾਣਾ ਚਾਹੁੰਦਾ ਹੈ ?

ਮੇਰੀ ਗੱਲ ਮੇਰੇ ਮੂੰਹ ਵਿਚ ਹੀ ਰਹਿ ਗਈ। ਨਾਨੀ ਦੀ ਆਵਾਜ਼ ਰੋਅਬਦਾਰ ਤਾਂ ਸੀ ਹੀ, ਪਰ ਗ਼ੁੱਸੇ ਵਿਚ ਤਾਂ ਹੋਰ ਹੀ ਚਿੰਗਾੜੇ ਨਿਕਲਦੇ ਸਨ। ਕੁਝ ਹੋਰ ਸੁਣਾਂ ਇਸ ਤੋਂ ਪਹਿਲਾਂ ਹੀ ਹੁੱਕਾ ਚੁੱਕ ਕੇ ਹੌਦੀ ਵਲ ਨੂੰ ਤੁਰ ਪਈ। ਪੁਰਾਣਾ ਪਾਣੀ ਕੱਢਿਆ, ਤਾਜ਼ਾ ਪਾਣੀ ਭਰਿਆ, ਟੋਪੀ (ਚਿਲਮ) ਨੂੰ ਮੂਧਾ ਕਰਕੇ ਰਾਖ ਝਾੜੀ ਫੇਰ ਅੰਗਾਰੇ ਪਾਉਣ ਲਈ ਰਸੋਈ ਵਿਚ ਗਈ।

ਕਮਲੀ ਨੇ ਅੱਖਾਂ ਉਤਾਂਹ ਕਰਕੇ ਮੇਰੇ ਵਲ ਦੇਖਿਆ। ਲੱਗਿਆ ਜਿਵੇਂ ਉਹ ਬਹੁਤ ਬੇਜਾਨ ਜਿਹੀ ਹੋ ਗਈ ਸੀ। ਸ਼ਾਇਦ ਕੰਮ ਦਾ ਬੋਝ ਉਸ ਤੋਂ ਚੁੱਕਿਆ ਨਹੀਂ ਜਾ ਰਿਹਾ ਸੀ ਅਤੇ ਉਪਰੋਂ ਤਾਅਨਿਆਂ ਦੀ ਵਰਖਾ। ਕਮਲੀ ਮੇਰੇ ਹਾਣ ਦੀ ਸੀ, ਨਾਨੀ ਦੀ ਦੋਹਤੀ ਮੈਂ ਵੀ ਸੀ ਉਹ ਵੀ। ਪਰ ਫ਼ਰਕ ਸੀ ਮੈਂ ਚੰਗੇ ਬਿਸਤਰੇ 'ਤੇ ਸੌਂਦੀ। ਉਹ ਮਿਹਨਤ ਦੀ ਚੱਕੀ 'ਚ ਪਿਸਦੀ ਰਹਿੰਦੀ। ਮੈਂ ਪੜ੍ਹਨ ਵਾਸਤੇ ਸਕੂਲ ਜਾਂਦੀ, ਉਹ ਰਸੋਈ ਸੰਭਾਲਦੀ।

ਆਪਣੀ ਪਿੱਠ 'ਤੇ ਮੇਰੀ ਛੋਹ ਮਹਿਸੂਸ ਕਰਕੇ ਉਸਦੀਆਂ ਅੱਖਾਂ ਗਿੱਲ੍ਹੀਆਂ ਹੋ ਗਈਆਂ। ਲੱਗਿਆ ਜਿਵੇਂ ਪੁਰਾਣੇ ਜ਼ਖ਼ਮਾਂ 'ਚੋਂ ਕੁਝ ਰਿਸ ਰਿਹਾ ਹੋਵੇ, ਪਰ ਉਹ ਚੁੱਪ ਸੀ। ਖਾਮੋਸ਼ੀ ਵੀ ਕਿੰਨੀ ਅਜੀਬ ਹੁੰਦੀ ਹੈ। ਆਪਣੀ ਹੀ ਭਾਸ਼ਾ ਵਿਚ ਕਿੰਨੀਆਂ ਹੀ ਕਹਾਣੀਆਂ ਇਕ ਵਾਰੀ 'ਚ ਕਹਿ ਜਾਂਦੀ ਹੈ। ਹਾਂ ਇਹ ਗੱਲ ਜ਼ਰੂਰ ਹੈ ਕਿ ਕੋਈ ਇਸ ਨੂੰ ਸਮਝੇ ਚਾਹੇ ਨਾ ਸਮਝੇ। ਕੋਈ ਮਹਿਸੂਸ ਕਰੇ ਜਾਂ ਨਾ ਕਰੇ।

"ਕਮਲੀ ਤੂੰ ਭਾਂਡੇ ਮਾਂਜ—ਮਾਂਜ ਕੇ ਰੱਖਦੀ ਜਾਹ, ਮੈਂ ਧੋ ਦਿੰਦੀ ਹਾਂ। ਏਵੇਂ ਕੰਮ ਜਲਦੀ ਮੁੱਕ ਜੂ। ਫੇਰ ਤੂੰ ਥੋੜ੍ਹਾ ਅਰਾਮ ਕਰ ਲੀਂ।"

"ਨਹੀਂ ਬੀਬੀ, ਮੈਂ ਆਪੇ ਕਰ ਲਵਾਂਗੀ। ਤੁਸੀਂ ਨਾਨੀ ਦਾ ਹੁੱਕਾ ਭਰ ਦਿਓ" ਅਤੇ ਉਸਦੀ ਨੱਕ ਦੀ ਸੁਰੜ-ਸੁਰੜ ਨੇ ਬਹੁਤ ਕੁਝ ਵਹਿਣ ਤੋਂ ਰੋਕ ਲਿਆ। ਏਨਾ ਤਾਂ ਮੇਰੇ ਬਾਲ ਮਨ ਨੇ ਸਮਝ ਹੀ ਲਿਆ ਸੀ।

ਮੈਂ ਹੁੱਕਾ ਲਿਆ ਕੇ ਨਾਨੀ ਦੇ ਮੰਜੇ ਤੇ ਰੱਖ ਦਿੱਤਾ ਅਤੇ ਆਪਣੇ ਕਮਰੇ ਵਲ ਜਾਣ ਲਈ ਪੈਰ ਵਧਾਇਆ ਹੀ ਸੀ ਕਿ ਸਾਹਮਣਿਓਂ ਨਾਨੂ ਜਾਨ ਵਿਹੜੇ ਵਿਚ ਆਉਂਦੇ ਹੋਏ ਦਿਖਾਈ ਦਿੱਤੇ।

"ਸਲਾਮ ਨਾਨੂ ਜਾਨ!" ਮੈਂ ਭੱਜ ਕੇ ਆਪਣੀਆਂ ਬਾਹਾਂ ਉਨ੍ਹਾਂ ਦੇ ਆਲੇ ਦੁਆਲੇ ਵਲ਼ਦੇ ਹੋਏ ਕਿਹਾ।

"ਸਲਾਮ ਬੇਟਾ ਖੁਸ਼ ਰਹੋ ! ਹੋਰ ਪੜ੍ਹਾਈ ਠੀਕ ਠਾਕ ਚਲ ਰਹੀ ਐ ਨਾ ?" ਨਾਨੂ ਨੇ ਮੇਰੇ ਸਿਰ ਤੇ ਹੱਥ ਫੇਰਦੇ ਹੋਏ ਕਿਹਾ।

"ਹਾਂ ਨਾਨੂ, ਬਿਲਕੁਲ ਠੀਕ ਚਲ ਰਹੀ ਹੈ।" ਕਹਿ ਕੇ ਮੈਂ ਤੁਰਨ ਹੀ ਲੱਗੀ ਸਾਂ, ਪਰ ਮੇਰੇ ਪੈਰ ਰੁਕ ਗਏ।

"ਕੁੜੀਆਂ ਨੂੰ ਪੜ੍ਹਾਉਣਾ ਫ਼ਜ਼ੂਲ ਹੈ, ਐਵੇਂ ਪੜ੍ਹ—ਪੜ੍ਹ ਕੇ ਡਮਾਕ ਖਰਾਬ



ਹੋ ਜਾਂਦਾ ਇਨ੍ਹਾਂ ਦਾ" ਨਾਨੀ ਨੇ ਇੱਕ ਲੰਮਾ ਕਸ਼ ਭਰਦੇ ਹੋਏ ਬਿਨਾਂ ਮੰਗਿਆਂ ਆਪਣੀ ਰਾਇ ਦਿੱਤੀ।

"ਕਿਉਂ ਨਾ ਪੜ੍ਹਨ ? ਜ਼ਮਾਨਾ ਵੀ ਤਾਂ ਬਦਲਿਆ ਹੈ ਕਿ ਨਹੀਂ। ਮੈਂ ਤਾਂ ਕਹਿੰਨਾ ਹਾਂ ਕਿ ਕਮਲੀ ਨੂੰ ਵੀ ਏਹਦੇ ਸਕੂਲ ਵਿਚ ਹੀ ਦਾਖਲ ਕਰਵਾ ਦਿਓ, ਦੋਵਾਂ ਦਾ ਸਾਥ ਵੀ ਹੋਜੂ ਅਤੇ ਪੜ੍ਹਾਈ ਵੀ।"

"ਹੁਣ ਚੁੱਪ ਵੀ ਕਰੋ, ਜ਼ਿਆਦਾ ਦਿਮਾਗ ਨਾ ਖ਼ਰਾਬ ਕਰੋ ਉਹਦਾ। ਉਹ ਪੜ੍ਹੂਗੀ ਤਾਂ ਘਰ ਦਾ ਕੰਮ ਕੌਣ ਕਰੂ ? ਮੈਂ ਤਾਂ ਬੋਲ ਕੇ ਹੀ ਫਸ ਗਈ" ਅਤੇ ਨਾਨੀ ਦੀ ਬੁੜਬੁੜ ਸਰਕਦੀ ਹੋਈ ਮੇਰੇ ਕੰਨਾਂ ਤੱਕ ਪਹੁੰਚੀ, ਜਿਹਦੇ ਵਿਚ ਕੁਝ ਕੁੜੱਤਣ ਭਰੇ ਸ਼ਬਦ ਸਨ ਜਿਹੜੇ ਪਿਘਲੀ ਹੋਈ ਲੁੱਕ ਦੇ ਵਾਂਗੂੰ ਮੇਰੇ ਕੰਨਾਂ 'ਚ ਤੈਰਦੇ ਰਹੇ।

"ਹੁਣ ਗੱਲ ਨੂੰ ਅੱਗੇ ਨਾ ਵਧਾ।" ਨਾਨੂ ਨੇ ਆਪਣੇ ਕਮਰੇ ਵਲ ਰੁਖ਼ ਕਰਦੇ ਹੋਏ ਕਿਹਾ।

"ਨੀਵੀਂ ਜਾਤ ਦੇ ਲੋਕ ਹਨ—ਕਿੰਨਾ ਵੀ ਭਲਾ ਕਰੋ ਭੁੱਲ ਜਾਂਦੇ ਹਨ। ਜ਼ਮਾਨਾ ਵੀ ਬਦਲ ਗਿਆ ਹੈ। ਨਾ ਉਹ ਲੋਕ ਰਹੇ ਹਨ ਨਾ ਉਨ੍ਹਾਂ ਵਰਗੀ ਗੱਲ ਰਹੀ ਹੈ ਕਿਸੇ ਵਿਚ।"

"ਭਾਗਵਾਨੇ, ਹੁਣ ਦੋ ਘੜੀ ਚੁੱਪ ਵੀ ਕਰ ਜਾ। ਵਿਚਾਰੀਆਂ ਦੋਵੇਂ ਕੁੜੀਆਂ ਕੀ ਕੁਝ ਨੀਂ ਕਰਦੀਆ ? ਤੇਰੀ ਹਰ ਫ਼ਰਮਾਇਸ਼ ਪੂਰਾ ਕਰਦੀਆਂ ਨੇ, ਇੱਕ ਅੱਧਾ ਮਿੰਟ ਦੇਰ ਸਵੇਰ ਤਾਂ ਹੋ ਜਾਂਦੀ ਹੈ। ਤੂੰ ਤਾਂ ਉਮਰ ਭੋਗ ਲਈ ਹੈ, ਇਨ੍ਹਾਂ ਦੀ ਪੂਰੀ ਜ਼ਿੰਦਗੀ ਪਈ ਹੈ। ਮੈਨੂੰ ਤੇਰੀਆਂ ਇਹ ਗੱਲਾਂ ਬਿਲਕੁਲ ਚੰਗੀਆਂ ਨਹੀਂ ਲਗਦੀਆਂ ਅਤੇ ਨਾ ਹੀ ਤੈਨੂੰ ਅਜਿਹਾ ਕਰਨਾ ਸ਼ੋਭਾ ਦਿੰਦਾ ਹੈ।"

"ਨਹੀਂ ਚੰਗੀਆਂ ਲਗਦੀਆਂ ਤਾਂ...."

ਅਜੇ ਨਾਨੀ ਦੀ ਗੱਲ ਪੂਰੀ ਵੀ ਨਹੀਂ ਹੋਈ ਸੀ ਕਿ ਨਾਨੂ ਨੇ ਰੋਅਬਦਾਰ ਆਵਾਜ਼ ਵਿਚ ਕਿਹਾ-"ਆਪਣੇ ਹੀ ਘਰ ਵਿਚ ਬੰਦਾ ਕੁਝ ਸਮਾਂ ਚੈਨ ਨਾਲ ਬੈਠ ਸਕੇ ਅਜਿਹਾ ਮਾਹੌਲ ਹੀ ਨਹੀਂ ਰਿਹਾ। ਕੰਮ ਤੋਂ ਵਾਪਸ ਆਓ ਤਾਂ ਘਰ, ਘਰ ਲਗਣਾ ਹੀ ਚਾਹੀਦਾ ਹੈ। ਇੱਥੇ ਤਾਂ ਹਰ ਟੈਮ੍ਹ ਤੂੰ ਲੂੱਤੀਆਂ ਲਾਉਣ ਨੂੰ ਤਿਆਰ ਹੀ ਰਹਿੰਨੀ ਐ।"

"ਹਾਂ ਹਾਂ ਹੁਣ ਮੈਂ ਲੂੱਤੀਆਂ ਲਾਉਂਦੀ ਹਾਂ ਅਤੇ ਉਹ ਤੇਰੀ....ਇਹੀ ਕਹਿਣਾ ਚਾਹੁੰਦੇ ਹੋ ਨਾ"

"ਹੁਣ ਬਸ ਵੀ ਕਰ, ਮੈਂ ਤਾਂ ਜਾ ਕੇ ਪੈਂਦਾ ਹਾਂ।"

"ਖਾਣਾ ਤਾਂ ਖਾ ਲਓ...ਕੀ ਐਵੇਂ ਹੀ ਭੁੱਖੇ ਢਿੱਡ ਪੈਜੋਗੇ ? ਕਮਲੀ ਨੀ ਕਮਲੀਏ ਆਪਣੇ ਨਾਨੂ ਨੂੰ ਖਾਣਾ ਤਾਂ ਦੇ, ਜਲਦੀ ਹੱਥ ਪੈਰ ਮਾਰ।" ਨਾਨੀ

ਦੀ ਬੁਲੰਦ ਆਵਾਜ਼ ਸੁਣਨ ਵਿਚ ਆਈ।

"ਜੀ ਆਈ ਨਾਨੀ, ਹੁਣੇ ਆਈ। ਤਵੇ ਤੋਂ ਗਰਮ ਰੋਟੀ ਲਾਹ ਕੇ ਲਿਆਉਨੀ ਆਂ।"

ਮੈਂ ਏਨੀ ਵੱਡੀ ਤਾਂ ਨਹੀਂ ਸੀ ਪਰ ਪਤਾ ਨੀ ਕਿਉਂ ਨਾਨੀ ਦੀ ਵਿਅੰਗ ਭਰੀ ਆਵਾਜ਼ ਵਿਚ ਆਖੀਆਂ ਗੱਲਾਂ ਮੇਰੇ ਅੰਦਰ ਤੀਰ ਵਾਂਗੂ ਚੁਭ ਗਈਆਂ। ਅਮੀਰੀ ਗ਼ਰੀਬੀ ਦੀ ਕੰਧ ਨਾਜ਼ੁਕ ਨਹੀਂ, ਇੱਟਾਂ ਤੋਂ ਵੀ ਜ਼ਿਆਦਾ ਮਜ਼ਬੂਤ ਹੁੰਦੀ ਹੈ। ਲਾਰਾਕਣੇ ਵਿਚ ਵੱਡਾ ਕਾਰੋਬਾਰ ਸੀ। ਜ਼ਿਮੀਦਾਰੀ ਸੀ, ਵੱਡੀ ਹਵੇਲੀ ਸੀ, ਬੱਘੀ ਸੀ, ਚਾਰ ਚਾਰ ਦਾਸੀਆਂ ਦਿਨ ਰਾਤ ਉਨਾਂ ਦੇ ਅੱਗੇ ਪਿੱਛੇ ਘੁੰਮਦੀਆਂ ਸਨ। ਇੱਕ ਸਾਰਾ ਦਿਨ ਘਰ ਦੀ ਸਫ਼ਾਈ ਕਰਦੀ, ਬਿਸਤਰੇ ਵਿਛਾਉਂਦੀ, ਕੱਪੜੇ ਧੋਂਦੀ, ਉਹਨਾਂ ਨੂੰ ਸੁਕਾ ਕੇ ਪ੍ਰੈਸ ਕਰਨ ਲਈ ਰੱਖ ਦਿੰਦੀ। ਦੂਜੀ ਚਾਹ ਪਾਣੀ ਨਾਸ਼ਤਾ, ਦੋ ਟੈਮ੍ਹ ਦੇ ਖਾਣੇ ਦਾ ਪੂਰਾ ਪ੍ਰਬੰਧ ਕਰਦੀ। ਤੀਜੀ ਘਰ ਦੀ ਜ਼ਰੂਰਤ ਦੀ ਹਰ ਚੀਜ਼ ਨੂੰ ਬਾਜ਼ਾਰੋਂ ਲਿਆਉਂਦੀ ਅਤੇ ਸਮੁੱਚੇ ਘਰ ਦੀ ਦੇਖਭਾਲ ਕਰਦੀ ਅਤੇ ਚੌਥੀ ਇਹ 'ਕਮਲੀ' ਜਿਹੜੀ ਦਸ ਸਾਲ ਦੀ ਉਮਰ ਤੋਂ ਹੀ ਨਾਨੀ ਦੀ ਸੇਵਾ ਵਿਚ ਲੱਗੀ ਹੋਈ ਹੈ—ਨਾਨੀ ਦੀ ਹਰ ਆਵਾਜ਼ ਤੇ ਹਾਜ਼ਰ ਹੋ ਜਾਂਦੀ ਹੈ, ਫੇਰ ਚਾਹੇ ਕਿਸੇ ਵੀ ਸਮੇਂ ਕੋਈ ਵੀ ਚੀਜ਼ ਦੀ ਲੋੜ ਹੋਵੇ।

"ਨੀ ਮੇਰੀਆਂ ਚੱਪਲਾਂ ਤਾਂ ਲਿਆਈਂ, ਦੇਖੀਂ ਮੈਂ ਕੰਘਾ ਕਿੱਥੇ ਰੱਖਤਾ? ਨੀ ਐਨਕ ਸਾਫ਼ ਕਰਦੇ, ਇੱਕ ਕੱਪ ਚਾਹ ਬਣਾ ਕੇ ਪਿਲਾ।" ਇਸ ਤਰ੍ਹਾਂ ਛੋਟੇ ਮੋਟੇ ਕੰਮ ਕਮਲੀ ਦੀ ਜ਼ਿੰਮੇਵਾਰੀ ਸੀ। ਲਗਭਗ ਮੇਰੇ ਹਾਣ ਦੀ, ਪਰ ਸਿੰਧ ਵਿਚ ਵੀ ਮੈਂ ਸਕੂਲ ਜਾਂਦੀ ਅਤੇ ਉਹ ਨਾਨੀ ਦੀ ਚਾਕਰੀ ਵਿਚ ਰੁਝੀ ਰਹਿੰਦੀ। ਸਭ ਤੋਂ ਵੱਡਾ ਕੰਮ ਸੀ ਨਾਨੀ ਦਾ ਹੁੱਕਾ ਜਿਹੜਾ ਦਿਨ ਵਿਚ ਦੋ ਤਿੰਨ ਵਾਰ ਭਰ ਕੇ ਨਾਨੀ ਦੇ ਮੂਹਰੇ ਰੱਖਣਾ ਹੁੰਦਾ ਸੀ। ਇਹ ਲਤ ਘਰ ਵਿਚ ਨਾਨੀ ਦੇ ਇਲਾਵਾ ਕਿਸੇ ਹੋਰ ਨੂੰ ਨਹੀਂ ਸੀ। ਨਾਨੂ ਬੀੜੀਆਂ ਪੀਂਦੇ ਸਨ ਅਤੇ ਮੇਰੇ ਪਿਤਾ ਜੀ ਸ਼ਰਾਬ..। ਬਾਕੀ ਸਾਰੇ ਸਾਫ਼ ਸੁਥਰੀ ਜ਼ਿੰਦਗੀ ਬਤੀਤ ਕਰਨ ਦੇ ਲਈ ਯਤਨਸ਼ੀਲ ਰਹਿੰਦੇ।

ਆਖਿਰ ਮੌਸਮ ਬਦਲਿਆ। ਬਸੰਤ ਦੇ ਵਿਚ ਪਤਝੜ ਆਉਣ ਦੇ ਆਸਾਰ ਵਧਣ ਲੱਗੇ। ਹਲਚਲ ਵਧੀ, ਦੰਗੇ ਹੋਏ, ਮਾਰਕੁੱਟ ਹੋਈ, ਜ਼ੁਲਮ ਅੱਤਿਆਚਾਰ ਦਾ ਸੇਕ ਨਾਨੂ ਨੂੰ ਲਪੇਟੇ ਇਸ ਤੋਂ ਪਹਿਲਾਂ ਹੀ ਨਾਨੂ ਆਪਣੀ ਇੱਜ਼ਤ ਬਚਾਉਣ ਦੇ ਲਈ ਸਾਰੇ ਪਰਿਵਾਰ ਨੂੰ ਕਿਸੇ ਮੁਸਲਮਾਨ ਦੋਸਤ ਦੀ ਮਦਦ ਨਾਲ ਪੋਰਬੰਦਰ ਦੇ ਵਲ ਰਵਾਨਾ ਕਰਨ ਵਿਚ ਲਗ ਗਏ। ਹਿੰਦੁਸਤਾਨ ਵਿਚ ਵੀ ਉਨ੍ਹਾਂ ਦੇ ਰਹਿਣ, ਖਾਣ-ਪੀਣ ਦਾ ਇੰਤਜ਼ਾਮ ਕਰ ਦਿੱਤਾ। ਨਾਨੂ-ਨਾਨੀ ਆਏ ਅਤੇ ਨਾਲ ਮੇਰੇ ਪਿਤਾ, ਮੈਂ ਅਤੇ ਕਮਲੀ ਵੀ ਆਈ। ਮੇਰੀ ਮਾਂ ਦੇ ਲਈ



ਨਾਨੀ ਕਹਿੰਦੀ ਹੈ-'ਤੇਰੀ ਵਜ੍ਹਾ ਕਰਕੇ ਤੇਰੀ ਮਾਂ ਨੂੰ ਆਪਣੀ ਜ਼ਿੰਦਗੀ ਤੋਂ ਹੱਥ ਧੋਣਾ ਪਿਆ। ਨਾ ਤੂੰ ਪੈਦਾ ਹੁੰਦੀ, ਨਾ ਉਹ ਮਰਦੀ। ਹਾਏ ਹਾਏ ਮੇਰੀ ਮੂਮਲ ਰਾਣੀ' ਕਹਿ ਕੇ ਛਾਤੀ ਪਿੱਟਦੀ ਹੋਈ ਉਹ ਆਪਣੀ ਕੁੜੀ ਦਾ ਮਾਤਮ ਮਨਾਉਂਦੀ ਸੀ।

ਕਮਸਿਨ ਨੂੰ ਆਪਣੇ ਨਾਲ ਸਿੰਧ ਤੋਂ ਲਿਆਉਂਦੇ ਸਮੇਂ ਨਾਨੀ ਨੇ ਉਹਦੀ ਪਛਾਣ ਦਿੰਦੇ ਕਿਹਾ ਸੀ...' ਇਹ ਮੇਰੀ ਦੋਹਤੀ ਹੈ ਕਮਲੀ। ਦੋ ਸਾਲਾਂ ਦੀ ਹੋਈ ਮਾਂ ਮਰ ਗਈ। ਹੁਣ ਮੈਂ ਹੀ ਇਹਦੀ ਮਾਂ ਵੀ ਹਾਂ ਅਤੇ ਨਾਨੀ ਵੀ। ਕਹਿੰਦੇ ਹੋਏ ਚੁੰਨੀ ਨਾਲ ਅੱਖਾਂ ਪੂੰਝਦੇ ਹੋਏ ਨਾਨੀ ਕਮਲੀ ਦਾ ਹੱਥ ਫੜਦੇ ਹੋਏ, ਸੋਟੀ ਦੀ ਠੱਕ ਠੱਕ ਦੇ ਨਾਲ, ਗੱਡੀ ਦੇ ਇੰਤਜ਼ਾਰ ਵਿਚ ਖੜ੍ਹੀ ਭੀੜ ਦੇ ਵਿਚਾਲਿਓਂ ਲਾਪਰਵਾਹੀ ਨਾਲ ਆਪਣਾ ਰਸਤਾ ਬਣਾ ਲੈਂਦੀ। ਇਹ ਹੁਨਰ ਕੋਈ ਨਾਨੀ ਤੋਂ ਸਿੱਖੇ। ਪਰਾਏ ਨੂੰ ਆਪਣਾ ਕਰਨਾ ਅਤੇ ਆਪਣੇ ਨੂੰ ਪਰਾਇਆ ਕਰਨਾ।

ਮੈਂ ਸੋਚਦੀ ਰਹੀ, ਮਾਂ ਮੈਨੂੰ ਜਨਮ ਦੇ ਕੇ ਮਰ ਗਈ। ਕਮਲੀ ਤਾਂ ਉੱਥੇ ਦੀ ਮੁਸਲਮਾਨ ਯਤੀਮ ਸੀ ਜਿਹਨੇ ਨਾਨੇ ਦੀ ਸ਼ਰਨ ਲੈ ਕੇ ਨਾਨੀ ਦੀ ਸੇਵਾ ਕਰਨ ਲਈ ਘਰ ਵਿਚ ਥਾਂ ਬਣਾ ਲਈ। ਮੇਰੀ ਮਾਂ ਤਾਂ ਉਹਦੀ ਕੁੜੀ ਹੀ ਸੀ ਜਿਹੜੀ ਮੈਨੂੰ ਜਨਮ ਦੇ ਕੇ ਇਸ ਦੁਨੀਆਂ ਤੋਂ ਚਲੀ ਗਈ। ਇਹ ਕਿਹੜੀ ਕੁੜੀ ਹੋਈ ਜਿਹੜੀ ਕਮਲੀ ਉਨ੍ਹਾਂ ਦੀ ਦੋਹਤੀ ਬਣ ਗਈ। ਸੋਚਦੀ ਰਹੀ ਪਰ ਕਿਸੇ ਸਵਾਲ ਦਾ ਤਸੱਲੀਬਖ਼ਸ਼ ਜਵਾਬ ਲੱਭਣ ਵਿਚ ਨਾਕਾਮ ਰਹੀ।

ਖ਼ੈਰ, ਸਿੰਧ ਛੱਡ ਕੇ ਹਿੰਦ ਵਿਚ ਆ ਵਸੇ। ਘਰ ਵਸਿਆ, ਦੁਕਾਨਦਾਰੀ ਸ਼ੁਰੂ ਹੋਈ ਅਤੇ ਮੇਰਾ ਫੇਰ ਸਕੂਲ ਵਿਚ ਦਾਖਲਾ ਹੋ ਗਿਆ। ਕਮਲੀ ਨੂੰ ਘਰ ਦੇ ਕੰਮ ਦੀ, ਨਾਨੀ ਦੀ ਸੇਵਾ ਦੀ ਪੂਰੀ ਜ਼ਿੰਮੇਵਾਰੀ ਚੁੱਕਣੀ ਪਈ। ਆਪਣੀਆਂ ਸੇਵਾਵਾਂ ਦਿੰਦੇ ਹੋਏ ਉਹ ਸਮੇਂ ਅਤੇ ਮਾਹੌਲ ਦੇ ਮੁਤਾਬਕ ਕਦੇ ਕਮਲੀ ਤਾਂ ਕਦੇ ਕਮਸਿਨ ਬਣ ਜਾਂਦੀ, ਕਦੇ ਹਿੰਦੂ ਤਾਂ ਕਦੇ ਮੁਸਲਮਾਨ। ਸਮੇਂ ਦੇ ਚਿਹਰੇ ਵੀ ਨਕਾਬ ਬਦਲਦੇ ਰਹਿੰਦੇ ਹਨ ਅਤੇ ਇੱਕ ਦਿਨ ਅਚਾਨਕ ਮੇਰੇ ਪਿਤਾ ਜੀ ਹਾਰਟ ਅਟੈਕ ਨਾਲ ਚਲ ਵਸੇ। ਨਾਨੂ ਬਿਲਕੁਲ 'ਕੱਲੇ ਰਹਿ ਗਏ। ਹੋਈ ਤਾਂ ਨਾਨੀ ਵੀ ਪਰ ਆਪਣੀ ਆਵਾਜ਼ ਦੀ ਗੜਸ ਕਾਰਨ ਕਾਫ਼ੀ ਕੁਝ ਲੁਕੋ ਜਾਂਦੀ।

o

ਵਾਣ ਦੇ ਮੰਜੇ ਤੇ ਪਈ ਨਾਨੀ ਦੀਆਂ ਲੱਤਾਂ 'ਤੇ ਕਮਲੀ ਦੇ ਹੱਥ ਲਗਾਤਾਰ ਚਲਦੇ ਰਹੇ, ਕਦੇ ਉੱਪਰ ਵਲ, ਕਦੇ ਥੱਲ੍ਹੇ ਵਲ ਚਲਦੇ ਹੋਏ ਦੇਹ ਨੂੰ ਆਰਾਮ ਦਿੰਦੇ ਰਹੇ। ਨਾਨੀ ਦਾ ਮਨ ਅੱਜ ਪਤਾ ਨੀ ਕਿਉਂ ਉਸ ਬਿਨਾਂ ਮਾਂ ਬਾਪ ਦੀ ਬੱਚੀ ਦੇ ਲਈ ਦੁਖੀ ਹੋਣ ਲੱਗਿਆ। ਆਪਣੀ ਕੁੜੀ ਦੇ ਨਾਲ ਨਾਲ ਉਹਦੀ ਮਾਂ ਨਗੀਨਾ ਵੀ ਯਾਦ ਆ ਗਈ ਜਿਹੜੀ ਉਨ੍ਹਾਂ ਦੇ ਘਰ ਸ਼ਰਨ ਲੈ ਕੇ,

ਅੰਤ ਤੱਕ ਨਿਭਾ ਗਈ। ਰੱਬ ਦੇ ਭੇਤਾਂ ਨੂੰ ਕਦੇ ਕੋਈ ਬੁੱਝ ਸਕਿਆ ਹੈ। ਦੋਵੇਂ ਸਹੇਲੀਆਂ, ਹਾਣੋ ਹਾਣ ਦੀਆਂ ਆਪਣੀਆਂ ਆਪਣੀਆਂ ਕੁੜੀਆਂ ਨੂੰ ਅਮਾਨਤ ਦੇ ਤੌਰ 'ਤੇ ਉਹਦੀ ਗੋਦੀ ਵਿਚ ਛੱਡ ਗਈਆਂ....ਅਤੇ ਪਲ ਵੀ ਨਹੀਂ ਲੱਗਿਆ ਸੋਚਣ ਵਿਚ ਕਿ ਨਾਨੀ ਨੇ ਉਹਨੂੰ ਬਾਹਾਂ ਵਿਚ ਲੈ ਕੇ ਗਲ ਨਾਲ ਲਾ ਲਿਆ ਪਰ ਬੇੜਾ ਗ਼ਰਕ ਹੋਵੇ ਇਸ ਵੰਡ ਦਾ ਜਿਹਨੇ ਧਰਤੀ ਦੇ ਨਾਲ ਨਾਲ ਦਿਲਾਂ ਨੂੰ ਵੀ ਟੁਕੜੇ ਟੁਕੜੇ ਕਰ ਦਿੱਤਾ। ਹਿੰਦੂ ਤੇ ਮੁਸਲਮਾਨ ਇੱਕ ਦੂਜੇ ਦੇ ਵੈਰੀ ਬਣ ਗਏ। ਸੱਚ ਤਾਂ ਇਹ ਹੈ ਕਿ ਨਾਨੀ ਦਾ ਮਨ ਵੀ ਇਥੇ ਅਤੇ ਉਥੇ ਦੀਆਂ ਯਾਦਾਂ ਦੇ ਵਿਚਾਲੇ ਝੂਲਦਾ ਰਿਹਾ।

ਨਾਨੀ ਦੇ ਆਪਣੇ ਰਿਸ਼ਤੇਦਾਰ, ਭਾਈ-ਭੈਣ ਇਸ ਘਰੋਂ ਬੇਘਰ ਹੋਣ ਦੇ ਦੌਰ ਵਿਚ ਵੰਡੇ ਗਏ। ਕੁੱਝ ਇੱਥੇ ਆਏ, ਕੁੱਝ ਉੱਥੇ ਰਹਿ ਗਏ। ਮਮਤਾ ਦੀ ਛਾਤੀ ਤੇ ਦਰਾੜਾਂ ਪੈ ਗਈਆ। ਬਸ ਇਕ ਆਪਣੀ ਦੋਹਤੀ ਅਤੇ ਇੱਕ ਨਾ ਆਪਣੀ ਨਾ ਪਰਾਈ ਨਗੀਨਾ ਦੀ ਕੁੜੀ ਕਮਸਿਨ, ਉਨ੍ਹਾਂ ਨੂੰ ਸੰਭਾਲਦੇ ਸੰਭਾਲਦੇ ਹੁਣ ਬਹੁਤ ਥੱਕ ਚੁੱਕੀ ਸੀ। ਉਹਨੇ ਵੀ ਬਹੁਤ ਕੁਝ ਗੁਆਇਆ ਸੀ। ਬਾਕੀ ਰਿਸ਼ਤਿਆਂ ਦੀ ਮਾਲਾ ਵਿਚ ਬਚੇ ਸਨ ਚਾਰ ਮੋਤੀ—ਨਾਨੂ, ਨਾਨੀ, ਮੈਂ ਅਤੇ ਕਮਲੀ।

ਨਾਨੀ ਸੋਚਾਂ ਦੀਆਂ ਘੁੰਮਣ ਘੇਰੀਆਂ ਵਿਚ ਵਾਣ ਦੇ ਮੰਜੇ ਤੇ ਪਈ ਪਈ ਕਮਲੀ ਦੇ ਹੱਥਾਂ ਦੀ ਦਾਬ ਦਾ ਆਨੰਦ ਲੈਂਦੀ ਰਹੀ।

"ਨਾਨੀ ਜੇ ਗਰਮੀ ਲਗਦੀ ਹੈ ਤਾਂ ਪੱਖਾਂ ਝੱਲਾਂ, ਗਰਮ ਹਵਾ ਬਹੁਤ ਹੈ।"—ਮਾਸੂਮ ਬੱਚੀ ਦੀ ਪਿਆਰ ਭਰੀ ਆਵਾਜ਼ ਵਿਚ ਪਤਾ ਨੀ ਕੀ ਸੀ ਕਿ ਨਾਨੀ ਦਾ ਦਿਲ ਪਸੀਜ ਗਿਆ। ਆਪਣੀ ਲੱਤ ਖਿੱਚਦੀ ਹੋਈ ਮੰਜੇ ਤੇ ਬੈਠ ਗਈ ਅਤੇ ਪਿਆਰ ਨਾਲ ਕਮਲੀ ਦੇ ਮੱਥੇ 'ਤੇ ਹੱਥ ਫੇਰਦੇ ਹੋਏ ਕਿਹਾ, "ਕਮਲੀ ਹੁਣ ਤੂੰ ਦੇਵਕੀ ਦੇ ਕਮਰੇ ਵਿਚ ਜਾ ਕੇ ਆਰਾਮ ਕਰ, ਸਾਰਾ ਦਿਨ ਕੰਮ ਕਰਦੀ ਰਹਿੰਨੀ ਐਂ। ਮੇਰੀਆਂ ਗੱਲਾਂ ਨੂੰ ਦਿਲ ਤੇ ਨਾ ਲਾਇਆ ਕਰ, ਬੁੱਢੀ ਹੋ ਗਈ ਹਾਂ, ਬੁੜਬੁੜ ਕਰਨ ਦੀ ਆਦਤ ਪੈ ਗਈ ਹੈ। ਅੱਜ ਤੋਂ ਤੂੰ ਕਮਸਿਨ ਨਹੀਂ, ਬਸ ਕਮਲੀ ਹੈਂ, ਮੇਰੀ ਕਮਲੀ।"

"ਨਾਨੀ...।" ਕਹਿ ਕੇ ਕਮਲੀ ਨਾਨੀ ਦੀ ਬੁੱਕਲ 'ਚ ਪਿਆਰ ਨਾਲ ਛੁਪ ਗਈ।

"ਕੱਲ੍ਹ ਹੀ ਤੇਰੇ ਨਾਨੂ ਨੂੰ ਕਹਿ ਕੇ ਦੇਵਕੀ ਦੇ ਸਕੂਲ ਵਿਚ ਤੇਰਾ ਵੀ ਦਾਖਲਾ ਭਰਦੀ ਹਾਂ। ਤੂੰ ਵੀ ਉਹਦੇ ਨਾਲ ਰਹਿ ਕੇ ਪੜ੍ਹ ਲੈਣਾ।"

ਅਤੇ ਦਾਦੀ ਦੀਆਂ ਅੱਖਾਂ ਤੋਂ ਦੋ ਮੋਤੀ (ਹੰਝੂ) ਡਿੱਗੇ। ਇੱਕ ਦੇਵਕੀ ਦੇ ਲਈ, ਇਕ ਕਮਲੀ ਦੇ ਲਈ!

—o—



# ਗੁਲਸ਼ਨ ਕੌਰ

ਇਹਨੂੰ ਮੈਂ ਕੀ ਨਾਂ ਦੇਵਾਂ—ਕਹਾਣੀ, ਜੀਵਨੀ, ਯਾਦਾਂ ਜਾਂ ਸ਼ਬਦਾਂ 'ਚ ਬੁਣਿਆ ਹੋਇਆ ਰਿਸ਼ਤਿਆਂ ਦਾ ਇਕ ਨਾਜ਼ੁਕ ਜਾਲ ਕਹਾਂ। ਜਿਹੜਾ ਸਮੇਂ ਅਨੁਸਾਰ ਆਪਣੀ ਸਹੂਲਤ ਦੇ ਮੁਤਾਬਕ ਬੁਣਿਆ ਜਾਂ ਉਧੇੜ ਲਿਆ ਜਾਂਦਾ ਹੈ। ਜਦੋਂ ਗੁਲਸ਼ਨ ਕੌਰ ਤੋਂ ਉਹਦੀਆਂ ਯਾਦਾਂ ਦੇ ਵਿਚ ਪਰੋਏ ਹੋਏ ਇਹਨਾਂ ਸਿਤਾਰਿਆਂ ਦੀਆਂ ਗੱਲਾਂ ਸੁਣੀਆਂ ਤਾਂ ਸੋਚਿਆ ਦੁੱਖ-ਸੁੱਖ, ਮਿਲਣ-ਵਿਛੜਨ ਦੇ ਇਸ ਭਾਵਨਾਤਮਕ ਮੇਲ ਨੂੰ ਜ਼ਬਾਨ ਦੇ ਦੇਵਾਂ। ਸੁਣਦੇ ਹੀ ਮਨ ਵਿਚ ਆਇਆ, ਜਿਵੇਂ ਰਿਸ਼ਤੇ ਨਾਤੇ ਵੀ ਵਪਾਰੀ ਦੇ ਸੌਦੇ ਹੋ ਗਏ ਹੋਣ। ਵਿਕਾਊ ਜਾਂ ਖ਼ਰੀਦੇ ਹੋਏ । ਵਿਕਾਊ ਜਿਹਦਾ ਨਾਤਾ ਖ਼ਰੀਦਦਾਰ ਦੇ ਨਾਲ ਬਣ ਜਾਂਦਾ ਹੈ ਜਾਂ ਏਵੇਂ ਕਹੋ ਬੰਨ੍ਹਿਆ ਜਾਂਦਾ ਹੈ ਕਿਉਂਕਿ ਉਹ ਮਾਲਕ ਹੁੰਦਾ ਹੈ ਅਤੇ ਖ਼ਰੀਦੇ ਹੋਏ ਵਜੂਦ ਦਾ ਹੱਕਦਾਰ, ਹਰ ਮਾਮਲੇ ਵਿਚ ਉਹਨੂੰ ਇਸਤੇਮਾਲ ਕਰਨ ਦਾ ਹੱਕ ਉਹਨੂੰ ਹਾਸਲ ਹੁੰਦਾ ਹੈ, ਕੰਮ ਲੈਣ ਦਾ, ਆਪਣੀਆਂ ਇੱਛਾਵਾਂ ਨੂੰ ਪੂਰਾ ਕਰਨ ਦਾ, ਜਿਵੇਂ ਮਰਜ਼ੀ ਉਵੇਂ ਵਰਤਣ ਦਾ।

ਅਤੇ ਉਸੇ ਦੌਰ ਵਿਚ.. ..।

ਧਰਤੀ ਦੀਆਂ ਤਰੇੜਾਂ ਨਾਲ ਦਿਲਾਂ ਵਿਚ ਤਰੇੜਾਂ ਪੈਂਦੀਆਂ ਰਹੀਆਂ, ਵਧਦੀਆਂ ਰਹੀਆਂ, ਚੌੜੀਆਂ ਹੁੰਦੀਆਂ ਰਹੀਆਂ। ਹਿੰਦੂ ਸਿੱਖ ਮੁਸਲਮਾਨ ਸਾਰੇ ਇੱਕ ਦੂਜੇ ਦੇ ਦੁਸ਼ਮਣ ਬਣ ਗਏ, ਲੁੱਟਮਾਰ ਹਾਹਾਕਾਰ ਮੱਚੀ ਜਿਹਦੇ ਵਿਚ ਰੁਲ਼ਦੀ ਰਹੀ ਔਰਤ ਦੀ ਇੱਜ਼ਤ। ਖੁੱਲ੍ਹੇ ਮੈਦਾਨਾਂ ਵਿਚ ਬੇਸਹਾਰਾ, ਬੇਛੱਤੇ ਲੋਕ ਬੈਠੇ ਹੋਏ ਦੇਖੇ ਜਾਂਦੇ। ਇੱਕ ਦੇਸ਼ ਹੁਣ ਦੋ ਭਾਗਾਂ ਵਿਚ ਵੰਡਿਆ ਗਿਆ ਸੀ। ਕਮਿਊਨਲ ਹਾਰਮਨੀ ਦੇ ਨਾਂ 'ਤੇ ਜਿਵੇਂ ਇੱਕ ਦੂਜੇ ਨੂੰ ਮਾਰ—ਕੁੱਟ ਕੇ ਆਪਣੇ ਮਨ ਦੀ ਭੜਾਸ ਕੱਢ ਰਹੇ ਹੋਣ।

ਅਜਿਹੇ ਸਮੇਂ ਵਿਚ....।

ਜ਼ਰੀਨਾ ਆਪਾ ਦੇ ਮੂੰਹੋਂ ਨਿਕਲਿਆ ਕਿ ਮੁਸਲਮਾਨ ਘਰ ਦੀ ਇੱਕ ਕੁੜੀ ਦੇ ਨਿਕਾਹ ਵਿਚ ਨੱਚਣ ਟੱਪਣ ਵਿਚ ਵਿਘਨ ਪਾਉਂਦੇ ਹੋਏ ਕੁਝ ਸਿੱਖ ਤਲਵਾਰਾਂ ਲੈ ਕੇ ਟੁੱਟ ਪਏ, ਇਹ ਪਤਾ ਨੀ ਲਗਿਆ ਕਿ ਕਿਹਦਾ ਸਿਰ

ਕਿਹੜੇ ਪਾਸੇ ਡਿੱਗਿਆ ਅਤੇ ਕਿਹਦਾ ਧੜ ਕਿਹੜੇ ਪਾਸੇ। ਬਸ ਖ਼ੂਨ ਦੀਆਂ ਨਦੀਆਂ ਵਹਿ ਗਈਆਂ।

ਅਜਿਹੇ ਵਿਚ....।

ਮਾਵਾਂ ਰੋਂਦੀਆਂ ਕੁਰਲਾਉਂਦੀਆਂ ਰਹੀਆਂ ਅਤੇ ਕੁਝ ਤਾਂ ਆਪਣੇ ਮੁੰਡਿਆਂ ਨੂੰ ਆਪਣੇ ਦੁੱਧ ਦੀ ਸਹੁੰ ਦੇ ਕੇ ਆਪਣੇ ਆਪ ਨੂੰ ਮਾਰਨ ਲਈ ਮਜਬੂਰ ਕਰਦੀਆਂ ਜਾਂ ਕਿਸੇ ਖੂਹ ਵਿਚ ਸੁੱਟ ਦੇਣ ਲਈ ਕਹਿੰਦੀਆਂ। ਸਾਹਮਣੇ ਇਹ ਆਇਆ ਕਿ ਮੁਸਲਮਾਨ ਵੀ ਭੜਕੇ ਹੋਏ ਸਨ ਅਤੇ ਉਹ ਹਮਲਾ ਕਰਦੇ ਹੋਏ ਇਹ ਨਹੀਂ ਦੇਖਦੇ ਸਨ ਕਿ ਉਨ੍ਹਾਂ ਦੇ ਵਾਰ ਮੂਹਰੇ ਕੌਣ ਆਇਆ? ਹਿੰਦੂ, ਸਿੱਖ ਜਾਂ ਉਨ੍ਹਾਂ ਦਾ ਕੋਈ ਮੁਸਲਮਾਨ ਭਾਈ। ਸਿੱਖ ਔਰਤਾਂ ਨੂੰ ਘਰਾਂ 'ਚੋਂ ਘੜੀਸ ਕੇ ਬਲਾਤਕਾਰ ਮਗਰੋਂ ਘਰ ਦੇ ਮੈਬਰਾਂ ਸਾਹਮਣੇ ਹੀ ਮਾਰ ਦਿੱਤਾ ਜਾਂਦਾ। ਅਜਿਹੇ ਦਿਲ ਕੰਬਾਊ ਖ਼ੌਫਨਾਕ ਘਟਨਾਵਾਂ ਦੇਖ ਕੇ...ਕੋਈ ਕੀ ਕਰਦਾ, ਕੀ ਚੀਕਦਾ—ਕੂਕਦਾ? ਸਿਰਫ਼ ਦੁੱਖ ਨੂੰ ਦਿਲ ਵਿਚ ਦੱਬ ਕੇ ਨਮ ਅੱਖਾਂ ਨਾਲ ਅੱਜ ਉਹੀ ਤਮਾਸ਼ਾ ਦੇਖਣ ਵਾਲੇ ਲੋਕ ਆਪਣੀ ਹੱਡ—ਬੀਤੀ ਦੀਆਂ ਕਹਾਣੀਆਂ ਸੁਣਾਉਂਦੇ ਹਨ।

" ਹਾਂ ਤਾਂ ਗੁਲਸ਼ਨ ਬੇਟੀ, ਅੱਖੀਂ ਦੇਖੀਆਂ ਘਟਨਾਵਾਂ ਦਾ ਇਹ ਹਾਲ ਸੀ, ਪਰ ਅੱਖਾਂ ਰੋਣਾ ਹੀ ਭੁੱਲ ਗਈਆਂ, ਮੂੰਹ ਵਿਚ ਆਵਾਜ਼ ਦਬ ਕੇ ਰਹਿ ਗਈ। ਉਫ਼! ਕਹਿਣਾ ਵੀ ਮੁਸੀਬਤ ਬਣ ਜਾਂਦਾ ਸੀ। ਦੇਸ਼ ਦੀਆਂ ਸ਼ਫ਼ੀਲਾਂ ਟੱਪ ਕੇ ਆਉਣਾ ਸੌਖਾ ਪਰ ਦਿਲਾਂ ਨੂੰ, ਆਪਣੇ ਯਾਰਾਂ ਦੋਸਤਾਂ, ਸਕੇ ਸੰਬੰਧੀਆਂ ਨੂੰ ਛੱਡ ਕੇ ਆਉਣਾ ਬਹੁਤ ਮੁਸ਼ਕਲ ਸੀ। ਉਨ੍ਹਾਂ ਦਿਨਾਂ ਵਿਚ ..। "

"ਪਰ ਆਪਾ, ਅਜਿਹੀ ਹਾਲਤ ਵਿਚ ਤੁਸੀਂ ਸਰਹੱਦ ਤੋਂ ਇਧਰਲੇ ਪਾਸੇ ਕਿਵੇਂ ਆਏ?" ਗੁਲਸ਼ਨ ਕੌਰ ਨੇ ਆਪਣੀਆਂ ਵੱਡੀਆਂ—ਵੱਡੀਆਂ ਅੱਖਾਂ ਨੂੰ ਫੈਲਾਉਂਦੇ ਹੋਏ ਪੁੱਛਿਆ।

ਹੁਣ ਉਹ ਏਨੀ ਛੋਟੀ ਵੀ ਨਹੀਂ ਸੀ, ਉਹਨੂੰ ਕੁਝ ਕੁਝ ਯਾਦ ਆ ਜਾਂਦਾ ਸੀ ਕਿ ਉਹ ਕਿਵੇਂ ਉਨ੍ਹਾਂ ਹਾਲਤਾਂ ਵਿਚ ਬਚਦੀ ਬਚਾਉਂਦੀ ਚਾਚੀ ਸੁਰਜੀਤ ਕੌਰ ਅਤੇ ਹੋਰ ਸ਼ਰਨਾਰਥੀਆਂ ਦੇ ਨਾਲ ਅੰਮ੍ਰਿਤਸਰ ਆ ਕੇ ਵਸੀ ਅਤੇ ਬਚਪਨ ਤੋਂ ਅੱਜ ਤੱਕ ਇਥੇ ਹੀ ਰਚ ਮਿਚ ਗਈ ਹੈ। ਉਨ੍ਹਾਂ ਦਾ ਕੀ ਬਣਿਆ, ਜਿਹੜੇ ਆਪਣਿਆਂ ਤੋਂ ਹੀ ਵਿਛੜ ਕੇ ਪਿੱਛੇ ਰਹਿ ਗਏ। ਉਸਦੇ ਨਿੱਕੀ ਨਿੱਕੀ ਗੱਲ ਪੁੱਛਣ ਦੇ ਇਸ ਅੰਦਾਜ਼ ਕਾਰਨ ਤਾਂ ਜ਼ਰੀਨਾ ਆਪਾ ਦੀ ਬਿਆਨਬਾਜ਼ੀ ਨੇ ਕਈ ਵਾਰਦਾਤਾਂ ਜਿਉਂਦੀਆਂ ਕਰ ਦਿੱਤੀਆ ਸਨ।

ਫੇਰ ਵੀ...।

ਗੁਲਸ਼ਨ ਕੌਰ ਉਤਸੁਕ ਸੀ ਇਹ ਜਾਣਨ ਦੇ ਲਈ ਕਿ ਇਹ ਜ਼ਰੀਨਾ



ਆਪਾ ਆਖ਼ਿਰ ਕੌਣ ਹੈ? ਅਤੇ ਦੋ ਦਿਨਾਂ ਤੋਂ ਉਨ੍ਹਾਂ ਦੇ ਕੋਲ ਆ ਕੇ ਰਹਿ ਰਹੀ ਹੈ, ਇੰਜ ਜਿਵੇਂ ਕੋਈ ਨਜ਼ਦੀਕੀ ਰਿਸ਼ਤੇਦਾਰ ਹੋਵੇ। ਪਰ ਇਹ ਸੰਭਵ ਕਿਸੇ ਵੀ ਹਾਲ ਵਿਚ ਨਹੀਂ ਸੀ। ਉਹਦਾ ਪਹਿਰਾਵਾ, ਗੱਲਬਾਤ ਦਾ ਲਹਿਜ਼ਾ ਅੰਮ੍ਰਿਤਸਰ ਦੇ ਕਿਸੇ ਵੀ ਵਿਅਕਤੀ ਨਾਲ ਮੇਲ ਨਹੀਂ ਖਾਂਦਾ ਸੀ। ਸੁਰਜੀਤ ਚਾਚੀ ਨੇ ਇੱਕ ਅੱਧੀ ਵਾਰ ਗੱਲਾਂ—ਗੱਲਾਂ ਵਿਚ ਉਨ੍ਹਾਂ ਦੇ ਗੁਆਂਢੀ ਹੋਣ ਦਾ ਜ਼ਿਕਰ ਜ਼ਰੂਰ ਕੀਤਾ ਸੀ ਅਤੇ ਇਹ ਵੀ ਠੀਕ ਤਰ੍ਹਾਂ ਨਹੀਂ ਦੱਸਿਆ ਕਿ ਉਹ ਕੌਣ ਹੈ, ਕਿਹਦੀ ਰਿਸ਼ਤੇਦਾਰ ਹੈ? ਸਾਰੇ ਸਵਾਲ ਮਨ ਦੇ ਕਿਸੇ ਖੂੰਜੇ 'ਚ ਡਰੇ ਡਰੇ ਜਿਹੇ ਸਨ।

ਇੱਕ ਗੱਲ ਜੋ ਪ੍ਰਤੱਖ ਰੂਪ ਵਿਚ ਸਾਮ੍ਹਣੇ ਸੀ ਉਹ ਸੀ ਚਾਚੀ ਦੀ ਬੁੱਕਲ ਦਾ ਪਿਆਰ, ਜਿਹਦੇ ਕਰਕੇ ਗੁਲਸ਼ਨ ਇੱਕ ਕਲੀ ਤੋਂ ਫੁੱਲ ਦੇ ਵਾਂਗ ਖਿੜ ਚੁੱਕੀ ਸੀ। ਕਦੇ ਕਦਾਈਂ ਲੋਕਾਂ ਨੂੰ ਕਹਿੰਦੇ ਸੁਣਿਆ ਸੀ—ਗੁਲਸ਼ਨ ਕੌਰ ਦੀ ਸੁੰਦਰਤਾ ਅਤੇ ਰੰਗ ਰੂਪ ਕੁਝ ਅਲੱਗ ਤਰ੍ਹਾਂ ਦਾ ਹੈ। ਕਿਸੇ ਅਮੀਰ ਘਰਾਣੇ ਦੀ ਅਮੀਰਜ਼ਾਦੀ ਦਾ ਭੁਲੇਖਾ ਪੈਂਦਾ ਹੈ ਉਹਦੀ ਤੋਰ ਵਿਚ, ਉਹਦੇ ਵਰਤ ਵਰਤਾਰੇ ਵਿਚ। ਉਦੋਂ ਉਹ ਕੁਝ ਵੀ ਨਹੀਂ ਸਮਝੀ ਸੀ ਉਨ੍ਹਾਂ ਗੱਲਾਂ ਦਾ ਅਰਥ।

"ਹਾਂ ਤਾਂ ਗੁਲਸ਼ਨ ਬੇਟੀ ਤੂੰ ਮੈਨੂੰ ਆਪਾ ਨਾ ਕਹਿ ਕੇ ਦਾਦੀ ਜਾਨ ਵੀ ਕਹਿ ਸਕਦੀ ਹੈਂ..."

"ਪਰ ਇਹ ਸੰਬੋਧਨ ਤਾਂ...।"

ਗੱਲ ਨੂੰ ਵਿਚਾਲੇ ਕੱਟਦੇ ਹੀ ਜ਼ਰੀਨਾ ਆਪਾ ਨੇ ਕਿਹਾ—"ਸੰਬੰਧਾਂ ਦੀ ਗੱਲ ਨਹੀਂ ਮੇਰੀ ਲਾਲ ਪਰੀ। ਮੇਰੀ ਉਮਰ ਅਤੇ ਇਨ੍ਹਾਂ ਚਾਂਦੀ ਵਰਗੇ ਵਾਲ਼ਾਂ ਨੂੰ ਦੇਖਦੇ ਹੋਏ ਦਾਦੀ ਕਹਿਣਾ—ਕਹਾਉਣਾ ਬਣਦਾ ਹੈ ਅਤੇ ਤੂੰ ਵੀ ਮੇਰੀ ਪੋਤੀ ਦੇ ਹਾਣ ਦੀ ਹੈਂ, ਇਸ ਕਰਕੇ ਕਹਿ ਰਹੀ ਹਾਂ।"

"ਚੰਗਾ ਆਪਾ, ਤੁਸੀਂ ਆਪਣੀ ਉਸ ਪੋਤੀ ਨੂੰ ਆਪਣੇ ਨਾਲ ਲੈ ਕੇ ਕਿਉਂ ਨਹੀਂ ਆਏ? ਕੀ ਉਹਨੂੰ ਗ਼ੈਰਾਂ ਦੇ ਵਿਚਾਲੇ ਰਹਿਣ ਲਈ ਛੱਡ ਆਏ? ਕੀ ਨਾਂ ਹੈ ਉਹਦਾ?" ਇਕੋ ਵਾਰ ਵਿਚ ਗੁਲਸ਼ਨ ਨੇ ਅਣਗਿਣਤ ਸਵਾਲ ਜ਼ਰੀਨਾ ਆਪਾ ਦੇ ਮੂਹਰੇ ਪਸਾਰ ਦਿੱਤੇ।

ਅਜਿਹੇ ਵਿਚ...।

ਕੀ ਕਹਿੰਦੀ ਜ਼ਰੀਨਾ ਆਪਾ, ਕੀ ਦੱਸਦੀ ਉਹ? ਕਿਵੇਂ ਆਪਣਾ ਢਿੱਡ ਚੀਰ ਕੇ ਦਿਖਾਉਂਦੀ...। ਇਕ ਅਜਿਹਾ ਸੱਚ ਜਿਹੜਾ ਨਾ ਲੁਕੋਇਆ ਜਾ ਸਕਦਾ ਸੀ ਤੇ ਨਾ ਦੱਸਿਆ।

"ਤੁਸੀਂ ਦੱਸੋ ਨਾ ਆਪਾ, ਉਹਦਾ ਨਾਂ ਕੀ ਹੈ? ਉਹ ਕਿਥੇ ਹੈ? ਚਾਚੀ ਨੇ ਇੱਕ ਦੋ ਵਾਰ ਤੁਹਾਡਾ ਅਤੇ ਉਨ੍ਹਾਂ ਦਾ ਜ਼ਿਕਰ ਕਦੇ ਕਦਾਈਂ ਟੁੱਟਵੇਂ ਸ਼ਬਦਾਂ

ਵਿਚ ਜ਼ਰੀਨਾ ਬਾਨੋ ਦੇ ਨਾਮ ਨਾਲ ਕੀਤਾ ਹੈ। ਬਹੁਤ ਯਾਦ ਕਰਦੀ ਹੈ ਉਹ ਤੁਹਾਨੂੰ।" ਕਹਿ ਕੇ ਗੁਲਸ਼ਨ ਜ਼ਰੀਨਾ ਆਪਾ ਦੇ ਵਲ ਦੇਖਣ ਲੱਗੀ।

ਅਤੇ ਜਿਵੇਂ ਨੀਂਦ 'ਚੋਂ ਜਾਗੀ ਜ਼ਰੀਨਾ ਆਪਾ। ਜ਼ਰੀਨਾ ਬਾਨੋ ਦਾ ਜ਼ਿਕਰ ਸੁਣਦੇ ਹੀ ਹੜਬੜਾਉਂਦੇ ਹੋਏ ਬੋਲ ਪਈ—"ਗੁਲਸ਼ਨ ਉਹਦਾ ਨਾਮ ਹੈ ਗੁਲਸ਼ਨ ਬਾਨੋ..., ਨਹੀਂ...ਨਹੀਂ...ਸਾਰਾ ਬਾਨੋ ਹੈ।"

"ਸਾਰਾ ਬਾਨੋ, ਕਿੰਨਾ ਸੋਹਣਾ ਨਾਂ ਹੈ ਆਪਾ...ਕਿਥੇ ਹੈ ਉਹ?" ਕਹਿੰਦੇ ਹੋਏ ਗੁਲਸ਼ਨ ਕੌਰ ਨੇ ਜ਼ਰੀਨਾ ਆਪਾ ਦੀ ਚੁੰਨੀ ਨੂੰ ਹੌਲ਼ੀ ਜਿਹੀ ਐਵੇਂ ਹਿਲਾਇਆ ਕਿ ਚੁੰਨੀ ਸਿਰ ਤੋਂ ਲਹਿ ਕੇ ਉਹਦੀ ਛਾਤੀ ਤੇ ਆ ਕੇ ਰੁਕੀ, ਜਿਹੜੀ ਫੂਕਣੀ ਦੇ ਵਾਗੂੰ ਚਲ ਰਹੀ ਸੀ।

"ਉਹ ਪਤਾ ਨੀ ਕਿਥੇ ਗੁਆਚ ਗਈ ਹੈ ਬੇਟੀ, ਉਹਨੂੰ ਲੱਭਦੀ ਹੋਈ ਮੈਂ ਉਸ ਦੇਸ਼ ਨੂੰ ਛੱਡ ਕੇ ਇਸ ਦੇਸ਼ ਵਿਚ ਆਈ ਹਾਂ।"

"ਕੀ ਮਤਲਬ...ਆਪਾ? ਤੁਹਾਡੀ ਸਾਰਾ ਬਾਨੋ ਕੀ ਸੱਚਮੁੱਚ ਗੁਆਚ ਗਈ ਹੈ?"

"ਹਾਂ ਬੇਟੀ, ਉਹਨੂੰ ਲੱਭਦੇ ਲੱਭਦੇ ਮੇਰੀ ਢੂਈ ਦੂਹਰੀ ਹੋ ਗਈ ਹੈ...ਸੱਤ ਸਾਲ ਉੱਥੇ ਪਕਿਸਤਾਨ ਦੀ ਗਲੀ ਗਲੀ ਦੀ ਖ਼ਾਕ ਛਾਣੀ, ਪਰ ਉਹ ਨਾ ਮਿਲੀ..."

"ਸੱਤ ਸਾਲਾਂ ਤੋਂ ਤੁਸੀਂ ਉਹਨੂੰ ਲੱਭ ਰਹੇ ਹੋ? ਹੁਣ ਉਹ ਕਿੰਨੇ ਸਾਲਾਂ ਦੀ ਹੋ ਗਈ ਹੋਵੇਗੀ ਆਪਾ?"

ਗੁਲਸ਼ਨ ਕੌਰ ਦੀ ਆਵਾਜ਼ ਵਿਚ ਹੜਬੜਾਹਟ ਜਿਹੀ ਸੀ। ਸਵਾਲਾਂ ਦੀ ਲੜੀ ਵਧਦੀ ਜਾ ਰਹੀ ਸੀ।

"ਇਹੀ ਕੋਈ ਪੰਦਰ੍ਹਾਂ—ਸੋਲ੍ਹਾਂ ਦੀ ਹੋਵੇਗੀ ਮੇਰੀ ਬੱਚੀ, ਕੁਝ ਤੇਰੇ ਵਰਗੀ, ਤੇਰੇ ਹਾਣ ਦੀ। ਮਾਂ ਦੀ ਬੁੱਕਲ ਨਾ ਰਹੀ ਤਾਂ ਮੈਂ ਉਹਨੂੰ ਗੋਦੀ ਵਿਚ ਸਾਂਭ ਲਿਆ, ਪਰ ਹੁਣ ਜਦੋਂ ਅੱਲ੍ਹਾ ਮੀਆਂ ਦੇ ਕੋਲ ਜਾਵਾਂਗੀ ਤਾਂ ਕੀ ਜਵਾਬ ਦੇਵਾਂਗੀ ਉਹਦੀ ਮਾਂ ਨੂਰ ਬਾਨੋ ਨੂੰ..." ਕਹਿੰਦੇ ਹੋਏ ਜ਼ਰੀਨਾ ਬਾਨੋ ਆਪਣੀ ਛਾਤੀ ਪਿੱਟਣ ਲੱਗੀ।

o

ਵੰਡ ਦੇ ਦੁੱਖ ਦਰਦਾਂ ਦੀਆਂ ਲਕੀਰਾਂ ਜਦੋਂ ਵੀ ਟੈਮ੍ਹ ਬੇਟੈਮ੍ਹ ਚੁਭਦੀਆਂ ਹਨ ਉਦੋਂ ਵਤਨ ਵਿਚ ਬੇਵਤਨੀ ਦਾ ਅਹਿਸਾਸ ਜਿਉਂਦਾ ਹੋ ਜਾਂਦਾ ਹੈ। ਜਦੋਂ ਖ਼ੂਨ ਬੁਲਾਉਣ ਲਗਦਾ ਹੈ ਉਦੋਂ ਲੋਕ ਜ਼ਮੀਨ ਦੀ ਜੜ੍ਹਾਂ ਤੋਂ ਉਖੜ ਕੇ ਬੇਦਰਦ ਹਵਾਵਾਂ ਦੇ ਰੁਖ਼ ਨਾਲ ਹੋ ਲੈਂਦੇ ਹਨ ਜਿਵੇਂ ਜ਼ਰੀਨਾ ਬਾਨੋ ਆਪਣੀ ਪੋਤੀ ਦੀ ਯਾਦਾਂ ਦੀ ਡੋਰੀ ਫੜ ਕੇ ਅਚਾਨਕ ਅੰਮ੍ਰਿਤਸਰ ਆ ਗਈ। ਬਿਨਾ ਕਿਸੇ



ਸੂਚਨਾ ਦੇ...। ਸੁਰਜੀਤ ਕੌਰ ਉਹਨੂੰ ਦੇਖ ਕੇ ਜ਼ਰਦ ਪੱਤੇ ਦੇ ਵਾਗੂੰ ਕੰਬ ਗਈ। ਜਿਵੇਂ ਬਸੰਤ ਵਿਚ ਪਤਝੜ ਦਾ ਖੜਕਾ ਸੁਣ ਲਿਆ ਹੋਵੇ। ਅੱਖਾਂ ਤੋਂ ਨੀਂਦ ਨਦਾਰਦ ਜਿਹੀ ਹੋ ਗਈ। ਇੱਕ ਅਣਜਾਣਿਆ ਡਰ ਉਹਦੇ ਮਨ ਦੇ ਕੋਨੇ ਵਿਚ ਘਰ ਕਰ ਗਿਆ। ਉਹ ਜ਼ਰੀਨਾ ਬਾਨੋ ਤੋਂ ਅੱਖਾਂ ਚੁਰਾਉਣ ਲੱਗੀ, ਉਹਦੇ ਤੋਂ ਕੰਨੀਂ ਕਤਰਾਉਣ ਲੱਗੀ। ਅਕਸਰ ਸਾਹਮਣਾ ਨਾ ਹੋਵੇ ਇਸ ਕਰਕੇ ਜ਼ਿਆਦਾ ਸਮਾਂ ਗੁਰਦੁਆਰੇ ਵਿਚ ਬਿਤਾਉਂਦੀ । ਘਰ ਵਿਚ ਰਹਿ ਜਾਂਦੀਆਂ ਸਿਰਫ਼ ਦੋ ਜਣੀਆਂ ਜ਼ਰੀਨਾ ਬਾਨੋ ਤੇ ਗੁਲਸ਼ਨ। ਇਸਦਾ ਅਹਿਸਾਸ ਜ਼ਰੀਨਾ ਬਾਨੋ ਨੂੰ ਵੀ ਹੋ ਗਿਆ।

o

ਉਦੋਂ ਹੀ ਚਰਰਅ ਦੀ ਆਵਾਜ਼ ਨਾਲ ਬੂਹਾ ਵਿਹੜੇ ਦੇ ਅੰਦਰ ਖੁੱਲ੍ਹਿਆ ਅਤੇ ਸੁਰਜੀਤ ਕੌਰ ਗੁਰਦੁਆਰੇ ਦੀ ਸੇਵਾ ਤੋਂ ਵਿਹਲੀ ਹੋ ਕੇ ਘਰ ਆਈ। ਗੁਲਸ਼ਨ ਕੌਰ ਚਾਚੀ ਨੂੰ ਦੇਖ ਕੇ ਖੜ੍ਹੀ ਹੋਈ ਅਤੇ ਉਹਦੇ ਹੱਥੋਂ ਲੰਗਰ ਤੋਂ ਲਿਆਂਦਾ ਪ੍ਰਸ਼ਾਦ ਅਤੇ ਖਾਣਾ ਲੈ ਕੇ ਰਸੋਈ ਵਿਚ ਜਾਂਦੇ ਜਾਂਦੇ ਕਹਿਣ ਲੱਗੀ "ਚਾਚੀ ਖਾਣਾ ਲਿਆਵਾਂ, ਆਪਾ ਵੀ ਸਵੇਰ ਤੋ ਭੁੱਖੀ ਬੈਠੀ ਹੈ, ਸਿਰਫ਼ ਚਾਹ ਹੀ ਪੀਤੀ ਹੈ ਅਤੇ ਆਪਣੀ ਗੁਆਚੀ ਹੋਈ ਪੋਤੀ ਸਾਰਾ ਬਾਨੋ ਦੇ ਦਰਦ ਦੀ ਗਾਥਾ ਨੂੰ ਸੁਣਾ ਸੁਣਾ ਕੇ ਉਦਾਸ ਹੁੰਦੀ ਜਾ ਰਹੀ ਹੈ।"

"ਹਾਂ ਗੁਲਸ਼ਨ ਬੇਟੀ, ਦੋ ਪਲੇਟਾਂ ਵਿਚ ਪ੍ਰਸ਼ਾਦ ਵੰਡ ਕੇ ਤੁਸੀਂ ਦੋਵੇਂ ਖਾ ਲਓ। ਮੈਂ ਉੱਥੇ ਹੀ ਖਾ ਕੇ ਆਈ ਹਾਂ।" ਕਹਿ ਕੇ ਸੁਰਜੀਤ ਕੌਰ ਉੱਥੇ ਹੀ ਮੰਜੇ ਤੇ ਢੂਈ ਸਿੱਧੀ ਕਰਨ ਦੇ ਲਈ ਪੈ ਗਈ।

ਗੁਲਸ਼ਨ ਨੇ ਖਾਣਾ ਲਿਆਉਣ ਤੋਂ ਪਹਿਲਾਂ ਇੱਕ ਹਲਕੀ ਜਿਹੀ ਰਜਾਈ ਚਾਚੀ ਦੇ ਥੱਕੇ ਸਰੀਰ 'ਤੇ ਦੇ ਦਿੱਤੀ। ਚਾਚੀ ਦਾ ਮਨ ਉਹਨੂੰ ਅਸੀਸਾਂ ਦਿੰਦਾ ਨੀਂਦ ਵਿਚ ਗੋਤੇ ਖਾਣ ਲੱਗਿਆ। 'ਆਸਾ ਦੀ ਵਾਰ' ਦੇ ਵੇਲੇ ਗੁਰਦੁਆਰੇ ਪਹੁੰਚਣ ਤੋਂ ਬਾਅਦ ਹੁਣ ਘਰ ਆਈ ਸੀ। ਦੁਪਹਿਰ ਦੇ ਦੋ ਤਿੰਨ ਵੱਜ ਰਹੇ ਹਨ, ਨੀਂਦ ਤਾਂ ਆਉਣੀ ਹੀ ਸੀ...।

ਪਰ ਅਜਿਹਾ ਹੋ ਕੇ ਵੀ ਨਾ ਹੋਇਆ। ਸੁਰਜੀਤ ਕੌਰ ਨੇ ਅੱਖਾਂ ਤਾਂ ਬੰਦ ਕਰ ਲਈਆਂ ਪਰ ਬੰਦ ਅੱਖਾਂ ਵਿਚ ਜਿਹੜੇ ਪਰਛਾਵੇਂ ਤੈਰ ਆਏ ਉਹਨਾਂ ਨਾਲ ਸਰੀਰ ਕੰਬ ਗਿਆ ਸੀ। ਇਹ ਤਾਂ ਭਲਾ ਹੋਵੇ ਗੁਲਸ਼ਨ ਦਾ ਜਿਹੜੀ ਉਹਦੇ ਤੇ ਰਜਾਈ ਦੀ ਤਹਿ ਚੜ੍ਹਾ ਗਈ ਪਰ ਯਾਦਾਂ ਦੇ ਤਿੱਖੇ ਭੇਤ ਜਿਹੜੇ ਅੱਖਾਂ ਦੀ ਨੀਂਦ ਚੁਰਾ ਰਹੇ ਸਨ ਉਨਾਂ ਨੂੰ ਕਿਹੜਾ ਸਮਝਾਵੇ? ਅਤੀਤ ਦੇ ਪਰਛਾਵੇਂ ਲਗਾਤਾਰ ਅੱਜ ਕੰਨਾਂ ਵਿਚ ਗੂੰਜਣ ਲੱਗੇ। ਸੱਤ ਅੱਠ ਸਾਲ ਪੁਰਾਣੇ ਅਕਸ, ਸਿੰਧ ਤੋਂ ਹਿੰਦ ਵਿਚ ਆਉਣ ਦੀ ਤਿਆਰੀ ਵੇਲੇ ਮਾਹੌਲ ਨੂੰ ਫੇਰ

ਜਿਉਂਦਾ ਕਰਨ ਲੱਗੇ।

o

"ਨੀ ਸੁਰਜੀਤ ਭੈਣੇ, ਅਸੀਂ ਕਿੰਨੇ ਸਾਲਾਂ ਦੇ ਗੁਆਂਢੀ ਹਾਂ, ਇੱਕ ਦੂਜੇ ਦਾ ਸਹਾਰਾ ਹਾਂ, ਬਸ ਹੁਣ ਚੰਦਰੇ ਸਮੇਂ ਨੇ ਫ਼ਾਸਲੇ ਵਧਾ ਕੇ ਸਾਨੂੰ ਦੂਰ ਕਰਨ ਦਾ ਫ਼ੈਸਲਾ ਕਰ ਲਿਆ ਹੈ।"

"ਹਾਂ ਜ਼ਰੀਨਾ ਬੇਗਮ ਇਹ ਤਾਂ ਹੈ। ਹੁਣ ਦੇ ਵਿਛੜੇ ਪਤਾ ਨੀ ਕਦੋਂ ਮਿਲੀਏ? ਮਿਲਾਂਗੇ ਵੀ ਜਾਂ ਨਹੀਂ ਕੀਹਨੂੰ ਪਤਾ? ਸਰਦਾਰ ਜੀ ਨੇ ਤਾਂ ਕੱਲ੍ਹ ਸਵੇਰੇ ਹੀ ਤੁਰਨ ਦਾ ਤੈਅ ਕੀਤਾ ਹੈ। ਪਾਕਿਸਤਾਨ ਦਾ ਬਾਰਡਰ ਲੰਘ ਕੇ ਭਾਰਤ ਜਾ ਕੇ ਵਸ ਜਾਣ ਦੀ ਗੱਲ ਬਣੀ ਹੈ। ਸਵੇਰੇ ਅਸੀਂ ਦੋਵੇਂ ਚਲੇ ਜਾਵਾਂਗੇ। ਤੇਰੇ ਨਾਲ ਵੀ ਸ਼ਾਇਦ ਹੀ ਮੁਲਾਕਾਤ ਹੋਵੇ, ਇਹਨੂੰ ਹੀ ਆਖਰੀ ਮੁਲਾਕਾਤ ਸਮਝਣਾ।" ਕਹਿ ਕੇ ਸੁਰਜੀਤ ਕੌਰ ਜ਼ਰੀਨਾ ਬੇਗਮ ਦੇ ਗਲ ਲੱਗ ਕੇ ਅੱਥਰੂ ਆਪਣੇ ਕਮੀਜ਼ ਦੇ ਬਾਹਾਂ ਨਾਲ ਪੂੰਝਣ ਲੱਗੀ।

"ਨਹੀਂ ਨਹੀਂ ਸੁਰਜੀਤ, ਇੰਝ ਨਾ ਕਹਿ, ਅਸੀਂ ਮਿਲਣਾ ਹੈ, ਵਿਛੜਨਾ ਨਹੀਂ। ਤੂੰ ਮੇਰੀ ਇੱਕ ਅਮਾਨਤ ਆਪਣੇ ਨਾਲ ਲੈ ਕੇ ਜਾਣੀ ਐ। ਇਸ ਸਮੇਂ ਮੇਰਾ ਇੱਥੋਂ ਹਿੱਲਣਾ ਮੁਸ਼ਕਲ ਹੈ—ਸਰਤਾਜ ਦੀ ਬਾਂਦੀ ਜਿਹੜੀ ਹਾਂ। ਆਪਣੀ ਮਰਜ਼ੀ ਨਾਲ ਨਹੀਂ ਜਾ ਸਕਦੀ, ਪਰ ਮੇਰੀ ਗੁਲਸ਼ਨ ਬਾਨੋ ਨੂੰ ਤੂੰ ਆਪਣੀ ਬਣਾ ਕੇ ਨਾਲ ਲਿਜਾ ਸਕਦੀ ਹੈਂ। ਉਹਦੀ ਤਾਂ ਮਾਂ ਨਹੀਂ ਹੈ, ਹੁਣ ਤੂੰ ਉਹਦੀ ਮਾਂ ਬਣ ਜਾ ਅਤੇ ਮੇਰੇ ਜਿਗਰ ਦਾ ਟੁਕੜਾ ਆਪਣੇ ਵਿਹੜੇ 'ਚ ਜਾ ਕੇ ਲਾ ਦੇਣਾ। ਜੇਕਰ ਜ਼ਿੰਦਗੀ ਵਿਚ ਸਮਾਂ ਅਤੇ ਮੌਕਾ ਮਿਲਿਆ ਤਾਂ ਜ਼ਰੂਰ ਮਿਲਾਂਗੇ, ਹੁਣ ਮੈਂ ਚਲਦੀ ਹਾਂ।"

"ਪਰ ਜ਼ਰੀਨਾ ਬੇਗਮ...ਮੈਂ ਹਿੰਦੂ...ਤੂੰ..."

"ਨੀਂ ਬਸ ਵੀ ਕਰ, ਕਿਹਾ ਨਾ ਉਹ ਤੇਰੀ ਹੈ। ਤੂੰ ਜੋ ਮਰਜ਼ੀ ਕਰ, ਆਪਣਾ ਨਾਂ ਦੇ ਜਾਂ ਨਵਾਂ ਕਢਵਾ। ਉਹਨੂੰ ਆਪਣੇ ਨਾਲ ਲੈ ਜਾ ਜਾਂ ਇੱਥੇ ਮਰਨ ਲਈ ਛੱਡ ਜਾ। ਇਹ ਤੇਰੀ ਮਰਜ਼ੀ ਹੈ, ਮੇਰੀ ਨਹੀਂ..." ਕਹਿੰਦੇ ਹੋਏ ਜ਼ਰੀਨਾ ਬਾਨੋ ਹਿਰਨੀ ਦੇ ਵਾਗੂੰ ਘਰ ਤੋਂ ਬਾਹਰ ਨਿਕਲੀ।

ਅਤੇ ਆਪਣੇ ਹੀ ਘਰ ਵਿਚ ਸੁੰਨੀਆਂ ਕੰਧਾਂ ਵਿਚਾਲੇ ਇਕ ਗੁਦਗੁਦੀ ਅਤੇ ਕੰਬਣੀ ਮਹਿਸੂਸ ਕਰਦੇ ਹੋਏ ਅੱਖਾਂ ਝਪਕਦੀ ਰਹਿ ਗਈ ਸੁਰਜੀਤ ਕੌਰ। ਭਾਵੇਂ ਉਹ ਬੇਔਲਾਦ ਸੀ, ਪਰ ਸੀਨ੍ਹੇ 'ਚ ਮਮਤਾ ਨਹੀਂ, ਇਹ ਗੱਲ ਬਿਲਕੁਲ ਨਹੀਂ ਸੀ। ਬਸ ਡਰ ਸੀ ਕਿ ਜਾਤ ਪਾਤ ਦੀਆਂ ਕੰਧਾਂ ਕਿਤੇ ਉਸ ਰਿਸ਼ਤੇ ਨੂੰ ਊਚ ਨੀਚ ਦੀ ਤੱਕੜੀ 'ਚ ਨਾ ਤੋਲ ਦੇਣ। ਉਸ ਨੂੰ ਡਰ ਸੀ ਕਿ ਕਿਤੇ ਮਜ਼ਹਬ ਦੇ ਕਾਰਨ ਗੁਲਸ਼ਨ ਬਾਨੋ ਦੇ ਮਾਸੂਮ ਬਚਪਨ ਨੂੰ ਸੇਕ ਨਾ ਲਗ ਜਾਵੇ ਕਿਉਂਕਿ



ਮਾਹੌਲ ਹੀ ਅਜਿਹਾ ਸੀ।

ਸਿੱਖ ਅਤੇ ਮੁਸਲਮਾਨ ਇੱਕ ਦੂਜੇ ਦੇ ਕੱਟੜ ਵੈਰੀ ਹੋ ਗਏ ਸਨ। ਗੱਲ ਗੱਲ 'ਤੇ ਤਲਵਾਰਾਂ ਖੜਕਦੀਆਂ ਅਤੇ ਦੁੱਖ ਚੁੱਪ ਜਿਹਾ ਹੋ ਕੇ ਸਿਸਕਦਾ ਰਹਿੰਦਾ ਉਹਨਾਂ ਲਿਬੜੇ ਹੋਏ ਖ਼ੂਨ ਦੇ ਧੱਬਿਆਂ ਨੂੰ ਦੇਖ ਕੇ, ਜਿਹੜੇ ਇੱਕ ਹੀ ਰੰਗ ਦੇ ਸਨ—ਲਾਲ। ਸਾਰਿਆਂ ਦਾ ਖ਼ੂਨ ਲਾਲ ਹੈ ਤਾਂ ਕਿਉਂ ਕਿਸੇ ਦਾ ਦੁੱਖ ਦੇਖ ਕੇ ਕਿਸੇ ਦਾ ਖ਼ੂਨ ਉਬਾਲਾ ਨਹੀਂ ਖਾਂਦਾ? ਕਿਉਂ ਦੁੱਖ ਨੂੰ ਸਿਉਂਕ ਲੱਗੀ ਹੈ ਕਿ ਦੇਖ ਕੇ ਵੀ ਕਿਸੇ ਦਾ ਵੀ ਦਿਲ ਨਹੀਂ ਪਸੀਜਦਾ? ਖ਼ੂਨ ਚਿੱਟਾ ਹੋ ਗਿਆ ਹੈ? ਕਿਉਂ ਮਨੁੱਖਤਾ ਆਪਣੇ ਅਰਥਾਂ ਨੂੰ ਅਨਰਥਾਂ ਵੱਲ ਧੱਕ ਰਹੀ ਹੈ।

o

ਮੰਜੇ ਤੇ ਪਈ ਸੁਰਜੀਤ ਜਾਣਦੀ ਸੀ ਕਿ ਰਜਾਈ ਦੀ ਤਹਿ ਤਾਂ ਸਿਰਫ਼ ਤਨ ਨੂੰ ਢੱਕ ਰਹੀ ਸੀ, ਉਸਦਾ ਮਨ ਤਾਂ ਕੱਲ੍ਹ ਦੇ ਫਸਾਦਾਂ ਦੀਆਂ ਤਿੱਖੀਆਂ ਯਾਦਾਂ ਨਾਲ ਤਾਰ ਤਾਰ ਹੁੰਦਾ ਜਾ ਰਿਹਾ ਸੀ....।

"ਨੀ ਸੁਰਜੀਤ ਕੁਰੇ, ਤੂੰ ਕਿਉਂ ਸੁੱਤੀ ਪਈ ਐਂ? ਕੀ ਦਿਨ ਦੇ ਚਾਨਣ ਨੂੰ ਰਾਤ ਦਾ ਹਨੇਰਾ ਸਮਝ ਬੈਠੀ ਹੈਂ? ਚਲ ਖੜ੍ਹੀ ਹੋ ਤੇਰੇ ਵਿਹੜੇ ਵਿਚ ਚਾਨਣਾ ਅਜੇ ਬਾਕੀ ਹੈ? ਸਾਰੀਆਂ ਮੁਸ਼ਕਲਾਂ ਮੈਂ ਆਪਣੀ ਬੁੱਕਲ ਵਿਚ ਸਮੇਟ ਲਈਆਂ ਹਨ।" ਕਹਿੰਦੇ ਹੋਏ ਉਹਨੇ ਦੁੱਖ ਭਰੀ ਆਵਾਜ਼ ਵਿਚ ਗੁਲਸ਼ਨ ਕੌਰ ਵਲ ਦੇਖਦੇ ਹੋਏ ਇਕ ਹੁਕਮ ਦਿੱਤਾ....।

"ਨੀ ਗੁਲਸ਼ਨ ਬੇਟੀ ਸੁਣ, ਤਿੰਨ ਪਲੇਟਾਂ ਵਿਚ ਖਾਣਾ ਪਾ ਕੇ ਲਿਆ। ਤੇਰੀ ਅੰਮੀ ਸੁਰਜੀਤ ਵੀ ਸਾਡੇ ਨਾਲ ਹੀ ਖਾਵੇਗੀ। ਅੱਜ ਦਾ ਦਿਨ ਮਿਲਾਪ ਦਾ ਜਸ਼ਨ ਹੈ, ਧਰਤੀ ਆਕਾਸ਼ ਨਾਲ ਮਿਲ ਰਹੀ ਹੈ। ਹਾਂ...ਹਾਂ ਆਜਾ ਤੂੰ ਵੀ ਆ ਜਾ। ਸੁਰਜੀਤ ਤੂੰ ਖੜ੍ਹੀ ਹੋ...।"

ਹੁਣ ਗੁਲਸ਼ਨ ਕੌਰ ਸੋਚ ਦੇ ਸੁਮੰਦਰ ਵਿਚ ਤੈਰਨ ਲੱਗੀ। ਉਹ ਹੈਰਾਨੀ ਨਾਲ ਜ਼ਰੀਨਾ ਆਪਾ ਦੇ ਕਹੇ ਲਫ਼ਜ਼ਾਂ ਦੀ ਉਧੇੜਬੁਣ ਵਿਚ ਉਲਝ ਗਈ ਜਿਸ ਵਿਚ ਪਿਆਰ ਵੀ ਸੀ, ਦੁਲਾਰ ਵੀ । ਦਰਦ ਵੀ ਅਤੇ ਦਵਾਈ ਵੀ। ਸੁਰਜੀਤ ਕੌਰ ਤੋਂ ਵੀ ਝੱਲਿਆ ਨਾ ਗਿਆ, ਉੱਠ ਕੇ ਮੰਜੇ ਤੇ ਬੈਠੀ ਅਤੇ ਗਿੱਲੀਆਂ ਅੱਖਾਂ ਉਤਾਂਹ ਕਰਕੇ ਜ਼ਰੀਨਾ ਬਾਨੋ ਦੇ ਵਲ ਦੇਖਣ ਲੱਗੀ। ਡੂੰਘਾਈ ਤੱਕ ਉਹਦੀਆਂ ਅੱਖਾਂ ਵਿਚ ਝਾਕਦੇ ਹੋਏ ਇਹ ਜਾਣਨ ਦੀ ਕੋਸ਼ਿਸ਼ ਕਰਨ ਲੱਗੀ ਸੀ ਕਿ ਜ਼ਰੀਨਾ ਬਾਨੋ ਕੀ ਸੱਚਮੁੱਚ ਹੀ ਮਿਲਾਪ ਦਾ ਜਸ਼ਨ ਮਨਾਉਣ ਦੀ ਗੱਲ ਕਰ ਰਹੀ ਹੈ ਜਾਂ ਉਹਦੇ ਮਗਰੋਂ ਵੀ ਵਿਛੜਨ ਦਾ ਐਲਾਨ ਕਰ ਰਹੀ ਹੈ? ਧਰਤੀ ਅੰਬਰ ਦੇ ਮਿਲਣ ਦੀ ਗੱਲ ਉਹ ਸਮਝਣਾ ਚਾਹੁੰਦੀ ਹੋਈ ਵੀ ਨਹੀਂ ਸੀ ਸਮਝਣਾ ਚਾਹੁੰਦੀ।

ਕਿਉਂਕਿ....।

ਜ਼ਰੀਨਾ ਬਾਨੋ ਦੀ ਪੋਤੀ ਗੁਲਸ਼ਨ ਬਾਨੋ ਨੂੰ ਜਦੋਂ ਦੋਵੇਂ ਪਤੀ ਪਤਨੀ ਆਪਣੇ ਨਾਲ ਅੰਮ੍ਰਿਤਸਰ ਲੈ ਆਏ ਤਾਂ ਸਰਦਾਰ ਜੀ ਨੇ ਸਾਰਿਆਂ ਨੂੰ ਕਿਹਾ ਕਿ ਉਹ ਉਨ੍ਹਾਂ ਦੇ ਭਾਈ ਦੀ ਕੁੜੀ ਹੈ...ਗੁਲਸ਼ਨ ਕੌਰ, ਕਿਉਂਕਿ ਸਾਰੇ ਜਾਣਦੇ ਸਨ ਕਿ ਉਨ੍ਹਾਂ ਦੇ ਕੋਈ ਬੱਚਾ ਨਹੀਂ ਹੋਇਆ ਅਤੇ ਫੇਰ ਗੁਰਦੁਆਰੇ ਵਿਚ ਨਾਮਕਰਨ ਦੇ ਐਲਾਨ ਨੇ ਉਨ੍ਹਾਂ ਦੇ ਸੁੰਨੇ ਘਰ, ਦਿਲ ਵਿਹੜੇ ਵਿਚ ਖੁਸ਼ੀਆਂ ਲਿਆ ਦਿੱਤੀਆਂ। ਮਮਤਾ ਦਾ ਵਿਹੜਾ ਵਧਣ ਫੁੱਲਣ ਲੱਗਿਆ। ਗੁਲਸ਼ਨ ਨੂੰ ਪਾਲਦੇ ਪੋਸਦੇ ਉਹ ਵੀ ਆਹਰ ਲੱਗ ਗਏ ਅਤੇ ਉਹ ਉਨ੍ਹਾਂ ਦੇ ਮਨ ਵਿਚ ਰਚ ਮਿਚ ਗਈ।

"ਮੈਂ ਤੁਹਾਨੂੰ ਅੰਮੀ ਕਿਹਾ ਕਰਾਂਗੀ ਅਤੇ ਉਨ੍ਹਾਂ ਨੂੰ ਬਾਪੂ" ਇਹ 'ਚਾਚੀ' ਸ਼ਬਦ ਮੈਨੂੰ ਚੰਗਾ ਨਹੀਂ ਲਗਦਾ।" ਗੁਲਸ਼ਨ ਕੌਰ ਨੇ ਜ਼ਿੱਦ ਕੀਤੀ। ਉਮਰ ਵੀ ਤਾਂ ਅਜਿਹੀ ਸੀ, ਸੱਤ—ਅੱਠ ਸਾਲਾਂ ਦੀ।

"ਨਹੀਂ ਤੂੰ ਮੈਨੂੰ ਚਾਚੀ ਹੀ ਆਖਿਆ ਕਰ। ਤੇਰੀ ਆਵਾਜ਼ ਵਿਚ ਮੈਨੂੰ ਚਾਚੀ ਸ਼ਬਦ 'ਅੰਮੀ' ਵਰਗਾ ਹੀ ਲਗਦਾ ਹੈ। ਸਰਦਾਰ ਜੀ ਨੂੰ ਤੂੰ ਭਾਵੇਂ ਬਾਪੂ ਕਹਿ।" ਸੁਰਜੀਤ ਨੇ ਤਰਕ ਦੇ ਕੇ ਆਪਣੇ ਢੰਗ ਨਾਲ ਗੁਲਸ਼ਨ ਨੂੰ ਮਨਾ ਲਿਆ...ਕਾਰਨ ਸੀ...ਜਿਹੜਾ ਦਿਲ ਵਿਚ ਡਰ ਬਣ ਕੇ ਬੈਠ ਗਿਆ ਸੀ।

ਡਰ ਇਹੀ ਸੀ...

ਕਦੇ ਨਾ ਕਦੇ ਤਾਂ ਹਾਲਾਤ ਬਦਲਣਗੇ, ਸਮਾਂ ਬਦਲੇਗਾ ਅਤੇ ਖ਼ੂਨ ਆਪਣਾ ਰੰਗ ਦਿਖਾਵੇਗਾ। ਜੇਕਰ ਇੰਝ ਹੋਇਆ ਤਾਂ ਗੁਲਸ਼ਨ ਫੇਰ ਤੋਂ ਜ਼ਰੀਨਾ ਬਾਨੋ ਦੇ ਘਰ ਦਾ ਗੁਲਸ਼ਨ ਬਣੀ ਤਾਂ ਉਹ ਜ਼ਰੂਰ ਹੀ ਪੱਤਝੜ ਦੇ ਸੁੱਕੇ ਪੱਤਿਆਂ ਵਾਗੂੰ ਝੜ ਜਾਵੇਗੀ।

ਅਤੇ ਫੇਰ ਮੌਸਮ ਦੇ ਵਾਂਗੂੰ ਦਿਨ, ਮਹੀਨੇ ਤੇ ਸਾਲ ਲੰਘਣ ਲੱਗੇ। ਤਿੰਨ ਸਾਲਾਂ ਮਗਰੋਂ ਗੁਲਸ਼ਨ ਦਾ ਬਾਪੂ ਸਵਰਗ ਸਿਧਾਰ ਗਿਆ ਅਤੇ ਸੁਰਜੀਤ ਨੇ ਗੁਲਸ਼ਨ ਦੀਆਂ ਸਿਸਕੀਆਂ ਨੂੰ ਸੀਨ੍ਹੇ ਵਿਚ ਲੈ ਕੇ, ਉਹਨੂੰ ਦੁੱਗਣਾ ਪਿਆਰ ਦੁਲਾਰ ਦੇ ਕੇ ਉਹ ਵਾਹਿਗੁਰੂ ਦੀ ਸ਼ਰਨ ਵਿਚ ਆ ਕੇ ਵਸ ਗਈ। ਗੁਰਦੁਆਰੇ ਨੂੰ ਦੂਜਾ ਘਰ ਬਣਾ ਲਿਆ। ਦਿਨ ਰਾਤ ਦੀ ਸੇਵਾ ਉਹਦਾ ਨਿੱਤਨੇਮ ਬਣ ਗਈ। ਇਹ ਦੇਖ ਕੇ ਪੰਚਾਂ ਨੇ ਗੁਰਦੁਆਰੇ ਵਿਚ ਹੀ ਉਹਨੂੰ ਇੱਕ ਕਮਰਾ ਦੇ ਦਿੱਤਾ। ਜਿੱਥੇ ਦੋਵੇਂ ਮਾਵਾਂ ਧੀਆਂ ਇੱਜ਼ਤਦਾਰ ਤੇ ਸੁਰੱਖਿਅਤ ਜ਼ਿੰਦਗੀ ਬਤੀਤ ਕਰਨ ਲੱਗੀਆਂ। ਜ਼ਿੰਦਗੀ ਦੀ ਧੁੱਪ ਛਾਂ ਦੇ ਸੰਘਣੇ ਪਲਾਂ ਦੇ ਵਿਚਾਲੇ ਗੁਲਸ਼ਨ ਵੀ ਹੁਣ ਬਚਪਨ ਤੋਂ ਜਵਾਨੀ ਦੀ ਦਹਿਲੀਜ਼ ਤੇ ਆ ਖੜ੍ਹੀ ਹੋਈ। ਸੋਲ੍ਹਾਂ ਸਾਲਾਂ ਦੀ ਹੁੰਦੇ ਹੀ ਉਹਨੇ ਕਾਲਜ ਵਿਚ ਦਾਖਲਾ ਲੈ ਲਿਆ ਸੀ।



ਅਤੇ ਇਕ ਦਿਨ ਅਚਾਨਕ....।

ਜ਼ਰੀਨਾ ਬਾਨੋ ਦੀ ਚਿੱਠੀ ਸੁਰਜੀਤ ਕੌਰ ਦੇ ਨਾਂ ਗੁਰਦੁਆਰੇ ਦੇ ਪਤੇ ਤੇ ਮਿਲੀ ਕਿ ਉਹ ਉਹਨੂੰ ਮਿਲਣ ਕੁੱਝ ਸਿੱਖ ਯਾਤਰੀਆਂ ਦੇ ਨਾਲ ਗੁਰਦੁਆਰੇ ਆ ਰਹੀ ਹੈ। ਸੁਰਜੀਤ ਦੀ ਸੇਵਾ ਦੇ ਚਰਚੇ ਕਿਸੇ ਹੱਦ ਦੇ ਮੁਥਾਜ ਨਹੀਂ ਸਨ ਅਤੇ ਅਕਸਰ ਉਹਦੀ ਚਰਚਾ ਅੰਮ੍ਰਿਤਸਰ ਦੇ ਉਸ ਗੁਰਦੁਆਰੇ ਨਾਲ ਜੁੜਦੀ ਰਹਿੰਦੀ। ਜ਼ਰੀਨਾ ਬਾਨੋ ਦਾ ਦਿਲ ਗਵਾਹੀ ਦਿੰਦਾ ਰਿਹਾ ਕਿ ਇਹ ਉਸਦੀ ਗੁਲਸ਼ਨ ਬਾਨੋ ਦੀ ਮਾਂ ਹੈ।

o

ਭੂਤਕਾਲ ਦੀਆਂ ਗਲੀਆਂ 'ਚੋਂ ਹੁੰਦੇ ਹੋਏ ਸੁਰਜੀਤ ਕੌਰ ਦੀਆਂ ਯਾਦਾਂ ਦੇ ਪਰਛਾਵੇ ਉਹਨੂੰ ਵਰਤਮਾਨ ਵਿਚ ਲੈ ਆਏ। ਜ਼ਰੀਨਾ ਬਾਨੋ ਦੀ ਆਵਾਜ਼ ਇੱਕ ਖੁਸ਼ਨੁਮਾ ਖ਼ਬਰ ਦੇ ਵਾਂਗ ਤਰੰਗ ਬਣ ਕੇ ਲਹਿਰਾ ਰਹੀ ਸੀ। ਉਹ ਉੱਠ ਕੇ ਮੰਜੇ ਤੇ ਬੈਠੀ ਅਤੇ ਜ਼ਰੀਨਾ ਬਾਨੋ ਵੱਲ ਭਿੱਜੀਆਂ ਅੱਖਾਂ ਨਾਲ ਦੇਖਦੀ ਰਹੀ।

ਜ਼ਰੀਨਾ ਬਾਨੋ ਨੇ ਮੁਸਕੜੀਏ ਹੱਸਦੇ ਹੋਏ ਖਾਣੇ ਵਲ ਇਸ਼ਾਰਾ ਕੀਤਾ ਤਾਂ ਜਿਵੇਂ ਸੁਰਜੀਤ ਕੌਰ ਨੂੰ ਹੋਸ਼ ਆਇਆ।

"ਗੁਲਸ਼ਨ ਬੇਟਾ ਰੋਟੀ ਤਾਂ ਲੈ ਆਈ ਐਂ ਪਰ ਦਾਲ ਤਾਂ ਅੰਦਰ ਹੀ ਭੁੱਲ ਆਈ। ਕੀ ਆਪਣੀ ਆਪਾ ਨੂੰ ਸੁੱਕੀ ਰੋਟੀ ਖੁਆਏਂਗੀ?" ਕਹਿੰਦੇ ਹੋਏ ਸੁਰਜੀਤ ਕੌਰ ਆਪਣੇ ਮੰਜੇ ਤੋਂ ਉੱਠ ਕੇ ਜ਼ਰੀਨਾ ਦੇ ਨੇੜੇ ਹੋ ਕੇ ਬੈਠ ਗਈ।

"ਓ ਤੇਰੀ..." ਕਹਿੰਦੇ ਹੋਏ ਗੁਲਸ਼ਨ ਕੌਰ ਰਸੋਈ ਵਲ ਭੱਜੀ।

"ਸੁਰਜੀਤ ਹੁਣ ਚੱਲ...ਹੁਣ ਰੋਟੀ ਦੀ ਅਦਲਾ ਬਦਲੀ ਕਰ ਅਤੇ ਜਸ਼ਨ ਮੁਬਾਰਕ ਨੂੰ ਅੰਜਾਮ ਦੇਈਏ...ਕਹਿੰਦੇ ਹੋਏ ਜ਼ਰੀਨਾ ਬਾਨੋ ਨੇ ਪਹਿਲੀ ਬੁਰਕੀ ਦਾਲ ਰੋਟੀ ਨਾਲ ਗੁਲਸ਼ਨ ਕੌਰ ਦੇ ਮੂੰਹ ਵਿਚ ਪਾਈ ਅਤੇ ਦੂਜੀ ਸੁਰਜੀਤ ਕੌਰ ਦੇ ਮੂੰਹ ਵਿਚ ਪਾਈ। ਸੁਰਜੀਤ ਕੌਰ ਤੇ ਗੁਲਸ਼ਨ ਨੇ ਵੀ ਇਹ ਰਸਮ ਨਿਭਾਈ। ਇਸ ਖੁਸ਼ੀ ਦੇ ਮੂਹਰੇ ਦੁੱਖ ਦੀਆਂ ਲੰਮੀਆਂ ਚੌੜੀਆਂ ਸਫ਼ੀਲਾਂ ਬੌਣੀਆਂ ਹੋ ਗਈਆਂ।

ਸਾਰਿਆਂ ਦੇ ਚਿਹਰੇ ਤੇ ਮੁਸਕਾਨ ਤੈਰ ਗਈ।

"ਨੀ ਸੁਰਜੀਤ ਇੱਕ ਗੱਲ ਤਾਂ ਦੱਸ, ਜਿੰਨਾ ਸੋਹਣਾ ਨਾਓਂ 'ਗੁਲਸ਼ਨ ਕੌਰ' ਤੂੰ ਇਹਦਾ ਰੱਖਿਆ ਹੈ ਉਹਦੇ ਮੂਹਰੇ ਤਾਂ ਇਹਦਾ ਹੁਸਨ ਵੀ ਫਿੱਕਾ ਪੈ ਗਿਆ ਹੈ।"

"ਹਾਂ ਜ਼ਰੀਨਾ ਬੇਗਮ, ਇੱਧਰ ਦੀ ਗੁਲਸ਼ਨ ਦਾ ਰੰਗ ਉੱਧਰ ਦੀ ਗੁਲਸ਼ਨ ਦੇ ਹੁਸਨ ਦੇ ਮੂਹਰੇ ਫਿੱਕਾ ਹੀ ਪੈਣਾ ਹੈ। ਉਧਰ ਦੀ ਇਸ ਗੁਲਸ਼ਨ ਦੀ ਖ਼ੁਸ਼ਬੂ

ਮੇਰੇ ਸਾਹਾਂ ਵਿਚ ਏਵੇਂ ਵਸੀ ਹੈ ਕਿ ਹੁਣ ਲਗਦਾ ਹੈ ਕਿ ਇਹਦੇ ਬਿਨਾਂ ਵੀ ਕੀ ਕੋਈ ਜ਼ਿੰਦਗੀ ਹੋਵੇਗੀ?" ਅਤੇ ਉਹ ਆਪਣੀ ਆਖੀ ਹੋਈ ਗੱਲ ਦਾ ਰੰਗ ਜ਼ਰੀਨਾ ਬਾਨੋ ਦੀਆਂ ਅੱਖਾਂ ਵਿਚ ਦੇਖਣਾ ਚਾਹੁੰਦੀ ਸੀ

"ਭਾਗਾਂ ਵਾਲੀ ਐਂ ਸੁਰਜੀਤ ਕੁਰੇ, ਇਹਦੇ ਪਾਲਣ ਪੋਸ਼ਣ ਵਿਚ ਤੈਨੂੰ ਆਪਣੇ ਵਾਹਿਗੁਰੂ ਦੀ ਗੁਰਬਾਣੀ ਦਾ ਆਸਰਾ ਵੀ ਮਿਲਿਆ ਹੈ। ਹਾਂ ਗੁਲਸ਼ਨ ਕੌਰ ਸੱਚਮੁੱਚ ਹੀ ਤੇਰੇ ਵਿਹੜੇ ਦਾ ਫੁੱਲ ਹੈ ਜਿਹੜਾ ਹਰ ਮਜ਼ਹਬ ਤੋਂ ਪਰ੍ਹੇ ਸੱਚ ਦੀ ਪਨਾਹ ਵਿਚ ਵਧ ਫੁੱਲ ਰਿਹਾ ਹੈ।" ਕਹਿ ਕੇ ਜ਼ਰੀਨਾ ਆਪਾ ਨੇ ਗੁਲਸ਼ਨ ਕੌਰ ਦੇ ਸਿਰ ਤੇ ਪਿਆਰ ਨਾਲ ਹੱਥ ਫੇਰਿਆ।

"ਜ਼ਰੀਨਾ ਬਾਨੋਂ...ਮੈਂ...ਮੈਂ..." ਕਹਿ ਕੇ ਸੁਰਜੀਤ ਕੌਰ ਰੌਣਹਾਕੀ ਹੋ ਗਈ।

"ਬਈ ! ਜਸ਼ਨ-ਏ-ਮੁਬਾਰਕ 'ਤੇ ਹੰਝੂ ਨਹੀਂ ਕੇਰਦੇ ਹੁੰਦੇ ਕਮਲੀਏ। ਇਹੀ ਵਾਗਰੂ ਤੇਰਾ ਮਾਲਕ ਹੈ। ਮੈਂ ਅਗਲੇ ਹਫ਼ਤੇ 'ਸਰਤਾਜ' ਦੀ ਸ਼ਰਨ ਵਿਚ ਚਲੀ ਜਾਵਾਂਗੀ। ਤੂੰ ਗੁਲਸ਼ਨ ਕੌਰ ਦੇ ਨਾਲ, ਖੁਸ਼ ਰਹਿ ਆਬਾਦ ਰਹਿ।" ਕਹਿ ਕੇ ਜ਼ਰੀਨਾ ਬਾਨੋ ਨੇ ਸੁਰਜੀਤ ਨੂੰ ਗਲ ਨਾਲ ਲਾ ਲਿਆ।

"ਦਾਦੀ ਜਾਨ...ਤੁਸੀਂ ਕੁਝ ਦਿਨ ਹੋਰ ਰੁਕ ਜਾਓ ਸਾਡੇ ਕੋਲ..." ਗੁਲਸ਼ਨ ਕੌਰ ਦੇ ਇਸ ਪਿਆਰ ਭਰੇ ਸੰਬੋਧਨ ਨੇ ਜ਼ਰੀਨਾ ਬਾਨੋ ਨੂੰ ਗਦ-ਗਦ ਕਰ ਦਿੱਤਾ। ਉਸ ਸੰਬੋਧਨ ਵਿਚ ਸੰਬੰਧਾਂ ਦੀ ਮਹਿਕ ਸੀ ਅਤੇ ਅਪਣੱਤ ਦਾ ਅਹਿਸਾਸ ਸੀ। ਜਿਹਨੂੰ ਉਹ ਜਿਊਣਾ ਚਾਹੁੰਦੀ ਸੀ, ਸਾਂਭਣਾ ਚਾਹੁੰਦੀ ਸੀ।

ਹੁਣ ਉਸ ਤੋਂ ਰਿਹਾ ਨਾ ਗਿਆ। ਆਪਣੇ ਮੰਜੇ ਤੋਂ ਖੜ੍ਹੀ ਹੋ ਕੇ ਉਹਨੇ ਗੁਲਸ਼ਨ ਕੌਰ ਨੂੰ ਗਲ ਨਾਲ ਲਾ ਲਿਆ ਕੁਝ ਏਵੇਂ ਜਿਵੇਂ ਕੋਈ ਲਹਿਰ ਕਿਨਾਰਾ ਛੂਹਣ ਲਈ ਤਤਪਰ ਸੀ। ਗੁਲਸ਼ਨ ਵੀ ਆਪਣੀ ਦਾਦੀ ਆਪਾ ਦੇ ਗਲ ਵਿਚ ਵੇਲ ਵਾਂਗੂੰ ਚਿੰਬੜ ਗਈ। ਪਤਾ ਹੀ ਨਹੀਂ ਲੱਗਿਆ ਕਿ ਲਹਿਰ ਕਿਨਾਰੇ ਨਾਲ ਮਿਲ ਰਹੀ ਹੈ ਜਾਂ ਕਿਨਾਰਾ ਲਹਿਰ ਨਾਲ।

"ਮੈਂ ਬਹੁਤ ਖੁਸ਼ ਹਾਂ ਕਿ ਵੰਡ ਦੇਸ਼ਾਂ ਦੀ ਹੋਈ ਹੈ। ਦਿਲਾਂ ਦੀਆਂ ਲਕੀਰਾਂ ਅਜੇ ਵੀ ਜੁੜੀਆਂ ਹੋਈਆਂ ਹਨ..." ਕਹਿੰਦੇ ਹੋਏ ਸੁਰਜੀਤ ਕੌਰ ਨੇ ਅੱਗੇ ਹੋ ਕੇ ਦੋਵਾਂ ਨੂੰ ਆਪਣੀਆਂ ਬਾਹਾਂ 'ਚ ਲੈ ਲਿਆ।

—o—



# ਨਵੀਂ ਮਾਂ

ਇਕ ਰਾਤ ਵਿਚ ਉਹ ਮਾਂ ਬਣ ਗਈ। ਭਾਵੇਂ ਮਤਰੇਈ ਹੀ ਸੀ, ਪਰ ਕਹਿਣ ਨੂੰ ਤਾਂ ਉਹ ਹੁਣ ਦੋ ਕੁੜੀਆਂ ਦੀ ਮਾਂ ਸੀ। ਇਹ ਵਰਦਾਨ ਉਹਨੂੰ ਵਿਰਾਸਤ ਵਿਚ ਮਿਲਿਆ। ਮਮਤਾ ਕੀ ਹੁੰਦੀ ਹੈ, ਬੱਚੇ ਦੀਆਂ ਕਿਲਕਾਰੀਆਂ ਕੀ ਹੁੰਦੀਆਂ ਹਨ, ਛਾਤੀ ਵਿਚੋਂ ਦੁੱਧ ਦੀਆਂ ਧਾਰਾਂ ਕਿਵੇਂ ਛਲਕਦੀਆਂ ਹਨ, ਕੁਝ ਵੀ ਜਾਣੇ ਬਿਨਾਂ ਉਹ ਮਾਂ ਬਣ ਗਈ। ਹੋਣੀ ਦਾ ਵਰਦਾਨ।

ਵੱਡੀ ਕੁੜੀ ਰਚਨਾ ਆਪਣੀ ਨਵੀਂ ਮਾਂ ਦੀ ਮਨੋਦਸ਼ਾ ਨੂੰ ਸਮਝ ਰਹੀ ਸੀ। ਉਹ ਵੀ ਇਸ ਵੱਡੇ ਦਵੰਦ ਦੇ ਪੁੜਾਂ ਵਿਚਾਲੇ ਖਿਚੋਤਾਣ ਦੇ ਮਾਹੌਲ ਵਿਚੋਂ ਲੰਘ ਰਹੀ ਸੀ। ਕਲਾ, ਹਾਂ ਕਲਾਵੰਤੀ ਹੀ ਉਹਦੀ ਨਵੀਂ ਮਾਂ ਦਾ ਨਾਮ ਸੀ। ਸੁਡੌਲ ਸਰੀਰ, ਗੋਰਾ ਰੰਗ, ਤਿੱਖੇ ਨੈਣ-ਨਕਸ਼, ਇਕ ਕਲਾਤਮਿਕ ਮੂਰਤੀ ਵਰਗੇ ਮੁਹਾਂਦਰੇ ਅਤੇ ਸੁੰਦਰਤਾ ਨਾਲ ਹਨੇਰਿਆਂ ਵਿਚ ਚਾਨਣ ਭਰਨ ਦੀ ਯੋਗਤਾ ਰੱਖਣ ਵਾਲੀ ਇਕ ਅੱਧ ਖਿੜੀ ਸੁੰਦਰੀ ਜਿਹੜੀ ਉਮਰ ਵਿਚ ਉਸ ਤੋਂ ਦੋ ਸਾਲ ਛੋਟੀ ਅਤੇ ਉਹਦੀ ਭੈਣ ਗਾਇਤਰੀ ਦੀ ਉਮਰ ਤੋਂ ਦੋ ਸਾਲ ਵੱਡੀ ਸੀ।

ਰਚਨਾ ਘਰ ਦੀ ਵੱਡੀ ਲੜਕੀ ਹੋਣ ਦੇ ਨਾਤੇ ਸੰਬੰਧਾਂ ਨੂੰ ਜਾਣਦੀ ਸੀ, ਰਿਸ਼ਤਿਆਂ ਦੇ ਵਿਚਾਲੇ ਵਰਤ—ਵਰਤਾਵੇ ਨੂੰ ਪਛਾਣਦੀ ਸੀ। ਸਕੀ ਮਾਂ ਬਿਮਾਰ ਸੀ, ਇਲਾਜ ਕੀਤਾ ਗਿਆ, ਪੈਸਾ ਪਾਣੀ ਦੇ ਵਾਂਗ ਵਹਾਇਆ ਗਿਆ। ਦੁਨੀਆਂ ਵਿਚ ਹਰ ਤਰ੍ਹਾਂ ਦੇ ਸਾਧਨ ਜਟਾਉਣ ਵਿਚ ਪੈਸਾ ਸਹਿਯੋਗ ਦਿੰਦਾ ਹੈ, ਪਰੰਤੂ ਜੀਵਨ ਦਾਨ ਕਿੱਥੇ ਦੇ ਸਕਦਾ ਹੈ? ਉਸੇ ਪੈਸੇ ਦੇ ਜ਼ੋਰ ਤੇ ਪੁਰਾਣੀ ਮਾਂ ਦੀ ਮੌਤ ਦੇ ਕੁਝ ਅਰਸੇ ਮਗਰੋਂ ਹੀ ਨਵੀ ਮਾਂ ਘਰ ਆ ਗਈ। ਪਿਓ ਨੇ ਨਵੀਂ ਮਾਂ ਨੂੰ ਲਿਆਉਣ ਵਿਚ ਜਿੰਨੀ ਕਾਹਲ ਕੀਤੀ, ਆਪਣੀਆਂ ਕੁੜੀਆਂ ਦੇ ਨਾਲ ਅਪਣੱਤ ਤੇ ਉਨ੍ਹਾਂ ਨੂੰ ਸਮਝਣ ਵਿਚ ਓਨੀ ਹੀ ਦੇਰੀ ਕਰ ਦਿੱਤੀ, ਉਹ ਮਰਿਆਦਾ ਜਿਹੜੀ ਰਿਸ਼ਤਿਆਂ ਨੂੰ ਜੋੜਦੀ ਹੈ, ਉਹ ਸ਼ਾਇਦ ਪਿਓ ਦੇ ਜੀਵਨ ਦਾ ਹਿੱਸਾ ਨਾ ਬਣ ਸਕੀ। ਰਿਸ਼ਤਿਆਂ ਦਾ ਟੁੱਟਣਾ ਅਤੇ ਜੁੜਨਾ ਇੱਕ ਰਸਮੀ ਜਿਹੀ ਗੱਲ ਹੋ ਗਈ ਉਨ੍ਹਾਂ ਦੇ ਵਾਸਤੇ। ਰਿਸ਼ਤਿਆਂ ਦਾ ਨਿਭਾਓ ਅਤੇ ਨਿਭਾਅ ਕੀ ਹੈ, ਇਹ ਉਨ੍ਹਾਂ ਦੀ ਫਿਤਰਤ ਵਿਚ ਸ਼ਾਮਿਲ ਹੀ ਨਹੀਂ ਸੀ। ਸੀ ਤਾਂ ਬਸ ਸਭ ਕੁਝ ਲੋਕਾਚਾਰੀ ਇੱਕ ਦੂਜੇ ਦੀ ਪ੍ਰਵਾਹ, ਉਠਣ ਬੈਠਣ ਵਿਚ

ਮਾਣ-ਮਰਿਆਦਾ, ਦਿਖਾਵੇ ਦੀ ਚਮਕ-ਦਮਕ ਅਤੇ ਹਰ ਉਹ ਸਾਧਨ ਜਿਹੜਾ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਵਿਚ ਸੁੱਖਾਂ ਦਾ ਵਾਧਾ ਕਰ ਸਕੇ।

"ਰਚਨਾ ਕਦੇ ਕਦਾਈਂ ਕੰਮ ਵਿਚ ਆਪਣੀ ਨਵੀਂ ਮਾਂ ਦਾ ਹੱਥ ਵਟਾ ਦਿਆ ਕਰ, ਉਹਨੂੰ ਥੋੜ੍ਹਾ ਟੈਮ੍ਹ ਲੱਗੂ ਸਿੱਖਣ ਵਿਚ ਤੇ ਤੂੰ ....।" ਪਿਤਾ ਦਾ ਇਹ ਕਹਿਣਾ ਸੀ ਪਰ ਪਿਆਰ ਤੋਂ ਕੋਰਾ, ਆਪਣੇਪਣ ਤੋਂ ਸੱਖਣਾ। ਇਹ ਕਹਿਣਾ ਘੱਟ, ਇਕ ਹੁਕਮਨਾਮਾ ਜ਼ਿਆਦਾ ਸੀ ਜਿਹੜਾ ਪਤਾ ਨਹੀਂ ਕਿਹੜੀ ਰਿਵਾਇਤ ਦੇ ਤਹਿਤ ਪਰਿਵਾਰ ਦੇ ਮੈਂਬਰਾਂ ਤੇ ਥੋਪਦੇ ਰਹੇ, ਹਮੇਸ਼ਾ ਦੇ ਵਾਂਗੂੰ.... ਜਿਵੇਂ ਉਹ ਨਵੀਂ ਮਾਂ ਤੋਂ ਪਹਿਲਾਂ ਸਕੀ ਮਾਂ ਨੂੰ ਵੀ ਹੁਕਮ ਚਾੜ੍ਹਿਆ ਕਰਦੇ ਸਨ।

"ਤੁਸੀਂ ਆਪਣੀ ਨਵੀਂ ਬੀਵੀ ਦੀ ਗੱਲ ਕਰ ਰਹੇ ਹੋ?" ਰਚਨਾ ਨੇ ਤਿੱਖੇ ਵਿਅੰਗ ਨਾਲ ਸ਼ਬਦੀ ਵਾਰ ਕੀਤਾ। ਵਾਤਾਵਰਣ ਵਿਚ ਉਹ ਜਿੰਨੇ ਵੀ ਬਦਲਾਅ ਦੇਖਦੀ ਉਹਨਾਂ ਨੂੰ ਹੀ ਉਹ ਆਪਣੇ ਬਾਗ਼ੀ ਵਿਚਾਰਾਂ ਵਿਚ ਪੇਸ਼ ਕਰਦੀ।

"ਹਾਂ...ਹਾਂ, ਤੇਰੀ ਨਵੀਂ ਮਾਂ ਦੀ ਹੀ ਗੱਲ ਕਰ ਰਿਹਾ ਹਾਂ। ਚੰਗਾ ਹੋਵੇਗਾ ਕਿ ਜੇ ਤੂੰ ਨਵੇਂ ਅਤੇ ਪੁਰਾਣੇ ਰਿਸ਼ਤੇ ਦੀ ਮਾਮੂਲੀ ਕੰਧ ਨੂੰ ਤੋੜ ਕੇ ਉਹਨੂੰ ਮਾਂ ਸੰਬੋਧਨ ਕਰੇਂ।" ਪਿਤਾ ਨੇ ਆਪਣੇ ਗਰਮ ਸੁਭਾਅ ਮੁਤਾਬਕ ਕਿਹਾ।

"ਪਰ ਮੈਂ ਨਾ ਉਹਨੂੰ ਮਾਂ ਮੰਨਦੀ ਹਾਂ ਅਤੇ ਨਾ ਹੀ ਉਹਨੂੰ ਮਾਂ ਕਹਿ ਸਕਦੀ ਹਾਂ। ਉਹ ਤਾਂ ਉਮਰ ਵਿਚ ਵੀ ਮੇਰੇ ਨਾਲੋਂ ਦੋ ਸਾਲ ਛੋਟੀ ਹੈ। ਕਿੱਲੇ ਨਾਲ ਬੰਨ੍ਹ ਕੇ ਤੁਸੀਂ ਉਹਦੇ ਨਾਲ ਇਕ ਰਿਸ਼ਤਾ ਤਾਂ ਜੋੜ ਲਿਆ, ਬਸ ਇਕ ਨਾਂ ਦੇ ਦਿੱਤਾ— ਪਤਾ ਕਿਹੜੇ ਸਵਾਰਥ ਦੇ ਕਾਰਨ....?"

"ਰਚਨਾ ਆਪਣੇ ਦਿਮਾਗ ਨੂੰ ਟਿਕਾਣੇ ਰੱਖ...।" ਪਿਤਾ ਨੇ ਅਸਪੱਸ਼ਟ ਸ਼ਬਦਾਂ ਵਿਚ ਵਿਰੋਧ ਕੀਤਾ।

"ਰਿਸ਼ਤਾ ਜੋੜਨਾ ਇਕ ਗੱਲ ਹੈ, ਉਹਨੂੰ ਨਿਭਾਉਣਾ ਹੋਰ ਗੱਲ ... ਅਤੇ ਉਸਨੂੰ ਪੂਰਾ ਕਰਨ ਦੇ ਲਈ ਤੁਹਾਨੂੰ ਆਪਣੇ ਬੱਚਿਆਂ ਦਾ ਸਹਿਯੋਗ ਲੈਣਾ ਪੈਣਾ, ਇਹ ਨਾ ਤਾਂ ਉਚਿਤ ਹੈ ਨਾ ਹੀ ਨੈਤਿਕਤਾ ਦੇ ਲਿਹਾਜ ਨਾਲ ਸਹੀ।" ਕਹਿੰਦਿਆਂ ਰਚਨਾ ਬੇਰੁਖ਼ੀ ਨਾਲ ਜਾਣ ਲੱਗੀ।

"ਰੁਕ ... ਤੂੰ ਆਪਣੀ ਨਵੀਂ ਮਾਂ ਨੂੰ ਮਾਂ ਨਹੀਂ ਮੰਨਦੀ, ਕੀ ਇਹੀ ਕਹਿਣਾ ਚਾਹੁੰਦੀ ਹੈਂ ਤੂੰ?"

"ਨਹੀਂ, ਕਹਿਣਾ ਤਾਂ ਨਹੀਂ ਚਾਹੁੰਦੀ, ਪਰ ਕਹੇ ਬਿਨਾਂ ਰਹਿ ਵੀ ਨਹੀਂ ਸਕਦੀ। ਤੁਸੀਂ ਮੈਨੂੰ ਇਹ ਅਹਿਸਾਸ ਦਿਵਾਉਣ ਦੀ ਕੋਸ਼ਿਸ਼ ਨਾ ਕਰੋ ਕਿ ਜਿਹੜੇ ਰਿਸ਼ਤੇ ਤੁਸੀਂ ਮੇਰੇ ਤੇ ਥੋਪੋਗੇ ਉਹ ਮੈਨੂੰ ਜਾਂ ਗਾਇਤਰੀ ਨੂੰ ਸਵੀਕਾਰ



ਹੋਣਗੇ? ਮੈਨੂੰ ਚੰਗੇ ਬੁਰੇ ਦੀ ਪਛਾਣ ਹੈ, ਠੀਕ ਗਲਤ ਵਿਚ ਫ਼ਰਕ ਸਮਝਦੀ ਹਾਂ। ਇਸ ਘਰ ਦੀ ਕੁੜੀ ਦੀ ਉਮਰ ਤੋਂ ਵੀ ਘੱਟ ਉਮਰ ਵਾਲੀ ਕਿਸੇ ਹੋਰ ਘਰ ਦੀ ਕੁੜੀ ਨੂੰ ਤੁਸੀਂ ਵਿਆਹ ਕੇ ਲਿਆਏ ਹੋ ਅਤੇ ਹੁਣ ਤੁਸੀਂ ਇਸ ਗੱਲ ਲਈ ਮੈਨੂੰ ਕਿਸੇ ਤਣਾਓਪੂਰਣ ਸਥਿਤੀ ਵਿਚ ਨਾ ਪਾਓ ਤਾਂ ਚੰਗਾ ਹੋਵੇਗਾ। ਉਸ ਸੱਜ ਵਿਆਹੀ ਕੁੜੀ ਦਾ ਆਪਣੀ ਸੋਚ ਤੇ ਪੂਰਾ ਅਧਿਕਾਰ ਹੋਣਾ ਚਾਹੀਦਾ ਹੈ, ਮੈਂ ਉਹਦੇ ਕੰਮ—ਕਾਰ ਵਿਚ ਆਪਣੇ ਵਿਚਾਰਾਂ ਨਾਲ ਦਖਲ ਨਹੀਂ ਦੇਣਾ ਚਾਹੁੰਦੀ।"

ਪਰਪੱਕ ਸੋਚ ਦੀ ਮਾਲਕ ਰਚਨਾ ਅਜੇ ਤਕ ਉਸ ਸੱਚ ਨੂੰ ਸਵੀਕਾਰ ਨਹੀਂ ਸੀ ਕਰ ਸਕੀ। ਪਿਆਰ ਅਤੇ ਮਜਬੂਰੀ, ਇਨਸਾਫ਼ ਅਤੇ ਬੇਇਨਸਾਫ਼ੀ ਦਾ ਹਰ ਪੰਨਾ ਆਪਣੀ ਕਹਾਣੀ ਕਹਿ ਰਿਹਾ ਸੀ। ਔਰਤ ਆਪਣੀ ਇੱਜ਼ਤ ਦਾ ਪ੍ਰਮਾਣ ਕਦੋਂ ਤਕ ਦਿੰਦੀ ਰਹੇਗੀ? ਕੀ ਉਹਦੀ ਮਰਜ਼ੀ ਮਰਦਾਂ ਦੀਆਂ ਮਨਮਾਨੀਆਂ ਮੂਹਰੇ ਬੇਬਸ ਹੋ ਕੇ ਰਹਿ ਜਾਵੇਗੀ? ਕੀ ਉਹਦੀਆਂ ਇੱਛਾਵਾਂ ਮਰਦਾਵੀਂ ਸੱਤਾ ਦੀ ਦਲਦਲ ਵਿਚ ਧਸਦੀਆਂ ਰਹਿਣਗੀਆਂ?

ਮਾਂ ਦੀ ਮੌਤ ਕਾਰਨ ਰਚਨਾ ਦੇ ਮਨ ਨੂੰ ਡੂੰਘੀ ਸੱਟ ਵੱਜੀ ਸੀ ਅਤੇ ਥੋੜ੍ਹੇ ਹੀ ਸਮੇਂ ਵਿਚ ਪਿਤਾ ਦਾ ਨਵੀਂ ਮਾਂ ਨੂੰ ਲੈ ਕੇ ਆਉਣਾ ਇਕ ਹੋਰ ਜ਼ਖ਼ਮ ਦੇ ਗਿਆ। ਸੱਟ ਦਰਦ ਦਾ ਅਹਿਸਾਸ ਦੇ ਜਾਂਦੀ ਹੈ ਅਤੇ ਇਹੀ ਅਹਿਸਾਸ ਸਮੇਂ ਤੋਂ ਪਹਿਲਾਂ ਬਹੁਤ ਕੁਝ ਸਿਖਾ ਵੀ ਦਿੰਦਾ ਹੈ - ਪਿਆਰ, ਨਫ਼ਰਤ, ਈਰਖਾ, ਮਮਤਾ। ਇਥੇ ਹੀ ਹਰੇਕ ਚਿਹਰਾ ਬੇਨਕਾਬ ਜਿਹਾ ਹੋ ਜਾਂਦਾ ਹੈ। ਸਮਝੌਤੇ ਦੇ ਨਾਂ ਤੇ ਰਿਸ਼ਤੇ ਨੰਗੇ ਹੋ ਜਾਂਦੇ ਹਨ। ਇਹੀ ਬਾਗੀ ਵਿਚਾਰ ਰਚਨਾ ਦੇ ਅੰਦਰ ਤੂਫ਼ਾਨ ਵਾਗੂੰ ਘੁੰਮ ਰਹੇ ਸਨ। ਹੁਣ ਸੰਵੇਦਨਾ ਦਿਲ ਨੂੰ ਕਿਥੇ ਢਾਰਸ ਬੰਨ੍ਹਾਉਂਦੀ ਹੈ? ਇਕ ਨਤੀਜੇ ਦੀ ਜਾਂਚ ਪੜਤਾਲ ਅਜੇ ਯਾਦਾਂ ਵਿਚ ਅਧੂਰੀ ਹੀ ਹੁੰਦੀ ਹੈ ਕਿ ਦੂਜੀ ਘਟਨਾ ਵਾਪਰ ਜਾਂਦੀ ਹੈ। ਇਕ ਕਾਂਡ ਦੇ ਮਗਰੋਂ ਇਕ ਹੋਰ ਕਾਂਡ ਇਸ ਤੇਜ਼ੀ ਨਾਲ ਸਾਹਮਣੇ ਆਉਂਦੇ ਹਨ ਕਿ ਉਨ੍ਹਾਂ ਦਾ ਹੱਲ ਅਧੂਰਾ ਰਹਿੰਦਾ ਹੈ ਅਤੇ ਇਹ ਅਧੂਰੇ ਹੱਲ ਹਨੇਰਿਆਂ ਵਿਚ ਗਵਾਚ ਜਾਂਦੇ ਹਨ।

"ਤੁਹਾਡੀ ਚਾਹ ਲੈ ਕੇ ਆਈ ਹਾਂ।" ਨਿਮਰਤਾ ਭਰੀ ਆਵਾਜ਼ ਸੁਣੀ। ਸੋਚਾਂ ਵਿਚ ਪੈਦਾ ਹੋਈ ਮਨ ਦੀ ਕੁੜੱਤਣ ਗਰਮ ਚਾਹ ਦੀ ਭਾਫ਼ ਦੇ ਵਾਗੂੰ ਰਫੂਚੱਕਰ ਹੋ ਗਈ। ਦੇਖਿਆ, ਕਲਾ ਚਾਹ ਨੂੰ ਨੇੜੇ ਵਾਲੀ ਤਿਪਾਈ (ਤਿੰਨਾਂ ਟੰਗਾਂ ਵਾਲੀ ਮੇਜ਼) 'ਤੇ ਰੱਖ ਕੇ ਜਾਣ ਲੱਗੀ।

"ਸੁਣੋ" ਅਤੇ ਅੱਗੇ ਰਚਨਾ ਕੁਝ ਕਹਿ ਨਾ ਸਕੀ।

"ਜੀ" ਇਹ ਕਲਾ ਦੀ ਆਵਾਜ਼ ਸੀ, ਜਿਹੜੀ ਆਪਣੇ ਅੰਤਰ-ਦਵੰਦ ਵਿਚ ਹੀ ਉਲਝੀ ਹੋਈ ਸੀ ਕਿ ਉਹ ਰਚਨਾ ਨੂੰ ਕਿਵੇਂ ਸੰਬੋਧਨ ਕਰੇ? ਕਿਵੇਂ

ਗੱਲ ਕਰੇ ? ਕਿਵੇਂ ਉਹਨੂੰ ਵਿਸ਼ਵਾਸ ਦਿਵਾਏ ਕਿ ਉਹ ਉਸਦੀ ਅਤੇ ਗਾਇਤਰੀ ਦੀ ਮਾਨਸਿਕ ਸਥਿਤੀ ਤੋਂ ਵਾਕਫ਼ ਹੈ, ਮਨ ਦੇ ਵਿਚਾਰਾਂ ਦੀ ਉਲਝਣ ਜਾਣਦੀ ਹੈ, ਉਨ੍ਹਾਂ ਦਾ ਦੁਖ ਦਰਦ ਵੰਡ ਸਕਦੀ ਹੈ, ਉਨ੍ਹਾਂ ਦੀ ਸਹੇਲੀ ਬਣ ਸਕਦੀ ਹੈ। ਪਰ ਨਵੀ ਮਾਂ ਦੇ ਰੂਪ ਵਿਚ ਸ਼ਾਇਦ ਉਨ੍ਹਾਂ ਦੀਆਂ ਉਮੀਦਾਂ ਤੇ ਪੂਰੀ ਉਤਰਨ ਵਿਚ ਸਫਲ ਨਾ ਹੋ ਸਕੇ।

o

ਕਲਾ ਦਾ ਬਚਪਨ ਬੀਤਿਆ, ਜਵਾਨੀ ਬਿਨਾਂ ਆਹਟ ਦੇ ਆਈ ਅਤੇ ਮੌਸਮ ਬਹਾਰ ਆਉਣ ਤੋਂ ਪਹਿਲਾਂ ਹੀ ਪਤਝੜ ਦੇ ਨਾਲ ਜਾ ਰਲੇ।

"ਕੁੜੀਏ, ਹੁਣ ਤੂੰ ਸਕੂਲ ਨਾ ਜਾਇਆ ਕਰ, ਘਰ ਦਾ ਕੰਮ ਕਾਰ ਸਿੱਖ ਲੈ, ਅੱਗੇ ਕੰਮ ਆਊਗਾ।" ਮਾਂ ਨੇ ਕਿਹਾ ਸੀ।

"ਪੜ੍ਹਨਾ ਵੀ ਕੰਮ ਆਊ ਕਿ ਨਾ ਮਾਂ ? ਘਰ ਦਾ ਕੰਮ ਤਾਂ ਔਰਤ ਨੇ ਸਾਰੀ ਉਮਰ ਕਰਨਾ ਹੀ ਹੁੰਦਾ ਹੈ ਅਤੇ ਹਰ ਕੁੜੀ ਜਦੋਂ ਔਰਤ ਬਣਦੀ ਹੈ ਤਾਂ ਉਹ ਅਸਾਨੀ ਨਾਲ ਹੀ ਉਹਨੂੰ ਆਪਣੀਆਂ ਜ਼ਰੂਰਤਾਂ ਦੇ ਹਿਸਾਬ ਨਾਲ ਸਿੱਖ ਲੈਂਦੀ ਹੈ।" ਕਹਿ ਕੇ ਕਲਾ ਨੇ ਪੁਸਤਕਾਂ ਚੁੱਕੀਆਂ ਅਤੇ ਛੱਤ ਤੇ ਜਾ ਕੇ ਪੜ੍ਹਨ ਦੇ ਲਈ ਅੱਗੇ ਵਧੀ।

"ਨੀ ਸੁਣ ਤਾਂ, ਅਣਸੁਣਿਆ ਨਾ ਕਰ ! ਤੇਰੇ ਪਿਤਾ ਜੀ ਕਿਤੇ ਗੱਲਬਾਤ ਕਰ ਰਹੇ ਚੰਗੇ ਘਰ ਦਾ ਆਦਮੀ ਹੈ।"

"ਆਦਮੀ ....." ਅਤੇ ਕਲਾ ਦੀ ਚੁੱਪ ਵਿਚ ਅਣਗਿਣਤ ਸਵਾਲਾਂ ਨੇ ਦਮ ਤੋੜ ਦਿੱਤਾ। ਜਿਰਾਹ ਕਰਦੀਆਂ ਉਹਦੀਆਂ ਖ਼ਾਮੋਸ਼ ਪਲਕਾਂ ਮਾਂ ਵਲ ਉਠੀਆਂ।

'.........'

"ਨੀਂ ਹਾਂ, ਉਹੀ ਸੇਠ ਦਿਆਲ ਰਾਏ ਜਿਹਦੀ ਪਤਨੀ ਦੋ ਮਹੀਨੇ ਪਹਿਲਾਂ ਗੁਜ਼ਰ ਗਈ ਸੀ, ਓਹੀ ! ਏਨਾ ਵੱਡਾ ਕਾਰੋਬਾਰ, ਹਵੇਲੀ, ਦੋ ਕੁੜੀਆਂ ਹਨ ਪਰ ਘਰ ਦਾ ਵਾਰਸ ਨਹੀਂ ਹੈ। ਕੋਈ ਤਾਂ ਹੋਵੇ ਜਿਹੜਾ ਇਸ ਸਾਰੇ ਕਾਰੋਬਾਰ ਦੀ ਵਾਗਡੋਰ ਸੰਭਾਲ ਲਵੇ। ਐਵੇਂ ਤਾਂ ਨਹੀਂ ਲੰਘਦਾ ਇਹ ਬੇਰੌਣਕਾ ਜੀਵਨ ? ਜੇਕਰ ਤੇਰੀ ਗੱਲ ਏਥੇ ਪੱਕੀ ਹੋ ਜਾਵੇ, ਤਾਂ ਫੇਰ ਤੇਰੇ ਵਾਰੇ ਨਿਆਰੇ ਹੋ ਜਾਣਗੇ ਅਤੇ ਅਸੀਂ ਵੀ ਸੁੱਖ ਦਾ ਸਾਹ ਲੈ ਸਕਾਂਗੇ। ਤੇਰੇ ਪਿੱਛੇ ਤੇਰੀਆਂ ਦੋ ਭੈਣਾਂ ਹੋਰ ਵੀ ਹਨ। ਮੈਨੂੰ ਵਿਸ਼ਵਾਸ ਹੈ ਇਹ ਰਿਸ਼ਤਾ ਉਨ੍ਹਾਂ ਲਈ ਵੀ ਸਵਰਗ ਦਾ ਦਰਵਾਜ਼ਾ ਖੋਲ੍ਹ ਦੇਵੇਗਾ।" ਕਹਿ ਕੇ ਮਾਂ ਨੇ ਦੋਵੇਂ ਹੱਥ ਜੋੜ ਕੇ ਰੱਬ ਤੋਂ ਪਤਾ ਨਹੀਂ ਮਨ ਹੀ ਮਨ ਕਿੰਨੀਆਂ ਮੁਰਾਦਾਂ ਮੰਗੀਆਂ ਹੋਣਗੀਆਂ।

ਛੱਤ ਨੂੰ ਜਾਂਦੀ ਪੌੜੀ ਤੇ ਪੈਰ ਅਜੇ ਧਰਿਆ ਵੀ ਨਹੀਂ ਸੀ ਕਿ ਠਿਠਕ ਕੇ



ਰੁਕ ਗਈ ਕਲਾ, ਕਲਾਵਤੀ ਕਮਲਾ ਪ੍ਰਸਾਦ—ਇਹੀ ਨਾਮ ਉਹਦੇ ਸਕੂਲ ਦਾਖਲੇ ਸਮੇਂ ਰਜਿਸਟਰ ਵਿਚ ਦਰਜ ਹੋਇਆ ਸੀ। ਯਾਦਾਂ ਦੀਆਂ ਕੰਧਾਂ ਸ਼ੀਸ਼ਿਆਂ ਦੇ ਵਾਂਗੂੰ ਹੁੰਦੀਆਂ ਨੇ, ਪਤਲੀਆਂ ਜਿਹੀਆਂ ਨਾਜ਼ੁਕ। ਉਹ ਯਾਦਾਂ ਕਦੇ ਬਿਨਾਂ ਸੱਟ ਦੇ ਚੂਰ ਚੂਰ ਹੋ ਜਾਂਦੀਆ ਹਨ, ਕਦੇ ਬਿਨਾਂ ਆਵਾਜ਼ ਕੀਤਿਆਂ ਹੀ ਦਬ ਕੇ ਰਹਿ ਜਾਂਦੀਆਂ ਹਨ। ਮਾਂ ਦੇ ਵਲ ਦੇਖਦੇ ਹੋਏ ਕਲਾ ਸੋਚਦੀ ਰਹੀ। ਨਾਮ ਦੀ ਪਛਾਣ ਸਿਰਫ਼ ਪਿਤਾ ਦੇ ਨਾਮ ਨਾਲ ਹੁੰਦੀ ਹੈ ? ਜਨਮਦਾਤੀ ਮਾਂ ਕੀ ਸਿਰਫ਼ ਨਾਮ ਦੀ ਮਾਂ ਹੁੰਦੀ ਹੈ, ਜਿਹੜੀ ਬੱਚਿਆਂ ਤੇ ਆਪਣਾ ਆਪਾ ਵਾਰਦੀ ਹੈ, ਪਰ ਆਪਣਾ ਨਾਮ ਤਕ ਨਹੀਂ ਦੇ ਪਾਉਂਦੀ, ਉਸ ਦੀ ਪਛਾਣ ਨਹੀਂ ਬਣ ਸਕਦੀ ? ਇਹ ਕਿਹੋ ਜਿਹੇ ਰੀਤੀ—ਰਿਵਾਜ ਨੇ ਕਿ ਮਰਦ, ਸਿਰਫ਼ ਮਰਦ ਹੀ ਹਰ ਕੁੜੀ ਦੀ ਪਛਾਣ ਦਾ ਵਾਇਜ਼ ਹੋਵੇ—ਕਦੇ ਪਿਤਾ, ਕਦੇ ਭਾਈ, ਕਦੇ ਬੇਟਾ ਅਤੇ ਕਦੇ ਪਤੀ ਬਣ ਕੇ।

"ਮਾਂ ਕੀ ਔਰਤ ਦੀ ਪਛਾਣ ਦਾ ਕੋਈ ਵਜੂਦ ਨਹੀਂ ਹੈ ?" ਕਹਿਣਾ ਚਾਹੁੰਦੀ ਹੋਈ ਕਲਾ ਚਾਹ ਕੇ ਵੀ ਕੁਝ ਕਹਿ ਨਾ ਸਕੀ। ਪੌੜੀ ਤੇ ਪੈਰ ਰੱਖਦੇ ਹੀ ਸੋਚਿਆ- ਹਰ ਔਰਤ ਨੂੰ ਆਪਣੀ ਪਛਾਣ ਬਣਾਉਣ ਦਾ, ਖ਼ੁਦ ਦਾ ਜੀਵਨ ਸਜਾਉਣ, ਸੰਵਾਰਨ ਦਾ ਪੂਰਾ ਅਖ਼ਤਿਆਰ ਹੋਣਾ ਚਾਹੀਦਾ ਹੈ। ਕੀ ਪੁਰਖ ਪ੍ਰਧਾਨ ਸਮਾਜ ਵਿਚ ਔਰਤ ਆਪਣੀ ਕੋਈ ਪਛਾਣ ਨਹੀਂ ਪਾਉਂਦੀ ? ਕਿਸੇ ਦੀ ਜ਼ਿੰਦਗੀ ਦਾ ਫ਼ੈਸਲਾ ਕੋਈ ਹੋਰ ਕਰੇ, ਇਹ ਤਾਂ ਠੀਕ ਨਹੀਂ ਹੈ, ਭਾਵੇਂ ਉਹ ਮਾਂ ਬਾਪ ਹੀ ਕਿਉਂ ਨਾ ਹੋਣ। ਔਰਤ ਦੀ ਸੰਪੂਰਨਤਾ ਮਾਂ ਹੋਣ ਵਿਚ ਹੈ ਅਤੇ ਇਹ ਉਹਦਾ ਜਨਮ ਸਿੱਧ ਅਧਿਕਾਰ ਹੈ। ਇਹ ਮਮਤਾ ਹੀ ਤਾਂ ਉਹਨੂੰ ਆਪਣੀ ਪਛਾਣ ਅਤੇ ਪੂਰਨਤਾ ਦਿੰਦਾ ਹੈ। ਆਪਣੀ ਫ਼ੈਸਲਾਕੁੰਨ ਸੋਚ 'ਤੇ ਅਤੇ ਭਾਵਨਾਵਾਂ 'ਤੇ ਉਹਦਾ ਪੂਰਾ ਅਧਿਕਾਰ ਹੋਣਾ ਚਾਹੀਦਾ।

ਕਲਾ ਆਪਣੇ ਆਲੇ-ਦੁਆਲੇ ਸੋਚ ਦੇ ਧਾਗਿਆਂ ਵਿਚ ਆਪਣੇ ਭਵਿੱਖ ਦੇ ਸੁਪਨਿਆਂ ਨੂੰ ਬੁਣਦੀ ਰਹੀ ਕਿ ਉਹਦੀ ਸੋਚ ਨੂੰ ਮਿੱਧਦੀ ਉਹਦੇ ਪਿਓ ਦੀ ਆਵਾਜ਼ ਉਹਦੇ ਕੰਨਾਂ ਵਿਚ ਗਰਮ ਪਿਘਲਿਆ ਹੋਇਆ ਸੀਸਾ ਘੋਲ ਗਈ।

"ਭਾਗਵਾਨੇ ! ਸੁਣਦੀ ਐਂ। ਕੱਲ੍ਹ ਸ਼ਾਮ ਨੂੰ ਕਲਾ ਦਾ ਰਿਸ਼ਤਾ ਸੇਠ ਦਿਆਲ ਰਾਏ ਜੀ ਦੇ ਨਾਲ ਤੈਅ ਹੋਵੇਗਾ। ਉਹ ਸ਼ਗਨ ਲੈ ਕੇ ਪੰਜ ਵਜੇ ਆਉਣਗੇ। ਸਵਾਗਤ ਵਿਚ ਕੋਈ ਕਸਰ ਨਾ ਰਹੇ।" ਕਹਿੰਦੇ ਹੋਏ ਕਮਲਾ ਪ੍ਰਸਾਦ ਇਕ ਫ਼ੈਸਲਾਕੁੰਨ ਹੁਕਮ ਦਿੰਦੇ ਹੋਏ ਆਪਣੇ ਕਮਰੇ ਵਲ ਵਧਦੇ ਗਏ ਅਤੇ ਕਲਾ ਦੇ ਵਧਦੇ ਕਦਮ ਅੱਗੇ ਜਾਣ ਦੀ ਬਜਾਇ ਪਤਾ ਨਹੀਂ ਸਮੇਂ ਦੀਆਂ ਕਿੰਨੀਆਂ ਪੌੜੀਆਂ ਪਿੱਛੇ ਵਲ ਲੰਘ ਆਏ।

ਕੁੱਝ ਟੁੱਟ ਕੇ ਬਿਖਰਿਆ। ਉਹ ਕੀ ਸੀ ਇਹ ਨਹੀਂ ਜਾਣਿਆ। ਜਿਹੜਾ

ਕੁਝ ਵੀ ਹੋਇਆ ਉਹ ਨਾ ਜਾਣਿਆ-ਪਛਾਣਿਆ ਅਹਿਸਾਸ ਸੀ, ਨਾ ਆਪਣਾ! ਦਿਲ ਦੇ ਅੰਦਰ ਦੇ ਖਾਲੀਪਣ ਵਿਚ ਡੁੱਬਦਾ ਚਲਾ ਗਿਆ ਅਤੇ ਹਨੇਰੇ ਪਰਛਾਵੇਂ ਹੋਰ ਡੂੰਘੇ ਹੁੰਦੇ ਗਏ। ਜ਼ਿੰਦਗੀ ਦੀਆਂ ਰੌਣਕਾਂ, ਖੁਸ਼ੀਆਂ ਪਲ ਵਿਚ ਨੀਰਸ ਹੋ ਗਈਆਂ । ਇੱਛਾਵਾਂ ਦੀਆਂ ਬਿੜਕਾਂ ਬੁਝੇ ਹੋਏ ਦੀਵਿਆਂ ਦੇ ਵਾਗੂੰ ਸਹਿਮ ਗਈਆਂ, ਦਿਲ ਤੇ ਦਸਤਕ ਦੇਣਾ ਭੁੱਲ ਗਈਆਂ।

ਫੁੱਲ ਖਿੜਨ ਤੋਂ ਪਹਿਲਾਂ ਮੁਰਝਾਉਣ ਲੱਗੇ, ਅਣਸੁਣੀ ਰਹਿ ਗਈ ਰਾਗ ਦੀ ਬੰਸਰੀ, ਅਣਛੋਹੀ ਰਹਿ ਗਈ ਫੁੱਲ ਦੀ ਕਲੀ। ਹਵਾਵਾਂ ਨੇ ਸਾਹ ਲੈਣਾ ਬੰਦ ਕਰ ਦਿੱਤਾ। ਬਸ ਜਿਵੇਂ ਹਲਚਲ ਠਹਿਰ ਗਈ ਹੋਵੇ। ਖ਼ਾਮੋਸ਼ ਦਰਦ ਦੀਆਂ ਸਿਸਕੀਆਂ ਕੌਣ ਸੁਣਦਾ ? ਇਹਨਾਂ ਰਿਸ਼ਤਿਆਂ ਦੇ ਬਾਜ਼ਾਰ ਵਿਚ ਲੈਣ ਦੇਣ ਦੇ ਸਿਲਸਿਲਿਆਂ ਵਿਚ ਪਿਸ ਜਾਂਦੀਆਂ ਨੇ ਕੁੜੀਆਂ, ਉਨ੍ਹਾਂ ਦੀ ਸਮੁੱਚੀ ਹੋਂਦ, ਪਛਾਣ ਇੱਕ ਵਿਵਾਦ ’ਤੇ ਆ ਕੇ ਰੁਕ ਜਾਂਦੀ ਹੈ।

o

“ਤੁਸੀਂ ਵੀ ਆਪਣੀ ਚਾਹ ਇਥੇ ਹੀ ਲੈ ਆਓ, ’ਕੱਠੇ ਹੀ ਪੀਵਾਂਗੇ।” ਇਹ ਰਚਨਾ ਦੀ ਕੋਮਲ ਆਵਾਜ਼ ਸੀ। ਕਲਾਵਤੀ ਨੂੰ ਲੱਗਿਆ ਜਿਵੇਂ ਨਾਸਮਝੀ ਦੀ ਪਤਲੀ ਕੰਧ ਡਿੱਗ ਗਈ ਹੋਵੇ। ਨਾਰੀ ਮਨ ਨੇ ਸ਼ਿੱਦਤ ਨਾਲ ਮਹਿਸੂਸ ਕੀਤਾ ਕਿ ਜਦੋਂ ਰਿਸ਼ਤੇ ਜੁੜ ਜਾਂਦੇ ਹਨ ਤਾਂ ਚਾਹ ਕੇ ਵੀ ਉਨ੍ਹਾਂ ਨੂੰ ਤੋੜਿਆ ਨਹੀਂ ਜਾਂਦਾ। ਬਸ ਨਿਭਾਉਣ ਦੀਆਂ ਰਿਵਾਇਤਾਂ ਅਪਣਾਉਣੀਆਂ ਪੈਂਦੀਆਂ ਹਨ। ਵੈਸੇ ਵੀ ਇਸਤਰੀ ਦੀ ਲੜਾਈ ਉਹਦੇ ਆਪਣੇ ਨੇੜੇ ਤੇੜੇ ਦੀਆਂ ਪਰਿਸਥਿਤੀਆਂ ਦੇ ਕੁਚੱਕਰ ਵਿਚ ਫਸੀ ਰਹਿੰਦੀ ਹੈ, ਜਿਸ ਤੋਂ ਉਹ ਮੁਕਤੀ ਪਾਉਣਾ ਚਾਹੁੰਦੀ ਹੈ। ਹਾਲਾਤ ਦੀਆਂ ਸਮੁੱਚੀਆਂ ਚੁਣੌਤੀਆਂ ਨੂੰ ਸਵੀਕਾਰ ਕਰਨਾ ਸ਼ਾਇਦ ਆਪਣੀ ਹੋਣੀ ਸਮਝ ਬੈਠੀ ਹੈ।

ਕਲਾ ਨੂੰ ਲੱਗਿਆ ਜਿਵੇਂ ਉਹ ਘੁਟਣ ਦੇ ਚਕਰਵਿਊ ਤੋਂ ਆਜ਼ਾਦ ਹੋ ਗਈ ਹੋਵੇ। ਮਨ ਦੇ ਵਾਦ ਵਿਵਾਦ ਦੀ ਕੈਦ ਤੋਂ ਨਿਕਲ ਕੇ ਆਜ਼ਾਦ ਮਾਹੌਲ ਵਿਚ ਆ ਗਈ। ਮੁਕਤੀ ਦਾ ਦਰਵਾਜ਼ਾ ਉਹਨੂੰ ਕਲਾਵੇ ਵਿਚ ਲੈਣ ਨੂੰ ਤਿਆਰ ਸੀ। ਪਲ ਭਰ ਵਿਚ ਉਹ ‘ਨਵੀਂ’ ਨਾ ਰਹਿ ਕੇ ਪੁਰਾਣੀ ਹੋ ਗਈ।

—o—



# ਮੈਂ ਅਤੇ ਤਾਜਮਹੱਲ

ਅਤੇ ਉਹ ਚਲਾ ਗਿਆ! ਦਿਲ ਦੇ ਹਜ਼ਾਰ ਵਾਰ ਕਹਿਣ ਦੇ ਬਾਵਜੂਦ ਵੀ ਮੈਂ ਉਹਨੂੰ ਆਵਾਜ਼ ਨਾ ਮਾਰ ਸਕੀ। ਦਿਲ ਅਤੇ ਦਿਮਾਗ ਦੀ ਜੰਗ ਵਿਚ ਜਿੱਤ ਦਿਮਾਗ ਦੀ ਹੋਈ। ਹੁਣ ਤਕ ਹੈਰਾਨ ਹਾਂ ਕਿ ਕੱਲ੍ਹ ਤਕ ਜਿਹੜੇ ਸਮੀਰ ਨੂੰ ਜ਼ਿੰਦਗੀ ਤੋਂ ਜ਼ਿਆਦਾ ਪਿਆਰ ਕੀਤਾ, ਆਪਣੇ ਸਾਹਾਂ ਨਾਲ ਪਾਲਿਆ, ਉਹ ਅੱਜ ਏਨਾ ਪਰਾਇਆ ਕਿਵੇਂ ਬਣ ਗਿਆ ? ਮੈਂ ਚਾਹੁੰਦੇ ਹੋਏ ਵੀ ਉਹਨੂੰ ਰੋਕ ਨਾ ਸਕੀ। ਜੇਕਰ ਉਹ ਰੁਕ ਵੀ ਜਾਂਦਾ ਤਾਂ ਕੀ ਹੁੰਦਾ ? ਜਿਹੜਾ ਹੋਣਾ ਸੀ ਉਹ ਤਾਂ ਹੋ ਚੁੱਕਿਆ। ਹੁਣ ਤਾਂ ਬਸ ਸਾਰੇ ਤਮਾਸ਼ਬੀਨ ਬਣ ਕੇ ਦੇਖ ਰਹੇ ਹਨ, ਘਰ ਦੇ ਮੈਂਬਰ, ਰਿਸ਼ਤੇਦਾਰ, ਆਂਢ—ਗੁਆਂਢ ਦੇ ਲੋਕ । ਲੋਕ ਦੇਖਣਗੇ, ਬੋਲਣਗੇ। ਪਰ ਜਿਹਨੂੰ ਦੇਖਿਆਂ ਬਿਨਾਂ ਮੇਰਾ ਸਵੇਰੇ ਦਾ ਸੂਰਜ ਨਹੀਂ ਨਿਕਲਦਾ ਸੀ, ਦਿਲ ਢਲਣ ਤੋਂ ਪਹਿਲਾਂ ਕਈ—ਕਈ ਵਾਰੀ ਗੱਲ ਕੀਤੇ ਬਿਨਾਂ ਟੈਮ੍ਹ ਨਹੀਂ ਟੱਪਦਾ ਸੀ, ਉਹਨੂੰ ਜਾਂਦਿਆ ਦੇਖ ਮੇਰੇ ਅੰਦਰ ਇਕ ਖਾਲੀਪਣ ਜਿਹਾ ਭਰ ਗਿਆ।

ਉਸ ਦਿਨ ਉਹਨੇ ਹੀ ਤਾਂ ਫੋਨ ਤੇ ਦੱਸਿਆ ਸੀ ਕਿ ਉਹ ਕਿਸੇ ਨਿੱਜੀ ਕੰਮ ਕਾਰਨ ਦਸ ਦਿਨਾਂ ਦੇ ਲਈ ਬਾਹਰ ਜਾ ਰਿਹਾ ਹੈ।

‘ਦਸ ਦਿਨ, ਇਕ ਨਹੀਂ ਦੋ ਨਹੀਂ, ਦਸ ਦਿਨ ਦੇ ਲਈ ....!’ ਫੋਨ ਤੇ ਰੁੱਸਣ ਵਾਲੇ ਅੰਦਾਜ਼ ਵਿਚ ਮੈਂ ਕਿਹਾ ਸੀ।

“ਬਈ ਮੇਰੀ ਗੱਲ ਤਾਂ ਸੁਣ ਪੂਰਵੀ, ਅਜੇ ਕੱਲ੍ਹ ਸ਼ਾਮੀਂ ਤਾਂ ਆਪਾਂ ਮਿਲੇ ਸਾਂ, ਤੈਨੂੰ ਮਿਲ ਕੇ ਘਰ ਪਹੁੰਚਿਆ ਸੀ ਕਿ ਦਫ਼ਤਰ ਤੋਂ ਇੰਟਰਵਿਊ ਦੇ ਲਈ ਪੱਤਰ ਮਿਲਿਆ। ਕੱਲ੍ਹ ਦਾ ਹੀ ਸਮਾਂ ਨਿਰਧਾਰਿਤ ਹੋਇਆ ਹੈ ਤੇ ਮੈਨੂੰ ਅੱਜ ਹੀ ਰਵਾਨਾ ਹੋਣਾ ਪਵੇਗਾ। ਤੇਰੇ ਨਾਲ ਗੱਲ ਕਰਕੇ ਤੁਰੰਤ ਜਾਵਾਂਗਾ, ਸੱਤ ਘੰਟਿਆਂ ਦਾ ਤਾਂ ਸਫ਼ਰ ਵੀ ਹੈ।”

“ਕਿੱਥੇ ਜਾ ਰਹੇ ਹੋ ?”

“ਆਗਰਾ ... ਉਥੇ ਹੀ ਹੈੱਡ ਆਫਿਸ ਹੈ।”

“ਤਾਂ ਤੂੰ ਮੈਨੂੰ ਬਿਨਾਂ ਮਿਲੇ, ਐਵੇਂ ਹੀ ਚਲਿਆ ਜਾਵੇਂਗਾ ?”

"ਮਿਲਾਂਗਾ, ਜ਼ਰੂਰ ਮਿਲਾਂਗਾ, ਦਸ ਦਿਨ ਮਗਰੋਂ ਜਦੋਂ ਮੁੜਾਂਗਾ, ਵਾਗਰੂ ਨੇ ਚਾਹਿਆ ਤਾਂ ਵਾਪਸੀ ਤੇ ਖੁਸ਼ਖਬਰੀ ਵੀ ਦੇਵਾਂਗਾ।"

"ਸਮੀਰ, ਤੈਨੂੰ ਦੇਖੇ ਬਿਨਾਂ ਦਸ ਦਿਨ ਕਿਵੇਂ ਲੰਘਣਗੇ ? ਮੈਂ ਤਾਂ ....!"

"ਪੂਰਵੀ ਹੁਣ ਕੁਝ ਨਾ ਕਹਿ ਪਲੀਜ਼। ਜ਼ਿੰਦਗੀ ਆਵਾਜ਼ ਦੇ ਕੇ ਸੱਦ ਰਹੀ ਹੈ। ਮੈਂ ਇਹ ਮੌਕਾ ਕਿਵੇਂ ਛੱਡ ਸਕਦਾ ਹਾਂ ? ਸ਼ਾਇਦ ਸਾਡੇ ਭਵਿੱਖ ਦੀ ਉਹਨੂੰ ਸਾਡੇ ਤੋਂ ਜ਼ਿਆਦਾ ਪਛਾਣ ਹੈ ਅਤੇ ਹਾਂ, ਤੂੰ ਦਿਲ ਲਾ ਕੇ ਪੜ੍ਹਾਈ ਕਰ, ਹੁਣ ਟੈਮ੍ਹ ਹੀ ਕਿੰਨਾ ਰਹਿ ਗਿਆ ਹੈ ਤੇਰੇ ਪੇਪਰਾਂ 'ਚ । ਤੇਰੀ ਬੀ.ਏ. ਹੋ ਜਾਵੇ। ਫੇਰ ਆਰਾਮ ਨਾਲ ਬੈਠ ਕੇ ਅਸੀਂ ਆਪਣੇ ਬਾਰੇ ਵੀ ਸੋਚਾਂਗੇ। ਕੁਝ ਨਾ ਕੁਝ ਤਾਂ ਕਰਨਾ ਹੀ ਹੋਵੇਗਾ ਸਾਨੂੰ!"

"ਸਮੀਰ ਮੈਂ ਵੀ ਤਾਂ ਬਸ...ਦਿਨ, ਮਹੀਨੇ ਗਿਣਦੀ ਰਹਿੰਨੀ ਆਂ...ਇਕ ਮਹੀਨੇ ਮਗਰੋਂ ਪੇਪਰ, ਫੇਰ ਪੜ੍ਹਾਈ ਤੋਂ ਵਿਹਲੀ ਹੋ ਕੇ ਤੇਰੇ ਪਿਆਰ ਦੇ ਬੰਧਨ ਵਿਚ ਹਮੇਸ਼ਾ ਦੇ ਲਈ ਬੰਨ੍ਹ ਜਾਣਾ ਚਾਹੁੰਦੀ ਹਾਂ।" ਉਹ ਲਗਾਤਾਰ ਬੋਲੀ ਜਾਂਦੀ ਜੇਕਰ ਸਮੀਰ ਨੇ ਉਹਨੂੰ ਰੋਕਿਆ ਨਾ ਹੁੰਦਾ।

"ਹਾਂ ਇਕ ਗੱਲ ਹੋਰ ਪੂਰਵੀ, ਮੇਰੀ ਗ਼ੈਰ ਹਾਜ਼ਰੀ ਵਿਚ ਇੱਥੇ ਤੂੰ ਪਿਤਾ ਦਾ ਹੱਥ ਵੰਡਾਉਣਾ ਹੈ, ਇਕ ਘੰਟਾ ਨਿਯਮ ਅਨੁਸਾਰ ਇਥੇ ਆ ਕੇ ਬਾਲ ਭਵਨ ਦੇ ਪ੍ਰੋਗਰਾਮ ਅਨੁਸਾਰ ਕਿਸੇ ਵਿਸ਼ੇ ਤੇ ਗੱਲਬਾਤ ਕਰਨਾ! ਅਤੇ ਹਾਂ! ਸਭ ਤੋਂ ਮਹੱਤਵਪੂਰਣ ਗੱਲ ਇਹ ਕਿ ਅਗਲੇ ਮਹੀਨੇ ਤੇਰੀ ਫਾਈਨਲ ਪ੍ਰੀਖਿਆ ਹੈ। ਆਪਣੀ ਪੜ੍ਹਾਈ ਵੀ ਮਨ ਲਾ ਕੇ ਰੋਜ਼ ਕਰਨੀ ਹੈ ਤਾਂ ਕਿ ਉਹਦੇ ਵਿਚ ਕੋਈ ਕਮੀ ਕਸਰ ਨਾ ਰਹਿ ਜਾਵੇ, ਇਹ ਵਾਅਦਾ ਕਰ।"

"ਮੇਰਾ ਵਾਅਦਾ ਹੈ ਸਮੀਰ, ਮੈਨੂੰ ਵੀ ਉਸ ਪਲ ਦਾ ਇੰਤਜ਼ਾਰ ਹੈ, ਜਦੋਂ....।"

"ਬਸ ਹੁਣ ਕੁਝ ਹੋਰ ਨਾ ਆਖ, ਬਸ ਮੇਰੇ ਆਉਣ ਦਾ ਇੰਤਜ਼ਾਰ ਕਰਨਾ..." ਇਹ ਕਹਿੰਦੇ ਹੋਏ ਸਮੀਰ ਨੇ ਆਪਣੀ ਗੱਲ ਮੁਕਾਈ।

"ਸਮੀਰ ਮੇਰੇ ਲਈ ਉੱਥੋਂ ਕੀ ਲੈ ਕੇ ਆਵੇਂਗਾ ? " ਜਾਣ ਤੋਂ ਪਹਿਲਾਂ ਪੂਰਵੀ ਨੇ ਜਾਣਨਾ ਚਾਹਿਆ।

"ਪ੍ਰੇਮ ਦਾ ਪ੍ਰਤੀਕ, ਸੋਹਣਾ ਜਿਹਾ ਇਕ ਤਾਜਮਹੱਲ!"

ਉਹਨੇ ਜਾਣਾ ਸੀ, ਉਹ ਚਲਾ ਗਿਆ, ਉਥੇ ਜਿੱਥੇ ਮੰਜ਼ਿਲ ਉਹਦਾ ਇੰਤਜ਼ਾਰ ਕਰ ਰਹੀ ਸੀ। ਉਸਨੂੰ ਆਪਣੇ ਆਪ 'ਤੇ ਭਰੋਸਾ ਸੀ। ਪਰ ਆਉਣ ਵਾਲੇ ਕੱਲ੍ਹ ਦੀ ਭਿਣਕ ਨਹੀਂ ਸੀ। ਜਾਣਦਾ ਸੀ ਤਾਂ ਬਸ ਇਕ ਗੱਲ ਕਿ ਪੂਰਵੀ ਦੇ ਪਿਤਾ ਇਹ ਕੱਤਈ ਨਹੀਂ ਚਾਹੁੰਦੇ ਸਨ ਕਿ ਉਹ ਦੋਵੇਂ ਆਪਸ ਵਿਚ ਮਿਲਣ,



ਪਿਆਰ ਵਧਾਉਣ। ਵਿਆਹ ਬਾਰੇ ਸੋਚਣਾ ਤਾਂ ਦੂਰ ਦੀ ਗੱਲ ਸੀ। ਕਾਰਨ ਕੀ ਹੋ ਸਕਦਾ ਹੈ ? ਸਮੀਰ ਇਹ ਸੋਚਦਾ ਹੀ ਰਹਿ ਜਾਂਦਾ ? ਉਹ ਐਮ.ਏ. ਪਾਸ ਹੈ, ਚੰਗੀ ਫਰਮ ਵਿਚ ਪੱਕੀ ਨੌਕਰੀ ਹੈ, ਇਕ ਆਪਣਾ ਘਰ, ਭਾਵੇਂ ਛੋਟਾ ਹੀ ਸੀ, ਅਤੇ ਹੁਣ ਇਹ ਪ੍ਰਮੋਸ਼ਨ ਦਾ ਪੱਤਰ, ਜਿਹਦੇ ਲਈ ਉਹਨੇ ਇੰਟਰਵਿਊ ਦੇਣ ਜਾਣਾ ਸੀ ਅਤੇ ਜੇਕਰ ਕਾਮਯਾਬ ਹੋਇਆ ਤਾਂ ਦਸ ਦਿਨਾ ਦੀ ਟਰੇਨਿੰਗ ਅਤੇ ਫੇਰ...।

ਉਹ ਅੱਗੇ ਸੋਚਣਾ ਨਹੀਂ ਚਾਹੁੰਦਾ ਸੀ ਕਿਉਂਕਿ ਸਾਰਾ ਬੇਮਤਲਬ ਹੀ ਹੋਵੇਗਾ, ਜਦੋਂ ਤਕ ਪੂਰਵੀ ਦੇ ਪਿਤਾ ਨੂੰ ਇਹ ਰਿਸ਼ਤਾ ਮਨਜ਼ੂਰ ਨਹੀਂ ਹੋਵੇਗਾ। ਸਾਰਾ ਕੁਝ ਤਾਂ ਸੀ ਉਹਦੇ ਕੋਲ, ਪਰ ਪਤਾ ਨਹੀਂ ਫੇਰ ਵੀ ਕਿਉਂ, ਕਿਹੜੀ ਗੱਲ ਨੂੰ ਲੈ ਕੇ ਪੂਰਵੀ ਦੇ ਪਿਤਾ ਰਾਮ ਲਾਲ ਪ੍ਰਸਾਦ ਉਹਨੂੰ ਆਪਣੀ ਕੁੜੀ ਦੇ ਲਈ ਯੋਗ ਨਹੀਂ ਸਨ ਸਮਝਦੇ... ਜਾਂ.... ?

"ਹੁਣ ਤੈਨੂੰ ਆਪਣੀ ਜਾਤ ਦੀ ਕੋਈ ਚੰਗੀ ਜਿਹੀ ਕੁੜੀ ਦੇਖ ਕੇ ਵਿਆਹ ਕਰ ਲੈਣਾ ਚਾਹੀਦੈ। ਚੰਗਾ ਕਮਾਉਂਦੈਂ ਘਰ—ਬਾਰ ਵੀ ਹੈ, ਵਸ ਜਾਵੇਗਾ।" ਇਕ ਦਿਨ ਘਰ ਦੇ ਬਾਹਰ ਨਿਕਲਦੇ ਹੀ ਰਾਮ ਲਾਲ ਪ੍ਰਸਾਦ ਨੇ ਸਮੀਰ ਨੂੰ ਸਾਹਮਣਿਓਂ ਆਉਂਦਾ ਦੇਖ ਕੇ ਸਲਾਹ ਦਿੰਦੇ ਹੋਏ ਇਕ ਇਸ਼ਾਰਾ ਕਰ ਦਿੱਤਾ ਸੀ।

"ਜੀ ਅੰਕਲ, ਕਰੂੰਗਾ, ਜ਼ਰੂਰ ਕਰੂੰਗਾ ਇਹ ਤਾਂ ਤੈਅ ਹੈ, ਪਰ ਕੁਝ ਸਮਾਂ ਲੱਗੇਗਾ। ਪਤਾ ਨਹੀਂ ਸੰਜੋਗ ਕੀਹਦੇ ਨਾਲ ਲਿਖੇ ਨੇ, ਇਹ ਤਾਂ ਰੱਬ ਹੀ ਜਾਣਦਾ ਹੈ ?"

"ਇਹ ਤਾਂ ਹੈ, ਜੇਕਰ ਮਾਤਾ ਪਿਤਾ ਜਾਂ ਸਕੇ ਸੰਬੰਧੀ ਹੁੰਦੇ ਤਾਂ ਛੇਤੀ ਕੋਈ ਟਿਕਾਣਾ ਮਿਲ ਜਾਂਦਾ। ਪਰ ਹੁਣ ਜੋ ਵੀ ਹੈ, ਤੈਨੂੰ ਇਕ ਜੀਵਨ ਸਾਥੀ ਦੀ ਜ਼ਰੂਰਤ ਹੈ, ਤਾਂ ਕਿ ਤੇਰੀ ਵੀ ਗ੍ਰਹਿਸਥੀ ਵਸ ਜਾਵੇ।"

"ਮਤਲਬ ?" ਹੁਣ ਸਮੀਰ ਹੱਕਾ—ਬੱਕਾ ਰਹਿ ਗਿਆ। ਉਹਨੂੰ ਆਪਣੇ ਅੰਦਰ ਕਿਤੇ ਕੁਝ ਟੁੱਟਦਾ ਹੋਇਆ ਲੱਗਿਆ। ਪਰ ਉਹ ਰੁਕਿਆ ਨਹੀਂ, ਅੱਗੇ ਵਧਦਾ ਰਿਹਾ।

o

ਪਿਛਲੇ ਚਾਰ ਸਾਲ ਤੋਂ ਪੂਰਵੀ ਅਤੇ ਸਮੀਰ ਇਕ ਹੀ ਕਾਲਜ ਵਿਚ ਪੜ੍ਹਦੇ ਰਹੇ, ਮਿਲਦੇ ਰਹੇ, ਗੱਲਾਂ ਕਰਦੇ ਰਹੇ ਅਤੇ ਕਦੋਂ ਅਪਣੱਤ ਦੀ ਇਹ ਰੇਸ਼ਮੀ ਡੋਰ ਉਨ੍ਹਾਂ ਨੂੰ ਪਿਆਰ ਦੇ ਬੰਨ੍ਹਣ ਵਿਚ ਬੰਨ੍ਹਦੀ ਰਹੀ ਇਸਦਾ ਉਨ੍ਹਾਂ ਨੂੰ ਪਤਾ ਹੀ ਨਾ ਲੱਗਿਆ। ਦੇਖਦੇ ਹੀ ਦੇਖਦੇ ਸਮੀਰ ਬੀ.ਏ. ਤੇ ਮਗਰੋਂ ਐਮ.ਏ. ਪੂਰੀ ਕਰਕੇ ਗਿਆਨ ਅਤੇ ਹੁਨਰ ਦੇ ਬਲਬੂਤੇ ਤੇ ਜ਼ਿੰਦਗੀ ਦੇ ਮੈਦਾਨ ਵਿਚ

ਆਪਣੀ ਇੱਕ ਥਾਂ ਬਣਾ ਸਕਿਆ।

ਬਸਤੀ ਵਿਚ ਉਹਦੇ ਧਰਮ ਪਿਤਾ ਦੀਨਾ ਨਾਥ ਅਗਮ ਦਾ ਵੀ ਬਹੁਤ ਨਾਂ ਰਿਹਾ ਹੈ। ਸਾਰੇ ਕਸਬੇ ਵਿਚ ਦੀਨਾ ਨਾਥ ਇਕ ਚਰਚਿਤ ਮੰਨੀ ਪ੍ਰਮੰਨੀ ਹਸਤੀ ਦੀ ਹੈਸੀਅਤ ਨਾਲ ਨਹੀਂ ਸਗੋਂ ਇਕ ਨੇਕ ਸੱਚੇ ਅਧਿਆਪਕ ਦੇ ਨਾਮ ਨਾਲ ਜਾਣੇ ਜਾਂਦੇ ਸਨ। ਉਹ ਮੈਟ੍ਰਿਕ ਪਾਸ ਸਨ ਅਤੇ ਉਨ੍ਹਾਂ ਦਿਨਾਂ ਵਿਚ ਮੈਟ੍ਰਿਕ ਤਕ ਸਿੱਖਿਆ ਹਾਸਲ ਕਰਨ ਵਾਲਿਆਂ ਦਾ ਵੱਡਾ ਨਾਮ ਅਤੇ ਸਨਮਾਨ ਹੁੰਦਾ ਸੀ। ਸਾਰੀ ਉਮਰ ਇੱਕ ਹੀ ਸਕੂਲ ਵਿਚ ਅਧਿਆਪਕ ਰਹੇ, ਇੱਜ਼ਤ ਨਾਲ ਆਪਣੀ ਪਤਨੀ ਦੇ ਨਾਲ ਸੰਤੁਸ਼ਟ ਜੀਵਨ ਗੁਜ਼ਾਰਿਆ। ਆਪਣੀ ਤਾਂ ਕੋਈ ਔਲਾਦ ਸੀ ਨਹੀਂ, ਜਿੰਨਾ ਹੋ ਸਕਿਆ ਦੀਨ-ਦੁਖੀਆਂ ਦੀ ਮਦਦ ਕੀਤੀ ਅਤੇ ਇਕ ਸਮਾਜਿਕ ਜਵਾਬਦੇਹੀ ਨਿਭਾਉਂਦੇ ਹੋਏ ਆਪਣੇ ਹਰ ਕੰਮ ਤੋਂ ਨਵਿਰਤ ਹੋ ਕੇ ਬਸਤੀ ਦੇ ਬੱਚਿਆਂ ਵਿਚ ਗਿਆਨ ਦੀ ਰੌਸ਼ਨੀ ਫੈਲਾਉਣ ਦੇ ਕੰਮ ਵਿਚ ਲੱਗ ਗਏ।

ਦੀਨਾਨਾਥ ਅਗਮ ਨੇ ਬਸਤੀ ਵਿਚ ਸਥਿਤ ਆਪਣੇ ਹੀ ਘਰ ਦੇ ਖੁੱਲ੍ਹੇ ਵਿਹੜੇ ਵਿਚ 'ਅਗਮ ਬਾਲ ਭਵਨ' ਦੀ ਨੀਂਹ ਰੱਖੀ ਅਤੇ ਸਮੇਂ ਦੇ ਨਾਲ ਦੇਖਦੇ ਹੀ ਦੇਖਦੇ ਉਹ ਦਾ ਰੂਪ ਬਾਲ ਸਕੂਲ ਵਰਗਾ ਸਥਾਪਿਤ ਹੋ ਗਿਆ। ਉਨ੍ਹਾਂ ਦੀ ਪਤਨੀ ਮੀਰਾ ਵੀ ਇਸ ਭਵਨ ਵਿਚ ਸਹਿਯੋਗੀ ਤਾਂ ਹੈ ਹੀ ਸੀ, ਹੁਣ ਸਹਿਕਰਮੀ ਬਣ ਕੇ ਵੀ ਕੰਮ ਵਿਚ ਹੱਥ ਵਟਾਉਂਦੀ। ਦੋਵੇਂ ਪਤੀ ਪਤਨੀ ਨੇੜੇ ਤੇੜੇ ਦੀਆਂ ਬਸਤੀਆਂ ਦੇ ਉਨ੍ਹਾਂ ਗ਼ਰੀਬ ਬੱਚਿਆਂ ਨੂੰ ਪੜ੍ਹਾਇਆ ਕਰਦੇ, ਜਿਨ੍ਹਾਂ ਦੇ ਮਾਂ ਪਿਓ ਘਰਾਂ ਵਿਚ, ਬਾਗ਼ਾਂ ਵਿਚ, ਦਫ਼ਤਰਾਂ ਵਿਚ ਕੰਮ ਕਰਿਆ ਕਰਦੇ। ਕੰਮ ਕੀ ਸੀ ਇਕ ਗ਼ੁਲਾਮੀ ਸੀ, ਜਿਥੇ ਆਪਣੀ ਮਰਜ਼ੀ ਦੇ ਖ਼ਿਲਾਫ਼ ਰੋਜ਼ੀ ਰੋਟੀ ਦੇ ਨਾਂ 'ਤੇ ਇਕ ਡੰਗ ਦੇ ਹੀ ਖਾਣੇ ਦਾ ਜੁਗਾੜ ਹੁੰਦਾ ਸੀ। ਇਸ ਵਿਚ ਦੋਸ਼ ਉਨ੍ਹਾਂ ਦਾ ਵੀ ਕਿਥੇ ਸੀ, ਦਾਲ ਰੋਟੀ ਦਾ ਜੁਗਾੜ ਕਰਨ ਜਾਂ ਬੱਚਿਆਂ ਨੂੰ ਪੜ੍ਹਾਉਣ ?

'ਅਗਮ ਬਾਲ ਭਵਨ' ਵਿਚ ਜਦੋਂ ਦੋਵੇਂ ਪਤੀ ਪਤਨੀ ਨੇ ਲਗਾਤਾਰ ਬਿਨਾਂ ਕਿਸੇ ਫੀਸ ਦੇ ਆਰਾਮਦਾਇਕ ਸਮੇਂ ਤੇ ਬੱਚਿਆਂ ਨੂੰ ਪੜ੍ਹਾਉਣ ਦੀਆਂ ਸੇਵਾਵਾਂ ਦੇਣੀਆਂ ਸ਼ੁਰੂ ਕੀਤੀਆਂ ਤਾਂ ਨੇੜੇ ਤੇੜੇ ਦਾ ਸਾਰਾ ਮਾਹੌਲ ਹੀ ਬਦਲ ਗਿਆ। ਕੰਮ ਕਰਨ ਵਾਲੇ ਮਾਂ ਪਿਓ ਵੀ ਹੁਣ ਸਮੇਂ ਦੀ ਕੁਝ ਪਾਬੰਦੀ 'ਤੇ ਅਮਲ ਕਰਨ ਲੱਗੇ। ਆਪਣੇ ਬੱਚਿਆਂ ਦੇ ਭਵਿੱਖ ਦੇ ਨਿਰਮਾਣ ਦੇ ਲਈ 'ਅਗਮ ਬਾਲ ਭਵਨ' ਨੂੰ ਸਿੱਖਿਆ ਦਾ ਸੁੰਦਰ ਭਵਨ ਸਮਝਣ ਲੱਗੇ।

"ਮੈਂ ਕਿਹਾ ਮੀਰੂ ਭਾਈ, ਆਪਣੇ ਦੋਹਤੇ ਸਮੀਰ ਨੂੰ ਵੀ ਇਥੇ ਦੋ ਤਿੰਨ ਘੰਟੇ ਭੇਜ ਦਿਆ ਕਰ। ਬਿਨਾਂ ਮਾਂ ਬਾਪ ਦਾ ਬੱਚਾ ਹੈ, ਸਾਰਾ ਦਿਨ ਖੇਤਾਂ ਵਿਚ



ਤੇਰੇ ਅੱਗੇ ਪਿਛੇ ਫਿਰਦਾ ਰਹਿੰਦਾ ਹੈ। ਤੁਹਾਡੀ ਤਾਂ ਹੁਣ ਬਹੁਤੀ ਲੰਘ ਗਈ, ਥੋੜ੍ਹੀ ਬਾਕੀ ਹੈ। ਉਹਨੂੰ ਵੀ ਤਾਂ ਆਪਣੀ ਜ਼ਿੰਦਗੀ ਬਣਾਉਣ ਦਾ ਮੌਕਾ ਦਿਓ। ਮੈਂ ਤੇ ਤੇਰੀ ਭਾਬੀ ਹੁਣ ਬੱਚਿਆਂ ਦੀ ਜ਼ਿੰਦਗੀ ਵਿਚ ਰੌਸ਼ਨੀ ਲਿਆਉਣ ਦੇ ਯਤਨ ਵਿਚ ਮਨ ਨੂੰ ਲਾਈ ਰੱਖਦੇ ਹਾਂ। ਕੁਝ ਬੱਚੇ ਸਾਡੇ ਤੋਂ ਸਿਖ ਜਾਂਦੇ ਹਨ ਤੇ ਕੁੱਝ ਬੱਚਿਆਂ ਤੋਂ ਅਸੀਂ।" ਕਹਿੰਦੇ ਹੋਏ ਦੀਨਾ ਨਾਥ ਨੇ ਮੀਰੂ ਦੇ ਮਨ ਵਿਚ ਇਕ ਇੱਛਾ ਜਗਾ ਦਿੱਤੀ ਸੀ।

ਚੰਗੀ ਤੇ ਨੇਕ ਸੋਚ ਆਪਣਾ ਰਸਤਾ ਖ਼ੁਦ ਤਲਾਸ਼ਦੀ ਹੈ, ਤਰਾਸ਼ਦੀ ਹੈ। ਦੋ ਦਿਨ ਮਗਰੋਂ ਮੀਰੂ ਸਮੀਰ ਨੂੰ ਨਾਲ ਲੈ ਕੇ ਆਇਆ ਅਤੇ "ਅਗਮ ਬਾਲ ਭਵਨ" ਵਿਚ ਸ਼ਾਮਲ ਕਰਵਾ ਕੇ ਨਿਸ਼ਚਿਤ ਹੋ ਗਿਆ। ਇਕ ਤਰ੍ਹਾਂ ਨਾਲ ਉਸ ਨੇ ਆਪਣੇ ਕਮਜ਼ੋਰ ਹੱਥਾਂ ਦੀ ਵਾਗਡੋਰ ਦੀਨਾ ਨਾਥ ਦੇ ਮਜ਼ਬੂਤ ਹੱਥਾਂ ਵਿਚ ਸੌਂਪ ਦਿੱਤੀ।

"ਮੀਰੂ, ਸਮੀਰ ਬਹੁਤ ਹੀ ਹੋਣਹਾਰ ਮੁੰਡਾ ਹੈ। ਦੇਖੀਂ ਇਕ ਦਿਨ ਪੜ੍ਹ ਲਿਖ ਕੇ ਉਹ ਇਸ ਕਸਬੇ ਦਾ ਨਾਮ ਰੌਸ਼ਨ ਕਰੇਗਾ।"

"ਮਾਲਕ ਪੜ੍ਹਨਾ ਲਿਖਣਾ ਤਾਂ ਵੈਸੇ ਵੀ ਜ਼ਿੰਦਗੀ ਨੂੰ ਰੌਸ਼ਨ ਕਰਦਾ ਹੈ, ਪਰ ਨਿਰਸਵਾਰਥ ਭਾਵਨਾ ਨਾਲ ਜੋ ਦੌਲਤ ਵੰਡਣ ਦਾ ਪਰਮ ਕਾਰਜ ਤੁਸੀਂ ਕਰ ਰਹੇ ਹੋ, ਉਹਦੇ ਲਈ ਇਨ੍ਹਾਂ ਬੱਚਿਆਂ ਦੇ ਮਾਂ ਪਿਓ ਹਮੇਸ਼ਾ ਤੁਹਾਡੇ ਦੋਵਾਂ ਦੇ ਹਮੇਸ਼ਾ ਰਿਣੀ ਰਹਿਣਗੇ। ਅਗਿਆਨਤਾ ਗ਼ਰੀਬੀ ਨੂੰ ਵਿਰਾਸਤ ਵਿਚ ਮਿਲੀ ਹੈ। ਤੁਹਾਡੀ ਛਤਰ-ਛਾਇਆ ਵਿਚ ਪੜ੍ਹ ਕੇ ਇਹ ਬੱਚੇ ਹਮੇਸ਼ਾ ਤੁਹਾਡੇ ਕਰਜ਼ਦਾਰ ਰਹਿਣਗੇ। ਹੁਣ ਇਹ ਸਾਡੇ ਨਹੀਂ ਤੁਹਾਡੇ ਬੱਚੇ ਹਨ।" ਕਹਿੰਦੇ ਹੋਏ ਉਹ ਆਪਣੇ ਹੰਝੂ ਧੋਤੀ ਨਾਲ ਪੂੰਝਣ ਲੱਗਿਆ।

ਕੁਝ ਅਰਸੇ ਮਗਰੋਂ ਮੀਰੂ ਸਮੀਰ ਦੀਆਂ ਅੱਖਾਂ ਵਿਚ ਹੰਝੂਆਂ ਦਾ ਸੈਲਾਬ ਭਰਕੇ ਇਸ ਦੁਨੀਆ ਤੋਂ ਵਿਦਾ ਹੋ ਗਿਆ। ਹੁਣ ਬਾਲ ਭਵਨ ਦੇ ਸਿਵਾਏ ਨਾ ਸਮੀਰ ਦੀ ਕੋਈ ਠਹਿਰ ਸੀ ਨਾ ਟਿਕਾਣਾ। ਦੀਨਾ ਨਾਥ ਨੇ ਉਹਨੂੰ ਬੇਸਹਾਰਾ ਨਹੀਂ ਹੋਣ ਦਿੱਤਾ, ਆਪਣੀ ਦੇਖ ਰੇਖ ਵਿਚ ਕੁਝ ਏਵੇਂ ਤਰਾਸ਼ਿਆ ਕਿ ਉਹ ਰੋੜੇ ਤੋਂ ਹੀਰਾ ਹੋ ਗਿਆ। ਸੰਸਕਾਰਾਂ ਦੀ ਖ਼ੁਸ਼ਬੋ ਲੈ ਕੇ ਉਹ ਜਿਥੋਂ ਲੰਘਦਾ, ਸਭ ਦਾ ਮਨ ਮੋਹ ਲੈਂਦਾ।

ਬਾਲ ਭਵਨ ਨਾਲ ਲਗਦੀ ਕੋਠੀ ਰਾਮ ਪ੍ਰਸਾਦ ਦੀ ਸੀ। ਉਹਨਾਂ ਨੇ ਅਤੇ ਨੇੜੇ-ਤੇੜੇ ਦੇ ਅਮੀਰ ਲੋਕਾਂ ਨੇ ਵਿਰੋਧ ਕੀਤਾ।

"ਇਥੇ ਕੀ ਕੋਈ ਸੱਥ ਹੈ, ਜਿਹੜਾ ਹਰ ਰੋਜ਼ ਸ਼ਾਮ ਨੂੰ ਕੋਈ ਨਾ ਕੋਈ ਚਰਚਾ ਲੈ ਕੇ ਸਾਰੇ ਇਕੱਠੇ ਹੋ ਜਾਂਦੇ ਨੇ ? ਭੀੜ ਇਕੱਠੀ ਹੋ ਜਾਂਦੀ ਐ, ਸ਼ੋਰ ਵੀ ਵਧ ਜਾਂਦਾ ਹੈ।" ਕਿਸੇ ਨੇ ਕਿਹਾ।

"ਜੇਕਰ ਪੜ੍ਹਨ-ਪੜ੍ਹਾਉਣ ਦਾ ਏਨਾ ਹੀ ਸ਼ੌਕ ਹੈ, ਤਾਂ ਇਕ ਸਕੂਲ ਖੋਲ੍ਹ ਲੈ ਅਤੇ ਇਹ ਗਿਆਨ ਉਥੇ ਹੀ ਵੰਡ।" ਇਹ ਆਵਾਜ਼ ਸੇਠ ਰਾਮ ਪ੍ਰਸਾਦ ਦੀ ਸੀ ਜਿਹੜਾ ਉਸ ਬਸਤੀ ਦਾ ਸਭ ਤੋਂ ਰਈਸ ਸੇਠ ਮੰਨਿਆ ਜਾਂਦਾ ਸੀ। ਉਸਨੂੰ ਲੱਗਿਆ ਕਿ ਪੜ੍ਹਨ ਦੇ ਲਈ ਛੋਟੇ ਲੋਕਾਂ ਦਾ ਬਸਤੀ ਵਿਚ ਆਉਣਾ ਜਾਣਾ ਉਨ੍ਹਾਂ ਦੀ ਸ਼ਾਨ, ਮਾਣ-ਮਰਿਆਦਾ ਨੂੰ ਕਿਤੇ ਗ੍ਰਹਿਣ ਨਾ ਲਗਾ ਦੇਵੇ।

ਗਿਆਨ ਅਤੇ ਅਗਿਆਨ ਦਾ ਆਪਸ ਵਿਚ ਉਹੀ ਤਾਲਮੇਲ ਹੁੰਦਾ ਹੈ ਜਿਹੜਾ ਰੌਸ਼ਨੀ ਅਤੇ ਹਨੇਰੇ ਦੇ ਵਿਚਾਲੇ ਹੁੰਦਾ ਹੈ। ਦੀਨਾ ਨਾਥ ਅਗਮ ਦੀ ਸੋਚ ਨੂੰ ਇਕ ਰਾਹ ਮਿਲਿਆ ਅਤੇ ਉਨ੍ਹਾਂ ਨੇ ਉਥੋਂ ਦੇ ਸਥਾਨਕ ਮੰਦਰ ਦੇ ਪੁਜਾਰੀ ਤੋਂ ਇਸ ਨੇਕ ਕੰਮ ਦੇ ਲਈ ਸਹਿਯੋਗ ਮੰਗਿਆ। ਪੁਜਾਰੀ ਜੀ ਨੇ ਸ਼ਾਮ ਦੀ ਆਰਤੀ ਤੋਂ ਪਹਿਲਾਂ ਦੋ ਘੰਟੇ ਮੰਦਿਰ ਦਾ ਚੌਂਤਰਾ ਇਸ ਕਾਰਜ ਲਈ ਵਰਤਣ ਵਾਸਤੇ ਸਹਿਮਤੀ ਦੇ ਦਿੱਤੀ।

ਇਨਸਾਨ ਦਾ ਮਨ ਵੀ ਅਜੀਬ ਹੈ। ਜਿਹਦੇ ਕੋਲ ਸਾਰਾ ਕੁਝ ਹੈ ਉਹ ਕੁਝ ਵੰਡਣਾ ਨਹੀਂ ਚਾਹੁੰਦਾ, ਜਿਹਦੇ ਕੋਲ ਕੁਝ ਵੀ ਨਹੀਂ ਉਹ ਬਹੁਤ ਕੁਝ ਵੰਡਣ ਦੀ ਇੱਛਾ ਰੱਖਦਾ ਹੈ। ਪੁਜਾਰੀ ਵਿਚ ਅਜੇ ਵੀ ਇਨਸਾਨੀਅਤ ਦਾ ਜਜ਼ਬਾ ਬਾਕੀ ਸੀ ਅਤੇ ਉਹ ਇਸ ਨੇਕ ਕੰਮ ਵਿਚ ਆਪਣਾ ਸਹਿਯੋਗ ਦੇਣ ਤੋਂ ਪਿਛੇ ਨਹੀਂ ਹਟਿਆ। ਹਫ਼ਤੇ ਵਿਚ ਤਿੰਨ ਦਿਨ ਤੈਅ ਹੋਏ। ਅਨਪੜ੍ਹ ਗੰਵਾਰ ਨੇੜੇ ਤੇੜਿਆਂ ਦੀਆਂ ਬਸਤੀਆਂ ਤੋਂ ਆਉਣ ਲੱਗੇ। ਰੋਜ਼ ਕਿਸੇ ਨਾ ਕਿਸੇ ਵਿਸ਼ੇ ਤੇ ਚਰਚਾ ਹੁੰਦੀ, ਕਦੇ ਸੰਸਕਾਰਾਂ ਤੇ, ਕਦੇ ਨੈਤਿਕ ਕਦਰਾਂ ਕੀਮਤਾਂ ਤੇ, ਕਦੇ ਸਹਿਯੋਗ ਅਤੇ ਹੋਰ ਵਿਸ਼ਿਆਂ ਤੇ। ਲਗਭਗ ਇਹਨਾਂ ਵਿਸ਼ਿਆਂ ਤੇ ਦੀਨਾ ਨਾਥ ਜੀ ਅਤੇ ਪੁਜਾਰੀ ਗੱਲਬਾਤ ਕਰਦੇ। ਸੁਣਦੇ ਸੁਣਦੇ ਹੁਣ ਲੋਕਾਂ ਦੇ ਮਨਾਂ ਵਿੱਚੋਂ ਹੀਣਤਾ ਦੂਰ ਹੋਣ ਲੱਗੀ ਅਤੇ ਆਤਮ ਵਿਸ਼ਵਾਸ ਜਾਗਣ ਲੱਗਿਆ। ਉਸ ਬੈਠਕ ਵਿਚ ਦੀਨਾ ਨਾਥ ਅਗਮ ਦਾ ਹਰਮਨ ਪਿਆਰਾ ਸਮੀਰ ਵੀ ਆ ਕੇ ਬੈਠਦਾ, ਚਰਚਾ ਵਿਚ ਹਿੱਸਾ ਲੈਂਦਾ। ਸਮਾਂ ਅਜਿਹਾ ਆਇਆ ਕਿ ਨੇੜੇ ਤੇੜੇ ਦੇ ਘਰਾਂ ਅਤੇ ਬੰਗਲਿਆਂ ਵਾਲਿਆਂ ਦੇ ਬੱਚੇ ਵੀ ਆ ਕੇ ਬੈਠਣ ਲੱਗੇ। ਇਕ ਦਿਨ ਪੂਰਵੀ, ਸੇਠ ਰਾਮ ਪ੍ਰਸਾਦ ਦੀ ਕੁੜੀ ਵੀ ਆਣ ਬਿਰਾਜੀ। ਪਿਤਾ ਜੀ ਨੇ ਬਹੁਤ ਵਿਰੋਧ ਕੀਤਾ, ਪੂਰਵੀ ਨੂੰ ਸਮਝਾਇਆ, ਡਰਾਇਆ, ਧਮਕਾਇਆ, ਪਰ ਉਹ ਉਹਨੂੰ ਘਰ ਦੀ ਦੇਹਲੀ ਨਾਲ ਨਾ ਬੰਨ੍ਹ ਸਕੇ।

ਹਨੇਰਾ ਰੌਸ਼ਨੀ ਵਿਚ ਘੁਲਣ ਲੱਗਿਆ ਸੀ, ਭੇਦ ਭਾਵ ਦੀਆਂ ਕੰਧਾਂ ਕਮਜ਼ੋਰ ਪੈਣ ਲੱਗੀਆਂ, ਮਨੁੱਖਤਾ ਦੇ ਨਵੇਂ ਪੌਦੇ ਦਿਲ ਵਿਚ ਤੁਲਸੀ ਦੇ ਵਾਂਗ ਪੈਦਾ ਹੋਏ ਅਤੇ ਪਵਿੱਤਰ ਦਿਲਾਂ ਦੇ ਵਿਚਾਲੇ ਸੌਖੇ ਤੇ ਸ਼ੁੱਧ ਵਿਚਾਰ ਪੈਦਾ



ਹੋਣ ਲੱਗੇ। ਦੇਖਦੇ ਹੀ ਦੇਖਦੇ ਅੱਠ ਸਾਲ ਲੰਘ ਗਏ, ਬੱਚੇ ਹੁਣ ਵੱਡੇ ਹੋਏ, ਜਿਹੜੇ ਕਸਬੇ ਵਿਚ ਪੜ੍ਹਦੇ ਸੀ ਉਹ ਹੁਣ ਸ਼ਹਿਰ ਦੇ ਵੱਲ ਰੁਖ਼ ਕਰਦੇ ਹੋਏ ਅੱਗੇ ਵਧਣ ਲਗੇ। ਸਮੀਰ ਕਾਲਜ ਗਿਆ ਤਾਂ ਦੋ ਸਾਲ ਮਗਰੋਂ ਪੂਰਵੀ ਨੇ ਵੀ ਉਥੇ ਹੀ ਦਾਖਲਾ ਲਿਆ। ਅਪਣੱਤ ਦਾ ਰਿਸ਼ਤਾ ਕਦੋਂ ਪਿਆਰ ਵਿਚ ਬਦਲਿਆ ਪਤਾ ਨਹੀਂ! ਪਰ ਇਕ ਭਾਵਨਾ ਸੀ, ਜਿਹੜੀ ਬਿਨਾਂ ਕੁੱਝ ਕਹੇ ਚੁੱਪਚਾਪ ਦੋਵਾਂ ਦੇ ਦਿਲਾਂ ਵਿਚ ਪਲਦੀ ਰਹੀ।

o

ਅੱਜ ਸਮੀਰ ਆਪਣੇ ਅਹੁਦੇ ਦੀ ਇਕ ਹੋਰ ਪੌੜੀ ਤੇ ਆਪਣੀ ਕਾਮਯਾਬ ਮੁਹੱਬਤ ਅਤੇ ਜ਼ਿੰਦਗੀ ਦਾ ਪਰਚਮ ਲਹਿਰਾਉਣ ਜਾ ਰਿਹਾ ਸੀ। ਬਾਲ ਭਵਨ ਨਾਲ ਜੁੜਦੇ ਹੀ ਪੂਰਵੀ ਸਮੀਰ ਨਾਲ ਕੁਝ ਏਵੇਂ ਜੁੜ ਗਈ ਕਿ ਉਹ ਆਪਣਾ ਸਾਰਾ ਜੀਵਨ ਉਹਦੇ ਨਾਲ ਬਿਤਾਉਣ ਦੇ ਸੁਪਨੇ ਸੰਜੋਣ ਲੱਗੀ। ਇਸ ਵਿਸ਼ੇ ਤੇ ਅੱਧੀ ਅਧੂਰੀ ਗੱਲ ਕਈ ਵਾਰ ਉਨ੍ਹਾਂ ਦੀ ਗੱਲਬਾਤ ਦਾ ਵਿਸ਼ਾ ਰਹੀ।

"ਸਮੀਰ ਮੈਂ ਬੀ.ਏ. ਦੇ ਮਗਰੋਂ ਤੇਰੇ ਹਰ ਕੰਮ ਵਿਚ ਸਾਥੀ ਬਣਨਾ ਚਾਹੁੰਦੀ ਹਾਂ।" ਇਕ ਦਿਨ ਉਹਨੇ ਸਮੀਰ ਦੇ ਮੂਹਰੇ ਆਪਣੇ ਮਨ ਦੀ ਗੰਢ ਖੋਲ੍ਹੀ ਸੀ।

"ਕਮਲੀਏ, ਅਜੇ ਤਾਂ ਤੂੰ ਆਪਣੇ ਪੇਪਰਾਂ ਦੀ ਤਿਆਰੀ ਵਿਚ ਮਨ ਲਾ ਅਤੇ ਫੇਰ ਮੈਂ ਵੀ ਸਮੇਂ ਅਨੁਸਾਰ ਤੇਰੇ ਪਿਤਾ ਜੀ ਨਾਲ ਗੱਲ ਕਰਾਂਗਾ। ਉਨ੍ਹਾਂ ਆਪਣੇ ਮਨ ਦੀ ਗੱਲ ਤਾਂ ਇਕ ਦੋ ਵਾਰ ਮੂਹਰੇ ਰੱਖੀ ਹੈ 'ਕਿ ਮੈਨੂੰ ਆਪਣੀ ਜਾਤ ਦੀ ਕਿਸੇ ਚੰਗੀ ਜਿਹੀ ਕੁੜੀ ਨਾਲ ਵਿਆਹ ਕਰ ਲੈਣਾ ਚਾਹੀਦਾ ਹੈ, ਚੰਗਾ ਕਮਾਉਂਦਾ ਹਾਂ।' ਮੇਰਾ ਘਰ ਵਸ ਜਾਣ ਨਾਲ ਉਹਨਾਂ ਦੀ ਕਿਹੜੀ ਇੱਛਾ ਪੂਰੀ ਹੋ ਸਕਦੀ ਹੈ, ਪਤਾ ਨਹੀਂ?"

"ਤੂੰ ਉਨ੍ਹਾਂ ਨੂੰ ਦੱਸਿਆ ਨਹੀਂ ਕਿ ਅਸੀਂ ਜੀਵਨ ਸਾਥੀ ਬਣ ਕੇ ਆਪਣੀ ਜ਼ਿੰਦਗੀ ਗੁਜ਼ਾਰਨਾ ਚਾਹੁੰਦੇ ਹਾਂ?"

"ਮੈਂ ਨਹੀਂ ਕਹਿ ਸਕਿਆ, ਤੂੰ ਯਤਨ ਕਰਕੇ ਦੇਖੀਂ!" ਕਹਿੰਦੇ ਹੋਏ ਸਮੀਰ ਨੇ ਉਹਦੀਆਂ ਗੱਲ੍ਹਾਂ ਤੇ ਹਲਕੀ ਥਾਪੀ ਦਿੰਦੇ ਹੋਏ ਉਹਦੇ ਅਹਿਸਾਸਾਂ ਨੂੰ ਛੂ ਲਿਆ ਸੀ।

"ਸਮੀਰ ਮੈਂ ਜਾਣਦੀ ਹਾਂ ਪਿਤਾ ਜੀ ਕੱਟੜ ਹਨ, ਜ਼ਿੱਦੀ ਹਨ, ਹੋਰ ਤਾਂ ਹੋਰ ਉਹ ਇਸ ਸਿੱਖਿਆ ਪ੍ਰਣਾਲੀ ਨੂੰ ਮਲੇਰੀਏ ਦੇ ਵਾਂਗੂੰ ਫੈਲਾਉਣ ਕਾਰਨ ਵੀ ਕੁਝ ਉਖੜੇ ਹੋਏ ਹਨ। ਫੇਰ ਵੀ ਮੈਂ ਉਨ੍ਹਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਾਂਗੀ।"

.... ਅਤੇ ਸਮੀਰ ਚਲਾ ਗਿਆ, ਇਕ ਆਸ, ਇਕ ਪਿਆਸ ਦਿਲ ਵਿਚ

ਲੈ ਕੇ ! ਅਤੇ ਪੂਰਵੀ ਫੇਰ ਵੀ ਉਸ ਨੂੰ ਰੋਕਣ ਵਿਚ ਅਸਮਰੱਥ ਰਹੀ!

o

ਦਿਲ ਵਿਚ ਭੜਕਦੀ ਹੋਈ ਅੱਗ ਨੂੰ ਬੁਝਾਉਣ ਦੇ ਯਤਨ ਵਿਚ ਸੇਠ ਰਾਮ ਲਾਲ ਪ੍ਰਸਾਦ ਨੇ ਆਪਣੀ ਬੇਟੀ ਪੂਰਵੀ ਨੂੰ ਜ਼ਿੰਦਗੀ ਦੇ ਭੱਠੀ ਵਿਚ ਝੌਂਕਣ ਦੀ ਅਗਵਾਈ ਕੀਤੀ। ਇਕ ਪਿਤਾ ਹੋਣ ਦੀ ਦਸਤਾਵੇਜ਼ੀ ਹੈਸੀਅਤ ਦੇ ਨਾਤੇ, ਉਸ ਤੋਂ ਬਿਨਾਂ ਪੁੱਛੇ ਉਹਦਾ ਵਿਆਹ ਇਕ ਅਮੀਰ ਘਰਾਣੇ ਵਿਚ ਤੈਅ ਕਰ ਦਿੱਤਾ, ਅਤੇ ਮਹੂਰਤ ਕਢਵਾ ਕੇ ਘਰ ਵਿਚ ਗੱਲ ਦਾ ਐਲਾਨ ਕੀਤਾ। ਵਿਆਹ ਦੀ ਤਾਰੀਖ਼ ਸਿਰਫ਼ ਦੋ ਦਿਨ ਬਾਅਦ... ਪੂਰਵੀ ਦੇ ਜਿਵੇਂ ਸਾਹ ਰੁਕ ਗਏ।

"ਪਿਤਾ ਜੀ ....!"

"ਕੁਝ ਕਹਿਣ ਸੁਣਨ ਦਾ ਸਮਾਂ ਨਹੀਂ ਹੈ। ਗੱਲ ਬਣ ਗਈ ਹੈ ਤਾਂ ਉਹਨੂੰ ਖੁਸ਼ੀ ਤੇ ਰਾਜ਼ੀ ਮਨ ਨਾਲ ਸਵੀਕਾਰ ਅਤੇ ਪੂਰਾ ਹੋਣ ਦੇ। ਜ਼ਿੰਦਗੀ ਸਿਰਫ਼ ਸ਼ਬਦਾਂ ਦੀ ਖੇਡ ਨਹੀਂ ਹੈ, ਉਹਨੂੰ ਲੰਘਾਉਣ ਲਈ ਹੋਰ ਵੀ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ। ਮੈਂ ਤੇਰਾ ਭਲਾ ਹੀ ਸੋਚਿਆ ਹੈ ਅਤੇ ਇਸੇ ਵਿਚ ਹੀ ਤੇਰਾ ਭਲਾ ਹੈ।"

"ਪਰ ਮੇਰੇ ਪੇਪਰ..." ਅਧੂਰੇ ਅਹਿਸਾਸ ਲਫ਼ਜ਼ ਬਣਕੇ ਗਲ ਵਿਚ ਦਫ਼ਨ ਹੋ ਕੇ ਰਹਿ ਗਏ।

ਉਹ ਕੁਝ ਕਹਿੰਦੀ ਉਸ ਤੋਂ ਪਹਿਲਾਂ ਹੀ ਫੋਨ ਦੀ ਘੰਟੀ ਵੱਜੀ, ਜਿਹਨੂੰ ਚੁੱਕਦੇ ਹੋਏ ਰਾਮ ਪ੍ਰਸਾਦ ਦੂਜੀ ਤਰਫ਼ੋਂ ਆਉਂਦੀ ਆਵਾਜ਼ ਨੂੰ ਪਛਾਣਦੇ ਹੋਏ ਸੰਜੀਦਾ ਸੁਰ ਵਿਚ ਬੋਲਿਆ, "ਸਮੀਰ, ਪੂਰਵੀ ਹੁਣ ਤੇਰੇ ਨਾਲ ਗੱਲ ਨਹੀਂ ਕਰ ਸਕਦੀ। ਘਰ ਵਿਚ ਮਹਿਮਾਨ ਆਏ ਹਨ ਅਤੇ ਵਿਆਹ ਦਾ ਸ਼ਗਨ ਵੀ ਸ਼ੁਰੂ ਹੋਣ ਵਾਲਾ ਹੈ।"

"ਅੰਕਲ ਕੀਹਦਾ ਵਿਆਹ ਹੈ?" ਉਧਰੋਂ ਸਵਾਲ ਆਇਆ।

"ਪੂਰਵੀ ਦਾ, ਹੋਰ ਕੀਹਦਾ? ਕੀ ਤੈਨੂੰ ਇਹ ਵੀ ਨਹੀਂ ਪਤਾ? ਤੂੰ ਤਾਂ ਪੂਰਵੀ ਦਾ ਚੰਗਾ ਦੋਸਤ ਹੈਂ ਅਤੇ ਮੈਂ ਵੀ ਤੇਰੇ ਤੋਂ ਬਹੁਤ ਉਮੀਦ ਲਗਾਈ ਬੈਠਾ ਸੀ, ਕਿ ਤੂੰ ਬਹੁਤ ਕੰਮ ਕਰੇਂਗਾ ਪਰ ਪਤਾ ਚੱਲਿਆ ਕਿ ਤੂੰ ਤਾਂ ਬਾਹਰ ਗਿਆ ਏਂ, ਚੰਗਾ ਰੱਖਦਾ ਹਾਂ...."

"ਪਰ ਅੰਕਲ ਇਹ ਸਾਰਾ ਕੁਝ ਏਨੀ ਜਲਦੀ ਕਿਵੇਂ ਹੋ ਗਿਆ? ਪੂਰਵੀ ਨੇ ਤਾਂ ਮੈਨੂੰ ਇਸ ਬਾਰੇ ਕੁਝ ਨਹੀਂ ਦੱਸਿਆ।"

"ਨਹੀਂ ਦੱਸਿਆ, ਹੈਰਾਨੀ ਦੀ ਗੱਲ ਹੈ। ਖ਼ੈਰ ਹੁਣ ਮੈਂ ਫੋਨ ਰੱਖਦਾ ਹਾਂ... ਕੰਮ ਬਹੁਤ ਬਾਕੀ ਹੈ... ਤੂੰ ਵਿਆਹ ਵਿਚ ਜ਼ਰੂਰ ਆਈਂ।"



"ਵਿਆਹ ਕਦੋਂ ਹੈ?" ਸਮੀਰ ਨੂੰ ਆਪਣੀ ਆਵਾਜ਼ ਜਿਵੇਂ ਕੋਹਾਂ ਦੂਰ ਤੋਂ ਆਉਂਦੀ ਲੱਗੀ।

"ਅੱਜ ਸ਼ੁੱਕਰਵਾਰ ਹੈ, ਐਤਵਾਰ ਨੂੰ ਵਿਆਹ ਹੈ ਅਤੇ ਸੋਮਵਾਰ ਨੂੰ ਰਾਤ ਦੀ ਗੱਡੀ ਤੇ ਬਰਾਤੀ ਕਾਨਪੁਰ ਦੇ ਲਈ ਰਵਾਨਾ ਹੋਣਗੇ। ਰੱਬ ਦੀ ਕਿਰਪਾ ਨਾਲ ਸਭ ਠੀਕ ਹੋ ਜਾਵੇਗਾ।"

ਸੁਨੇਹਾ ਕੀ ਸੀ, ਪਿਘਲਿਆ ਹੋਇਆ ਸੀਸਾ ਸੀ, ਜਿਹੜਾ ਪੂਰਵੀ ਦੇ ਕੰਨਾਂ ਵਿਚ ਰਿਸਣ ਲੱਗਿਆ। ਦਿਲ ਨੂੰ ਸਦਮਾ ਏਨਾ ਗਹਿਰਾ ਪਹੁੰਚਿਆ ਕਿ ਉਹਨੂੰ ਆਪਣੇ ਵਜੂਦ ਦੇ ਹੋਣ ਜਾਂ ਨਾ ਹੋਣ ਵਿਚ ਕੋਈ ਫ਼ਰਕ ਦਿਖਾਈ ਨਹੀਂ ਦੇ ਰਿਹਾ ਸੀ। ਉਹ ਤਾਂ ਸਿਰਫ਼ ਇਕ ਬੁੱਤ ਬਣ ਕੇ ਰਹਿ ਗਈ, ਜਿਹਦੀ ਨਾ ਕੋਈ ਇੱਛਾ ਸੀ, ਨਾ ਕੋਈ ਉਮੰਗ। ਬਸ ਦੋ ਦਿਨਾਂ ਮਗਰੋਂ ਗੁੱਡੀ ਦੇ ਵਾਂਗੂੰ ਸ਼ਿੰਗਾਰ ਕੇ ਮੰਡਪ ਦੇ ਵਿਚ ਬਿਠਾ ਦਿੱਤੀ ਜਾਵੇਗੀ। ਵਿਆਹੀ ਜਾਵੇਗੀ ਉਹਦੇ ਨਾਲ ਜਿਹਨੂੰ ਉਹਨੇ ਕਦੇ ਦੇਖਿਆ ਤਕ ਨਹੀਂ ਹੈ, ਹਾਂ ਇਹ ਜ਼ਰੂਰ ਜਾਣਦੀ ਸੀ ਕਿ ਵਿਆਹ ਤੋਂ ਮਗਰੋਂ ਉਸ ਪਤੀ ਦੀ ਧਰਮ ਪਤਨੀ ਬਣਕੇ ਜੀਵਨ ਗੁਜ਼ਾਰੇਗੀ। ਜਿਹਦੇ ਨਾਲ ਜਿਉਣ ਦੇ ਸੁਪਨੇ ਦੇਖੇ, ਉਨ੍ਹਾਂ ਸੁਪਨਿਆਂ ਨੂੰ ਖੁਦ ਆਪਣੇ ਹੱਥਾਂ ਨਾਲ ਨਸ਼ਟ ਕਰਨਾ ਹੋਵੇਗਾ, ਉਹਨੂੰ ਸਮੀਰ ਨੂੰ ਭੁੱਲਣਾ ਪਵੇਗਾ। ਪਰ ਭੁੱਲ ਜਾਣਾ ਵੀ ਕੀ ਕਿਸੇ ਦੇ ਵੱਸ ਵਿਚ ਹੁੰਦਾ ਹੈ? ਜਿਹੜਾ ਪਲ ਪਲ ਯਾਦਾਂ ਵਿਚ ਵਸਿਆ ਹੋਵੇ ਉਹਨੂੰ ਕੋਈ ਕਿਵੇਂ ਭੁਲਾਵੇ? ਪਿਤਾ ਨੇ ਬਿਨਾਂ ਪੁੱਛੇ ਫ਼ੈਸਲਾ ਕੀਤਾ ਅਤੇ ਸਿਰਫ਼ ਹੁਕਮ ਦੀ ਪੈਰਵੀ ਕਰਨ ਦੀ ਇਜਾਜ਼ਤ ਦਿੱਤੀ। ਗੁਨਾਹ ਨਹੀਂ ਦੱਸਿਆ ਸਿਰਫ਼ ਸਜ਼ਾ ਸੁਣਾ ਦਿੱਤੀ।

"ਪੂਰਵੀ...!" ਧੜਕਦੇ ਸਾਹਾਂ ਵਿਚ ਇਕ ਹਲਚਲ ਹੋਈ।

"ਸਮੀਰ....!"

"ਵਧਾਈ ਹੋਵੇ।"

"....."

"ਸਮੀਰ ਤੂੰ ਪੂਰੇ ਟੈਮ੍ਹ ਤੇ ਆ ਗਿਆ, ਚਲੋ ਚੰਗਾ ਹੋਇਆ, ਹੁਣ ਤਾਂ ਕੁੱਝ ਹੱਥ ਵੰਡਾ। ਬਾਹਰ ਮਹਿਮਾਨਾਂ ਦੇ ਆਉਣ ਦੀ ਤਿਆਰੀ ਵਿਚ ਕੋਈ ਕਮੀ ਨਾ ਰਹਿ ਜਾਵੇ, ਜ਼ਰਾ ਦੇਖ ਲੈਣਾ।" ਕਹਿੰਦੇ ਹੋਏ ਸੇਠ ਰਾਮ ਪ੍ਰਸਾਦ ਧੋਤੀ ਦਾ ਪੱਲਾ ਫੜਦੇ ਹੋਏ ਕਿਸੇ ਹੋਰ ਕੰਮ ਦੇ ਵੱਲ ਵਧੇ। ਸਮੀਰ ਨੇ ਹਾਰੇ ਹੋਏ ਸਿਪਾਹੀ ਦੇ ਵਾਂਗੂੰ ਆਪਣੇ ਸਾਰੇ ਸ਼ਸਤਰ ਸਮਰਪਿਤ ਕਰਦੇ ਹੋਏ ਇਕ ਪੈਕਟ ਪੂਰਵੀ ਦੇ ਵੱਲ ਵਧਾਇਆ। ਚੁੱਪਚਾਪ ਸਿਰਫ਼ ਸਵਾਲੀਆ ਅੱਖਾ ਉੱਠੀਆਂ, ਜਿਵੇਂ ਪੁੱਛ ਰਹੀਆਂ ਹੋਣ... "ਇਹ ਕੀ ਹੈ....?"

"ਇਹ ਪਿਆਰ ਦਾ ਪ੍ਰਤੀਕ ... ਪਿਆਰਾ ਜਿਹਾ ਤਾਜਮਹੱਲ..."
ਸਮੀਰ ਸਿਰਫ਼ ਏਨਾ ਹੀ ਕਹਿ ਸਕਿਆ।

ਦੋਵਾਂ ਦੇ ਵਧਦੇ ਹੋਏ ਹੱਥ ਕੰਬ ਰਹੇ ਸਨ, ਜਿਵੇਂ ਕੋਈ ਤੂਫ਼ਾਨ ਹੁਣੇ ਹੁਣੇ ਕਰਵਟ ਲੈ ਕੇ ਉਨ੍ਹਾਂ ਦੇ ਦਿਲਾਂ ਵਿਚ ਅਪਣੱਤ ਦੀ ਕੰਧ ਦੀਆਂ ਇੱਟਾਂ ਵਿਚ ਪਰਾਏਪਣ ਦੀਆਂ ਦਰਾੜਾਂ ਚੌੜੀਆਂ ਕਰ ਗਿਆ ਹੋਵੇ। ਪੂਰਵੀ ਦੇ ਹੱਥ ਉਸ ਤੋਹਫ਼ੇ ਨੂੰ ਸੰਭਾਲ ਸਕਣ ਵਿਚ ਨਾਕਾਮਯਾਬ ਰਹੇ। ਸਮੀਰ ਦੇ ਪਲਟਦੇ ਹੀ ਉਹ ਮੁਹੱਬਤ ਦਾ ਮਿਨਾਰ ਡਿੱਗ ਕੇ ਟੁੱਟ ਗਿਆ। ਟੁੱਟ ਕੇ ਖਿੰਡ ਗਿਆ। ਪਰ ਟੁੱਟਣ ਦੀ ਆਵਾਜ਼ ਕਿਸੇ ਦੇ ਕੰਨ ਤਕ ਨਾ ਪਹੁੰਚ ਸਕੀ।

ਪਿਆਰ ਦਾ ਪ੍ਰਤੀਕ ਤਾਜਮਹੱਲ ਉਹਨਾਂ ਦੇ ਵਿਚਾਲੇ ਪਿਆ ਸੀ... ਸਵਾਲੀਆ ਅੱਖਾਂ; ਜਵਾਬੀ ਬੁੱਲ੍ਹ ਜਿਵੇਂ ਚੁਪ ਚੁਪੀਤੇ ਕਹਿ ਰਹੇ ਹੋਣ.... "ਇਹ ਹਾਂ ਮੈਂ ਅਤੇ ਇਹ ਹੈ ਤਾਜਮਹੱਲ।"

ਇਕ ਅਣਛੋਹਿਆ ਅਹਿਸਾਸ ਅਜੇ ਵੀ ਖੰਡਰਾਂ ਵਿਚ ਧੜਕਦਾ ਹੈ, ਸਾਹ ਲੈਂਦਾ ਹੈ।

—o—



# ਆਪਣੇ ਬਿਗਾਨੇ

ਰਜਨੀ ਅੱਜ ਆਪਣੇ ਆਪ ਨੂੰ ਇਕੱਲੀ ਅਤੇ ਬੇਬਸ ਮਹਿਸੂਸ ਕਰ ਰਹੀ ਸੀ। ਬੇਚੇਨੀ ਨੇ ਉਹਦਾ ਸਾਰਾ ਸੁਖ ਚੈਨ ਖੋਹ ਲਿਆ ਸੀ। ਇਕ ਦਿਨ ਅਚਾਨਕ ਬੇਤਹਾਸ਼ਾ ਦਰਦ ਨੇ ਉਹਨੂੰ ਏਨਾ ਮਜਬੂਰ ਕੀਤਾ ਕਿ ਉਹਨੇ ਹਸਪਤਾਲ ਵਿਚ ਆ ਕੇ ਖੁਦ ਨੂੰ ਨਰਸਾਂ ਅਤੇ ਡਾਕਟਰਾਂ ਦੇ ਹਵਾਲੇ ਕਰ ਦਿੱਤਾ। ਨੀਮ ਬੇਹੋਸ਼ੀ ਦੀ ਹਾਲਤ ਵਿਚ ਉਹ ਸਟਰੇਚਰ ਤੇ ਨਿਢਾਲ ਤੇ ਕਮਜ਼ੋਰੀ ਦੀ ਹਾਲਤ ਵਿਚ ਪਈ ਰਹੀ। ਤੁਰੰਤ ਹੀ ਉਹਨੂੰ ਚੈਕਅੱਪ ਰੂਮ ਵਿਚ ਲਿਜਾਇਆ ਗਿਆ। ਕੁੱਝ ਹੀ ਪਲਾਂ ਵਿਚ ਡਾਕਟਰ ਨੇ ਆ ਕੇ ਉਹਦੀ ਨਬਜ਼ ਫੜੀ ਤੇ ਟਟੋਲਦੇ ਹੋਏ ਬਹੁਤ ਹੀ ਹੌਲ਼ੀ ਜਿਹੇ ਉਹਦਾ ਹੱਥ ਬੈੱਡ 'ਤੇ ਰੱਖਿਆ। ਸਟੈਥੋਸਕੋਪ ਨਾਲ ਉਹਦੀ ਛਾਤੀ ਨੂੰ ਚੈਕ ਕਰਦੇ ਹੋਏ 'ਡੂੰਘੇ ਸਾਹ ਲਓ' ਕਹਿ ਕੇ ਉਹਦੀ ਜਾਂਚ ਕੀਤੀ। ਪਤਾ ਨੀ ਕੀ ਸੀ ਉਸਦੀ ਆਵਾਜ਼ ਵਿਚ ਜਿਹੜਾ ਅਚਾਨਕ ਹੀ ਰਜਨੀ ਨੇ ਅੱਖਾਂ ਖੋਲ੍ਹਣ ਦਾ ਯਤਨ ਕੀਤਾ ਅਤੇ ਹੁਣ ਜਦੋਂ ਅੱਧ ਖੁੱਲ੍ਹੀਆਂ ਅੱਖਾਂ ਨਾਲ ਇਲਾਜ ਕਰਦੇ ਹੋਏ ਡਾਕਟਰ ਦੇ ਚਿਹਰੇ ਤੇ ਉਹਦੀ ਨਜ਼ਰ ਪਈ ਤਾਂ ਰੁੱਸਿਆ ਹੋਇਆ ਹਾਸਾ ਉਹਦੇ ਚਿਹਰੇ ਤੇ ਦਿਸਿਆ। ਦਰਦ ਨੂੰ ਸਹਿਣ ਦੀ ਕੋਸ਼ਿਸ਼ ਕਰਦਿਆਂ ਉਹਨੇ ਗ਼ੌਰ ਨਾਲ ਡਾਕਟਰ ਦੇ ਚਿਹਰੇ ਨੂੰ ਦੇਖਦੇ ਹੋਏ ਬਹੁਤ ਹੌਲ਼ੀ ਆਵਾਜ਼ ਵਿਚ ਕਿਹਾ– "ਡਾ. ਆਨੰਦ ਤੁਸੀਂ ?"

"ਹਾਂ, ਰਜਨੀ ਮੈਂ ਆਨੰਦ ਤੈਨੂੰ ਇਸ ਹਾਲਤ ਵਿਚ ਦੇਖ ਕੇ ਹੈਰਾਨ ਵੀ ਹਾਂ.... ਅਤੇ ਖੁਸ਼ ਵੀ ਹਾਂ, ਕਿ ਤੂੰ ਸਹੀ ਥਾਂ ਇਲਾਜ ਲਈ ਲਿਆਈ ਗਈ ਹੈਂ। ਹੁਣ ਤੂੰ ਇਕ ਸ਼ਬਦ ਵੀ ਨਹੀਂ ਬੋਲੇਂਗੀ, ਸਾਨੂੰ ਆਪਣਾ ਕੰਮ ਕਰਨ ਦੇ।" ਕਹਿੰਦੇ ਹੋਏ ਡਾਕਟਰ ਦੇ ਉਹਦੇ ਹੱਥ ਨੂੰ ਹੌਲ਼ੀ ਜਿਹੇ ਦਬਾਉਂਦੇ ਹੋਏ ਪਲੋਸਿਆ।

ਹਿਦਾਇਤ ਅਨੁਸਾਰ ਖ਼ੂਨ ਜਾਂਚ ਦੇ ਲਈ ਭੇਜਿਆ ਗਿਆ। ਕੁਝ ਐਕਸਰੇ ਵੀ ਕੀਤੇ ਗਏ। ਹੁਣ ਉਨ੍ਹਾਂ ਦੀ ਰਿਪੋਰਟ ਦਾ ਇੰਤਜ਼ਾਰ ਸੀ। ਡਾਕਟਰ ਆਨੰਦ ਦੀ ਤਜਰਬੇਕਾਰ ਨਜ਼ਰ ਨੇ ਰਜਨੀ ਦੀ ਮਰਜ਼ ਅਤੇ ਉਹਦੇ ਦੁੱਖ ਨੂੰ ਚੰਗੀ ਤਰ੍ਹਾਂ ਸਮਝ ਲਿਆ ਸੀ, ਫੇਰ ਵੀ ਰਿਪੋਰਟ ਆਉਣ ਤੱਕ ਕੁਝ ਵੀ ਕਹਿਣਾ ਮੁਸ਼ਕਲ ਸੀ।

o

ਡਾਕਟਰ ਆਨੰਦ ਨੂੰ ਵੀਹ ਸਾਲ ਪਹਿਲਾਂ ਦੀ ਰਜਨੀ ਯਾਦ ਆਈ। ਜਿਹੜੀ ਰਜਨੀਗੰਧਾ ਦੇ ਫੁੱਲਾਂ ਵਾਂਗ ਮਹਿਕਦੀ ਸੀ, ਖਿੜਖਿੜਾਉਂਦੀ ਸੀ ਅਤੇ ਹਮੇਸ਼ਾ ਭੌਰਿਆਂ ਦੇ ਇਕ ਹਜੂਮ ਵਿਚ ਘਿਰੀ ਰਹਿੰਦੀ। ਹਰ ਕੋਈ ਉਹਦੀ ਹਾਂ ਵਿਚ ਹਾਂ ਮਿਲਾਉਣ ਨੂੰ ਤਿਆਰ ਰਹਿੰਦਾ, ਏਵੇਂ ਜਿਵੇਂ ਉਹ ਕੋਈ ਕਿਲਯੋਪੈਟਰਾ (ਮਿਸਰ ਦੀ ਇੱਕ ਬਹੁਤ ਸੁੰਦਰ ਰਾਣੀ) ਹੋਵੇ ਅਤੇ ਉਹ ਸਾਰੇ ਉਹਦੇ ਦੀਵਾਨੇ । ਕਾਦਰ ਨੇ ਰਜਨੀ ਨੂੰ ਬਣਾਇਆ ਵੀ ਏਨਾ ਸੋਹਣਾ ਸੀ ਕਿ ਉਹਨੂੰ ਇੱਕ ਵਾਰ ਦੇਖਣ ਵਾਲਾ ਉਹਨੂੰ ਵਾਰ ਦੇਖਣ ਦੀ ਹਸਰਤ ਮਨ ਵਿਚ ਪਾਲ ਲੈਂਦਾ ਸੀ। ਉਹ ਹੈ ਵੀ ਅਜਿਹੀ ਜਿਵੇਂ ਕਿਸੇ ਸ਼ਾਇਰ ਦੇ ਲਫ਼ਜ਼ਾਂ ਵਿਚ ਤਰਾਸ਼ੀ ਹੋਈ ਇਕ ਸੁੰਦਰ ਗ਼ਜ਼ਲ। ਅਣਗਣਿਤ ਸਹੂਲਤਾਂ ਦੇ ਨਾਲ ਪਲੀ, ਵੱਡੀ ਹੋਈ ਰਜਨੀ, ਜਦੋਂ ਇੱਕ ਅਮੀਰ ਘਰਾਣੇ ਦੀ ਇਕਲੌਤੀ ਔਲਾਦ ਨਾਲ ਵਿਆਹ ਕਰਕੇ ਰਣਜੀਤ ਸੌਢਾ ਦੀ ਪਤਨੀ ਬਣਕੇ ਆਪਣੇ ਸਹੁਰੇ ਆਈ ਤਾਂ ਦਰਵਾਜ਼ੇ ਤੇ ਆਰਤੀ ਲੈ ਕੇ ਉਹਦੀ ਸੱਸ ਮਿਲੀ, ਜਿਹੜੀ ਨੂੰਹ ਦਾ ਸਵਾਗਤ ਕਰਦੇ ਹੋਏ ਉਹਦੀਆਂ ਸੁੱਖਾਂ ਮੰਗਦੀ ਰਹੀ, ਅਸੀਸਾਂ ਦਿੰਦੀ ਰਹੀ। ਆਪਣੇ ਬੇਟੇ ਦਾ ਘਰ ਵਸਣ ਦੀ ਖ਼ੁਸ਼ੀ ਵਿਚ ਕਈ ਦਿਨ ਮਹਿਲਨੁਮਾ ਹਵੇਲੀ ਵਿਚ ਜਸ਼ਨ ਮਨਾਏ ਗਏ, ਗ਼ਰੀਬਾਂ ਵਿਚ ਬੇਹਿਸਾਬੀ ਦੌਲਤ ਵੰਡੀ ਗਈ। ਐਸ਼ੋ ਆਰਾਮ ਦੀ ਜ਼ਿੰਦਗੀ ਉਹਨੂੰ ਏਥੇ ਵੀ ਨਸੀਬ ਹੋਈ। ਘਰ ਵਿਚ ਨੌਕਰ ਚਾਕਰ, ਹਰ ਸਹੂਲਤ ਦਾ ਸਮਾਨ ਮਿਲਿਆ। ਪਤੀ 'ਰਣਜੀਤ' ਮਿਲਟਰੀ ਵਿਚ ਕੈਪਟਨ ਸਨ ਅਤੇ ਕੁਝ ਸਖ਼ਤ ਕਾਨੂੰਨ ਕਾਇਦੇ ਦੇ ਤਹਿਤ ਜ਼ਿੰਦਗੀ ਬਿਤਾਉਣ ਦੇ ਆਦੀ ਸਨ। ਘਰ ਵਿਚ ਵੀ ਉਹ ਬੇਹੱਦ ਸੰਜੀਦਾ ਰਹਿੰਦੇ, ਜਦੋਂ ਕਦੇ ਛੁੱਟੀਆਂ ਵਿਚ ਘਰ ਆਉਂਦੇ ਬਹੁਤ ਹੀ ਸਾਦਗੀ ਨਾਲ ਅਮਨ-ਚੈਨ ਦੀ ਜ਼ਿੰਦਗੀ ਬਿਤਾਉਂਦੇ, ਉਹ ਵੀ ਠੁੱਕ ਨਾਲ। ਜਿਆਦਾ ਸ਼ੋਰ ਸ਼ਰਾਬਾ ਉਨਾਂ ਨੂੰ ਕਦੇ ਰਾਸ ਨਹੀਂ ਆਇਆ।

ਵਿਆਹ ਦੇ ਲਈ ਵੀ ਉਨ੍ਹਾਂ ਨੂੰ ਇਕ ਮਹੀਨੇ ਦੀ ਛੁੱਟੀ ਮਿਲੀ ਸੀ। ਰੀਤੀ ਰਿਵਾਜ ਅਤੇ ਜਸ਼ਨ—ਮਹਿਫ਼ਲਾਂ ਵਿਚ ਹੱਸਦੇ ਖੇਡਦੇ ਖ਼ੁਸ਼ੀ ਨਾਲ ਤਿੰਨ ਹਫ਼ਤੇ ਲੰਘ ਗਏ ਅਤੇ ਹੁਣ ਵਾਪਸ ਡਿਊਟੀ ਤੇ ਮੁੜ ਜਾਣ ਦੀ ਤਿਆਰੀ ਸ਼ੁਰੂ ਹੋਣ ਲਗੀ। "ਰਜਨੀ ਬੇਟਾ, ਜ਼ਰਾ ਏਹ ਮੱਠੀਆਂ ਤਾਂ ਬਕਸੇ ਵਿਚ ਪੈਕ ਕਰ ਦੇਵੀਂ ਅਤੇ ਹਾਂ ਉਹ ਮੋਠ ਵੀ ਵੱਖਰੇ ਬੰਨ੍ਹ ਕੇ ਰਣਜੀਤ ਦੇ ਬੈਗ ਵਿਚ ਪਾ ਦੇ...ਇਸ ਮੁੰਡੇ ਨੂੰ ਤਾਂ ਸਿਰਫ਼ ਮਿਲਟਰੀ ਦੇ ਕਾਇਦੇ ਕਾਨੂੰਨ ਸਮਝ ਆਉਂਦੇ ਹਨ, ਪਰਿਵਾਰ ਦੇ ਲਈ ਤਾਂ ਮਨ ਵਿਚ ਜਿਵੇਂ ਮੋਹ ਹੀ ਨਹੀਂ ਰਿਹਾ। " ਕਹਿੰਦੇ ਹੋਏ ਉਹਦੀ ਸੱਸ ਆਪਣੇ ਲਾਡਲੇ ਦੇ ਲਈ ਖਾਣ ਦੀਆਂ ਚੀਜ਼ਾਂ ਬਣਵਾਉਣ ਵਿਚ ਲੱਗੀ ਰਹੀ।



ਮੌਕਾ ਦੇਖ ਕੇ ਰਜਨੀ ਰੋਣੀ ਸੂਰਤ ਲੈ ਕੇ ਉਹਦੇ ਨਾਲ ਜਾਣ ਦੀ ਜ਼ਿੱਦ ਤੇ ਅੜੀ ਹੋਈ ਸੀ। ਰਣਜੀਤ ਉਹਨੂੰ ਸਮਝਾਉਂਦੇ—ਸਮਝਾਉਂਦੇ ਥੱਕ ਗਿਆ ਕਿ ਉਥੇ ਮਿਲਟਰੀ ਕੈਂਪਸ ਵਿੱਚ ਔਰਤਾਂ ਨੂੰ ਰਹਿਣ ਦੀ ਇਜਾਜ਼ਤ ਨਹੀਂ। ਮਿਲਟਰੀ ਵਾਲੇ ਸਖ਼ਤ ਤਰ੍ਹਾਂ ਦੀ ਜ਼ਿੰਦਗੀ ਬਤੀਤ ਕਰਦੇ ਹਨ। ਉਥੇ ਉਨ੍ਹਾਂ ਨੂੰ ਕਦੇ ਟਰੇਨਿੰਗ ਲੈਣੀ ਵੀ ਪੈਂਦੀ ਹੈ ਅਤੇ ਦੇਣੀ ਵੀ ਪੈਂਦੀ ਹੈ। ਤੂੰ ਉਥੇ ਕਿਵੇਂ ਰਹਿ ਸਕੇਗੀ ?"

ਫੇਰ ਵੀ ਰਜਨੀ ਅੜ ਗਈ ਅਤੇ ਨਾਲ ਜਾਣ ਦੀ ਜ਼ਿੱਦ ਕਰਨ ਲੱਗੀ। ਹੋਰ ਕੋਈ ਰਸਤਾ ਨਾ ਦਿਸਿਆ ਤਾਂ ਰਣਜੀਤ ਨੇ ਹਰ ਹਫ਼ਤੇ ਆਉਣ ਦਾ ਵਾਅਦਾ ਕਰਦੇ ਹੋਏ ਰਜਨੀ ਤੋਂ ਵਿਦਾਇਗੀ ਲਈ ਅਤੇ ਮਾਂ ਦੇ ਆਸ਼ੀਰਵਾਦ ਦੇ ਰੂਪ ਵਿਚ ਉਨਾਂ ਦੇ ਹੱਥ ਦੀਆਂ ਬਣੀਆਂ ਖਾਣ ਦੀਆਂ ਚੀਜ਼ਾਂ।

ਜ਼ਿੰਦਗੀ ਆਪਣੀ ਰਫ਼ਤਾਰ ਨਾਲ ਚਲਦੀ ਰਹੀ, ਰਣਜੀਤ ਹਫ਼ਤੇ ਬਾਅਦ ਆਉਂਦਾ ਤੇ ਇਕ ਦਿਨ ਰਹਿ ਕੇ ਮੁੜ ਜਾਂਦਾ। ਫੇਰ ਹੌਲ਼ੀ ਹੌਲ਼ੀ ਆਉਣ ਜਾਣ ਦੇ ਵਕਫ਼ੇ ਵਿੱਚ ਵਾਧਾ ਹੋਇਆ। ਕਦੇ ਉਹ ਮਹੀਨੇ ਵਿਚ ਦੋ ਵਾਰ ਤਾਂ ਕਦੇ ਦੋ ਮਹੀਨਿਆਂ ਵਿਚ ਇਕ ਵਾਰੀ ਆਉਣ ਲੱਗਿਆ। ਜਦੋਂ ਵੀ ਉਹ ਆਉਂਦਾ, ਮਾਂ ਉਹਨੂੰ ਸਮਝਾਉਂਦੀ "ਤੂੰ ਰਜਨੀ ਨੂੰ ਸਮਾਂ ਨੀਂ ਦਿੰਦਾ, ਆਉਨੈਂ ਤਾਂ ਇਕ ਦੋ ਦਿਨ ਰਹਿ ਕੇ ਮੁੜ ਜਾਨੈਂ ਤੇ ਫੇਰ ਵਾਅਦਾ ਕਰਕੇ ਚਲਾ ਜਾਨੈਂ। ਉਹਦਾ ਤੇਰੇ ਬਿਨਾਂ ਘਰ 'ਚ ਜੀਅ ਨਹੀਂ ਲਗਦਾ। ਲੱਗੂਗਾ ਵੀ ਕਿਵੇਂ ? ਪਰਿਵਾਰ ਵਿਚ ਵਾਧਾ ਹੋਵੇ ਤਾਂ ਜ਼ਿੰਦਗੀ ਵਿਚ ਰਸ ਆਵੇ... ਚਾਨਣ ਹੋਵੇ।" ਪਰ ਰਣਜੀਤ ਛੁੱਟੀਆਂ ਵਿਚ ਇਕ ਮਹੀਨੇ ਦੇ ਲਈ ਆਉਣ ਦਾ ਵਾਅਦਾ ਕਰਕੇ ਚਲਾ ਗਿਆ। ਇਸ ਤਰ੍ਹਾਂ ਕੁਝ ਵਧਦੀ ਹੋਈ ਨੀਰਸਤਾ ਵਿਚ ਰਜਨੀ ਦੇ ਕਦਮ ਡਗਮਗਾਉਣ ਲੱਗੇ। ਉਹ ਘਰ ਬੈਠੇ ਬੈਠੇ ਬੋਰ ਹੋ ਜਾਂਦੀ ਤਾਂ ਸੱਸ ਨੂੰ ਪਿਓ ਦੇ ਘਰ ਜਾਣ ਦਾ ਕਹਿ ਕੇ ਆਪਣੇ ਦੋਸਤਾਂ ਨੂੰ ਜਾ ਮਿਲਦੀ। ਸ਼ਾਮਾਂ ਕਲੱਬਾਂ ਵਿਚ ਬਿਤਾਉਂਦੀ। ਹੌਲ਼ੀ ਹੌਲ਼ੀ ਉਹ ਸ਼ਰਾਬ ਵੀ ਪੀਣ ਲੱਗੀ ਅਤੇ ਰਾਤ ਨੂੰ ਦੇਰ ਨਾਲ ਘਰ ਮੁੜਦੀ। ਇਸ ਤਰ੍ਹਾਂ ਦੋ ਸਾਲ ਹੋਰ ਲੰਘ ਗਏ। ਤੀਜੇ ਸਾਲ ਵੀ ਸੁੰਨੇ ਵਿਹੜੇ ਵਿਚ ਕੋਈ ਕਿਲਕਾਰੀ ਨਹੀਂ ਗੂੰਜੀ। ਮਾਂ ਵੀ ਪੋਤੇ ਪੋਤੀ ਦੇ ਇੰਤਜ਼ਾਰ ਵਿਚ ਮੁਰਝਾ ਜਿਹੀ ਗਈ। ਕਦੇ ਨੂੰਹ ਨੂੰ ਤਾਂ ਕਦੇ ਮੁੰਡੇ ਨੂੰ ਸਮਝਾਉਂਦੀ। ਰਜਨੀ ਸਾਥ ਚਾਹੁੰਦੀ ਸੀ, ਪਰ ਰਣਜੀਤ ਸਾਥ ਨਿਭਾ ਨਹੀਂ ਪਾਉਂਦਾ। ਉਹਦੀ ਸਖ਼ਤ ਨੌਕਰੀ ਉਹਨੂੰ ਇਜਾਜ਼ਤ ਨਹੀਂ ਦਿੰਦੀ!

"ਨੌਕਰੀ ਤੋਂ ਟਾਈਮ ਨਹੀਂ ਮਿਲਦਾ ਤਾਂ ਮੈਨੂੰ ਵੀ ਉਥੇ ਹੀ ਲੈ ਚੱਲੋ, ਹੁਣ ਮੈਂ ਤੁਹਾਡੇ ਬਿਨਾਂ ਏਥੇ ਇਕੱਲੀ ਨਹੀਂ ਰਹਾਂਗੀ।"

"ਅਜਿਹੇ ਵਿਚ ਮਾਂ ਦਾ ਕੀ ਹੋਵੇਗਾ, ਉਹ ਵੀ ਤਾਂ ਇਕੱਲੀ ਸਾਡੇ ਬਿਨਾਂ

ਨਹੀਂ ਰਹਿ ਸਕੇਗੀ.....” ਰਣਜੀਤ ਗੱਲ ਵਿਚ ਸਹੂਲਤਾਂ ਲੱਭਣ ਲੱਗਿਆ।

“ਮੈਂ ਤੁਹਾਡੇ ਬਗ਼ੈਰ ਹੁਣ ਏਥੇ ਇਕ ਦਿਨ ਵੀ ਨਹੀਂ ਰਹਾਂਗੀ, ਆਪਣੇ ਪਿਤਾ ਦੇ ਘਰ ਜਾ ਕੇ ਰਹਾਂਗੀ। ਤੁਸੀਂ ਤੈਅ ਕਰ ਲਵੋ ਕਿ ਤੁਹਾਨੂੰ ਨੌਕਰੀ ਪਿਆਰੀ ਹੈ ਜਾਂ ਮਾਂ ਜਾਂ ਮੈਂ...” ਆਪਣਾ ਆਖਰੀ ਫ਼ੈਸਲਾ ਸੁਣਾਉਂਦੇ ਹੋਏ ਰਜਨੀ ਨੇ ਆਪਣੇ ਕੁਝ ਕੱਪੜੇ ਅਤੇ ਜ਼ਰੂਰੀ ਸਾਮਾਨ ਬੰਨ੍ਹ ਕੇ ਜਾਣ ਦੀ ਤਿਆਰੀ ਕਰ ਲਈ। ਰਣਜੀਤ ਉਹਨੂੰ ਸਮਝਾ ਸਮਝਾ ਕੇ ਥੱਕ ਗਿਆ ਪਰ ਨਾਰੀ ਹੱਠ ਦੇ ਮੂਹਰੇ ਉਹਦੀ ਇਕ ਨਾ ਚੱਲੀ। ਆਖਿਰ ਦੋਵੇਂ ਆਪੋ ਆਪਣੇ ਚੁਣੇ ਹੋਏ ਰਸਤਿਆਂ ਵਲ ਚਲ ਪਏ ਅਤੇ ਪਿੱਛੇ ਰਹੀ ਗਈ ਇਕੱਲੀ ਮਾਂ ਅਤੇ ਘਰ ਦੀ ਸਾਂਭ ਸੰਭਾਲ ਕਰਨ ਵਾਲੀਆਂ ਦੋ ਪੁਰਾਣੀ ਨੌਕਰਾਣੀਆਂ। ਬਸ ਵਿਆਹ ਦੇ ਸਮੇਂ ਲਈਆਂ ਸਾਰੀਆਂ ਕਸਮਾਂ ਕਾਗਜ਼ੀ ਬਣ ਕੇ ਰਹਿ ਗਈਆਂ। ਸੱਤ ਸਾਲ ਲੰਘੇ ਸਨ ਪਰ ਵਿਹੜਾ ਸੁੰਨਾ ਹੀ ਰਿਹਾ। ਰਜਨੀ ਦੇ ਜਾਣ ਤੋਂ ਬਾਅਦ ਤਾਂ ਮਾਂ ਉਹ ਹੋਰ ਵੀ ਉਦਾਸ ਤੇ ਇਕੱਲੀ ਹੋ ਗਈ। ਬਸ ਉਮਰ ਦਾ ਪੈਂਡਾ ਤੈਅ ਕਰਦੇ ਹੋਏ, ਢਲਦੀ ਉਮਰ ਵਿਚ ਪੋਤੇ ਦਾ ਮੂੰਹ ਨਾ ਦੇਖਣ ਦਾ ਦੁੱਖ ਸੀਨ੍ਹੇ ਵਿਚ ਲੈ ਕੇ ਇਸ ਸੰਸਾਰ ਤੋਂ ਚਲੀ ਗਈ।

ਹੌਲ਼ੀ ਹੌਲ਼ੀ ਰਜਨੀ ਅਤੇ ਰਣਜੀਤ ਵੀ ਜਿਵੇਂ ਨਾਮ ਦੇ ਪਤੀ ਪਤਨੀ ਰਹਿ ਗਏ, ਉਹਨਾਂ ਦੇ ਰਾਹ ਵੀ ਅਲੱਗ ਹੋ ਗਏ। ਰਣਜੀਤ ਆਪਣੀ ਮਿਲਟਰੀ ਦੀ ਡਿਊਟੀ ਨਿਭਾਉਂਦੇ ਘਰ ਅਤੇ ਰਜਨੀ ਤੋਂ ਬੇਮੁਖ ਹੁੰਦਾ ਗਿਆ। ਰਜਨੀ ਵੀ ਉਹਦੀ ਬੇਰੁਖ਼ੀ ਦੇ ਜ਼ਹਿਰ ਦਾ ਜਾਮ ਪੀਂਦੀ ਰਹੀ। ਫੇਰ ਸਮੇਂ ਨੇ ਕਰਵਟ ਕੁਝ ਇਸ ਤਰ੍ਹਾਂ ਬਦਲੀ ਕਿ ਰਜਨੀ ਉਸ ਜ਼ਹਿਰ ਦੇ ਇਵਜ ਵਿਚ ਸ਼ਰਾਬ ਪੀਣ ਲੱਗੀ ਅਤੇ ਸਿਗਰਟ ਦੇ ਨਸ਼ੇ ਵਿਚ ਮਦਹੋਸ਼ ਰਹਿਣ ਲੱਗੀ। ਧਨ ਦੌਲਤ ਦੀ ਚਕਾਚੌਂਧ ਵਿਚ ਮੁਫ਼ਤ ਵਿਚ ਖਾਣ ਪੀਣ ਵਾਲਿਆਂ ਦੀ ਗਿਣਤੀ ਵਧਣ ਲਗੀ। ਜਿਥੇ ਮੁਫ਼ਤ ਵਿਚ ਪੀਣ ਲਈ ਸ਼ਰਾਬ ਦੀ ਮਸਤੀ ਮਿਲੇ, ਬਿਨਾਂ ਇੱਛਾ ਤੋਂ ਖਾਣ ਨੂੰ ਮਿਲੇ, ਜਿਥੇ ਹੁਸੀਨ ਮਹਿਫ਼ਲ ਵਿਚ ਰਜਨੀ ਵਰਗੀ ਹੁਸੀਨ ਸ਼ਮ੍ਹਾਂ ਹੋਵੇ, ਉਥੇ ਦੀਵਿਆਂ ’ਤੇ ਮੰਡਰਾਉਣ ਵਾਲੇ ਕੁਝ ਨਾਮ ਦੇ ਰਿਸ਼ਤੇਦਾਰ, ਕੁਝ ਦੋਸਤ ਅਤੇ ਉਨ੍ਹਾਂ ਪਤਨੀਆਂ ਰਜਨੀ ਦੇ ਅੱਗੇ ਪਿੱਛੇ ਘੁੰਮਦੀਆਂ ਉਹਦੇ ਗੁਣਗਾਣ ਕਰਨ ਅਤੇ ਵਾਹ ਵਾਹ ਵਿਚ ਮਸਤ ਰਹਿੰਦੀਆਂ।

ਅਜਿਹੀ ਹੀ ਇਕ ਰੰਗੀਨ ਮਹਿਫ਼ਲ ਵਿਚ ਤਾਂ ਆਨੰਦ ਉਹਨੂੰ ਪਹਿਲੀ ਵਾਰ ਮਿਲਿਆ। ਉਹਨੂੰ ਦੇਖਦੇ ਹੀ ਉਹਦੀ ਸੁੰਦਰਤਾ ਅਤੇ ਨਖ਼ਰੇ ਤੇ ਆਕਰਸ਼ਿਤ ਹੋ ਗਿਆ। ਕੋਈ ਖਿੱਚ ਸੀ ਜਿਹੜੇ ਉਹ ਇਕ ਦੂਜੇ ਦੇ ਵੱਲ ਆਕਰਸ਼ਿਤ ਹੋਏ ਬਿਨਾਂ ਨਾ ਰਹਿ ਸਕੇ। ਉਨ੍ਹਾਂ ਦਿਨਾਂ ਵਿਚ ਆਨੰਦ ਡਾਕਟਰੀ ਦੇ ਆਖਰੀ ਸਾਲ ਵਿਚ ਪੜ੍ਹ ਰਿਹਾ ਸੀ। ਦੂਰਅੰਦੇਸ਼ੀ ਅਤੇ ਸਿਆਣਪ ਉਹਦੀ ਸ਼ਖ਼ਸੀਅਤ ਦੀ



ਖ਼ਾਸੀਅਤ ਸੀ। ਉਹ ਜੋ ਕੁਝ ਕਰਦਾ ਸੋਚ ਸਮਝ ਕੇ ਕਰਦਾ। ਜਦੋਂ ਉਹਨੂੰ ਲੱਗਣ ਲੱਗਾ ਕਿ ਰਜਨੀ ਦਾ ਝੁਕਾਓ ਉਹਦੇ ਵੱਲ ਹੋਰ ਜ਼ਿਆਦਾ ਹੋ ਰਿਹਾ ਹੈ ਤਾਂ ਉਹ ਪਿੱਛੇ ਹਟ ਗਿਆ। ਰਜਨੀ ਦੀ ਵਿਆਹੁਤਾ ਜ਼ਿੰਦਗੀ ਦੇ ਬਾਰੇ ਉਹਨੇ ਜਿਹੜੀਆਂ ਅਫ਼ਵਾਹਾਂ ਸੁਣੀਆਂ, ਉਨ੍ਹਾਂ ਦੀ ਤਹਿ ਤਕ ਜਾਣ ਤੋਂ ਬਾਅਦ ਉਹਨੇ ਆਪਣਾ ਰਸਤਾ ਬਦਲ ਲਿਆ। ਉਹਦੇ ਮੂਹਰੇ ਆਪਣੀ ਜ਼ਿੰਦਗੀ ਦਾ ਮਕਸਦ ਸੀ। ਉਹ ਇਲਮ ਦਾ ਪੁਜਾਰੀ ਸੀ, ਦੌਲਤ ਦਾ ਨਹੀਂ। ਹੁਸਨ ਦਾ ਪੁਜਾਰੀ ਸੀ, ਪਰ ਦੀਵਾਨਾ ਨਹੀਂ! ਚੁਣਨ ਨੂੰ ਤਾਂ ਉਹਨੇ ਆਪਣਾ ਰਸਤਾ ਚੁਣਿਆ, ਪਰ ਰਜਨੀ ਦੀ ਯਾਦ ਨੂੰ ਉਹ ਕਦੇ ਆਪਣੇ ਦਿਲ ਤੋਂ ਨਹੀਂ ਕੱਢ ਸਕਿਆ ਸੀ ਅਤੇ ਅੱਜ ਰਜਨੀ ਉਹਦੇ ਮੂਹਰੇ ਨਿਢਾਲ, ਬੇਸਹਾਰਾ, ਇਕੱਲੀ ਮਰੀਜ਼ ਦੇ ਰੂਪ ਵਿਚ ਪਈ ਸੀ। ਭਾਵਨਾਵਾਂ ਦਾ ਤੂਫ਼ਾਨ ਅੰਦਰ ਉੱਠ ਰਿਹਾ ਸੀ ਅਤੇ ਬਾਹਰ ......।

o

“ਡਾਕਟਰ ਮਰੀਜ਼ ਦੀਆਂ ਰਿਪੋਰਟਾਂ ਆ ਗਈਆਂ ਨੇ.....।” ਕਹਿੰਦੇ ਹੋਏ ਨਰਸ ਨੇ ਲਿਆਂਦੀਆਂ ਰਿਪੋਰਟਾਂ ਉਹਦੇ ਹੱਥ ਵਿਚ ਫੜਾਈਆਂ। ਖਿਆਲਾਂ ਦੀ ਦੁਨੀਆਂ ਤੋਂ ਬਾਹਰ ਆਉਂਦੇ ਹੀ ਡਾਕਟਰ ਆਨੰਦ ਰਿਪੋਰਟਾਂ ਨੂੰ ਲੈ ਕੇ ਆਪਣੇ ਕਮਰੇ ਵਿਚ ਚਲਾ ਗਿਆ। ਕਾਹਲੀ ਨਾਲ ਸਲਾਈਡ ਤੇ ਐਕਸਰੇ ਰੱਖੇ ਅਤੇ ਧਿਆਨ ਨਾਲ ਦੇਖਣ ਲੱਗਾ। ਦੇਖਦੇ ਦੇਖਦੇ ਹੀ ਡੂੰਘੀ ਸੋਚ ਵਿਚ ਡੁੱਬ ਗਿਆ। ਜਿਹੜੀ ਨਖ਼ਰੈਲੋ ਆਪਣੀਆਂ ਨਜ਼ਰਾਂ ਦੇ ਤੀਰ ਚਲਾ ਕੇ ਮਹਿਫ਼ਲਾਂ ਵਿਚ ਮਰਦਾਂ ਨੂੰ ਫੱਟੜ ਕਰਿਆ ਕਰਦੀ ਸੀ, ਅੱਜ ਉਹ ਸਿਰਫ਼ ਇਕੱਲੀ ਕੁਝ ਬੇਸੁਧ ਜਿਹੀ, ਫੱਟੜ, ਥੱਕੀ ਹਾਰੀ ਜਿਹੀ ਹਸਪਤਾਲ ਦੇ ਬੈੱਡ ਤੇ ਪਈ ਹੈ। ਕੋਈ ਆਪਣਾ ਉਹਨੂੰ ਮਿਲਣ ਨਹੀਂ ਆਇਆ ਅਤੇ ਨਾ ਹੀ ਉਨ੍ਹਾਂ ਆਪਣਿਆਂ ਦੇ ਹਜੂਮ ਵਿਚੋਂ ਕੋਈ ਉਹਨੂੰ ਦੇਖਣ ਆਇਆ। ਇਹ ਉਹੀ ਆਪਣੇ ਸਨ ਜਿਹੜੇ ਹਮੇਸ਼ਾ ਉਹਦੇ ਸੁੱਖ ਦੇ ਸਾਥੀ ਬਣ ਕੇ ਉਹਦੇ ਅੱਗੇ ਪਿੱਛੇ ਘੁੰਮਦੇ ਰਹਿੰਦੇ ਸਨ।

ਰਿਪੋਰਟ ਵਿਚ ਇਹ ਆਇਆ ਸੀ ਕਿ ਉਹਦੇ ਦੋਵੇਂ ਗੁਰਦੇ ਬਿਲਕੁੱਲ ਨਕਾਰਾ ਹੋ ਚੁੱਕੇ ਸਨ। ਤੁਰੰਤ ਹੀ ਡਾਇਲਾਸਿਸ ਦਾ ਇੰਤਜ਼ਾਮ ਕਰਾਉਣ ਦਾ ਹੁਕਮ ਦਿੰਦੇ ਹੋਏ ਡਾ. ਆਨੰਦ ਕਮਰੇ ਵਿਚ ਗਏ। ਉਹ ਚਿੰਤਾਗ੍ਰਸਤ ਤਾਂ ਹੋਏ, ਪਰ ਇਕ ਡਾਕਟਰ ਹੋਣ ਦੀ ਹੈਸੀਅਤ ਵਿਚ ਉਨ੍ਹਾਂ ਨੇ ਸਮੱਸਿਆ ਦਾ ਹੱਲ ਲੱਭਣ, ਇਲਾਜ ਕਰਨ ਦੀ ਪਹਿਲ ਕਰਨੀ ਸੀ। ਰਜਨੀ ਨੂੰ ਟ੍ਰਾਂਸਪਲਾਂਟ ਦੀ ਜ਼ਰੂਰਤ ਸੀ, ਗੁਰਦੇ ਦੀ ਜ਼ਰੂਰਤ, ਆਪ੍ਰੇਸ਼ਨ ਦੇ ਲਈ ਕਿਸੇ ਆਪਣੇ ਦੀ ਮਨਜ਼ੂਰੀ ਦਾ ਅੰਦਾਜ਼ਾ ਸੀ ਉਨ੍ਹਾਂ ਨੂੰ ....। ਸਮੇਂ ਦੇ ਰਹਿੰਦਿਆਂ ਇਹ ਕੰਮ ਪੂਰਾ

ਕਰਨਾ ਸੀ, ਛੇ ਮਹੀਨਿਆਂ ਦੇ ਅੰਦਰ ਰਜਨੀ ਦੇ ਲਈ ਇਕ ਗੁਰਦੇ ਦਾ ਟ੍ਰਾਂਸਪਲਾਂਟ ਬੇਹੱਦ ਜ਼ਰੂਰੀ ਸੀ, ਜਿਹੜਾ ਕਿਸੇ ਵੀ ਸੂਰਤ ਵਿਚ ਟਾਲਿਆ ਨਹੀਂ ਜਾ ਸਕਦਾ ਸੀ।

ਇੱਧਰ ਜਦੋਂ ਰਜਨੀ ਨੂੰ ਹੋਸ਼ ਆਇਆ ਤਾਂ ਉਹ ਡੂੰਘੀ ਸੋਚ ਵਿਚ ਗਵਾਚ ਗਈ। ਅੱਜ ਉਹ ਹਸਪਤਾਲ ਵਿਚ ਇਕੱਲੀ ਪਈ ਹੈ ਅਤੇ ਉਹਦੇ ਚਾਹੁਣ ਵਾਲੇ, ਆਪਣੀ ਕਹਾਉਣ ਵਾਲੀ ਭੀੜ ਵਿਚੋਂ ਕੋਈ ਇੱਕ ਵੀ ਉਹਨੂੰ ਲੱਭਦਾ ਹੋਇਆ ਉਥੇ ਨਹੀਂ ਆਇਆ ਕਿ 'ਰਜਨੀ ਤੂੰ ਕਿਵੇਂ ਹੈਂ ?' ਸੱਚਾਈ ਸਾਹਮਣੇ ਸੀ – ਸਾਰੇ ਸੁੱਖ ਦੇ ਸਾਥੀ ਉਹਦੇ ਪੈਸਿਆਂ ਦੀ ਪਿੱਛੇ ਸਨ, ਨਿਰ੍ਹੇ ਕੌਲੀ ਚੱਟ.. ਹਮਦਰਦ ਇਕ ਵੀ ਨਹੀਂ। ਜੇਕਰ ਹੁੰਦਾ ਤਾਂ ...........!

o

"ਰਜਨੀ ਕਿਵੇਂ ਹੈਂ ?" ਆਵਾਜ਼ ਵਿਚ ਅਪਣੱਤ ਦੀ ਮਿਠਾਸ ਸੀ। ਦਰਦ ਨੂੰ ਰਾਹਤ ਦੇਣ ਦੀ ਕੋਸ਼ਿਸ਼ ਸੀ। ਆਵਾਜ਼ ਦੂਰ ਤੋਂ ਆਉਂਦੀ ਹੋਈ, ਪਰ ਕਿਸੇ ਆਪਣੇ ਦੀ ਸੀ। ਬੰਦ ਅੱਖਾਂ ਖੋਲ੍ਹ ਕੇ ਰਜਨੀ ਨੇ ਆਪਣੇ ਸਾਹਮਣੇ ਫੁੱਲਾਂ ਦਾ ਗੁਲਦਸਤਾ ਲਈ ਰਣਜੀਤ ਨੂੰ ਖੜ੍ਹਿਆ ਦੇਖਿਆ। ਉਹਦੇ ਚਿਹਰੇ ਤੇ ਇਕ ਥਕਾਨ ਭਰੀ ਹਾਸੀ ਸੀ। ਲੱਗਿਆ ਵਿਛੋੜੇ ਦੇ ਗ਼ਮ ਨੇ ਉਹਨੂੰ ਸਮੇਂ ਤੋਂ ਪਹਿਲਾਂ ਹੀ ਬਦਲ ਦਿੱਤਾ ਸੀ। ਜਦੋਂ ਉਹ ਛੁੱਟੀਆਂ ਵਿਚ ਘਰ ਆਉਂਦਾ ਉਹਨੂੰ ਆਪਣੀ ਪਤਨੀ ਅਤੇ ਬਿਨਾਂ ਮਾਂ ਦੇ ਆਪਣਾ ਘਰ ਆਪਣਾ ਨਹੀਂ ਲਗਦਾ। ਅਜਿਹਾ ਵੀ ਉਹਨੂੰ ਮਹਿਸੂਸ ਹੋਣ ਲੱਗਿਆ ਕਿ ਰਜਨੀ ਨੂੰ ਉਹਦੇ ਆਉਣ ਅਤੇ ਜਾਣ ਨਾਲ ਕੋਈ ਫ਼ਰਕ ਨਹੀਂ ਪੈਂਦਾ। ਪਹਿਲਾਂ ਉਹ ਤਿੰਨ ਤਿੰਨ ਮਹੀਨਿਆਂ ਮਗਰੋਂ ਆਇਆ ਕਰਦਾ ਸੀ, ਫੇਰ ਛੇ ਮਹੀਨਿਆਂ ਅਤੇ ਫੇਰ ਸਾਲ ਸਾਲ ਮਗਰੋਂ। ਸਾਲ ਏਵੇਂ ਹੀ ਲੰਘਦੇ ਗਏ, ਰਿਸ਼ਤਿਆਂ ਦੇ ਸ਼ੀਸ਼ੇ 'ਤੇ ਵਿਛੋੜੇ ਦੀ ਧੂੜ ਜੰਮਣ ਲੱਗੀ। ਰਜਨੀ ਆਪਣੇ ਚਾਹੁਣ ਵਾਲਿਆਂ ਦੇ ਹਜੂਮ ਵਿਚ ਰੁੱਝੀ ਰਹਿੰਦੀ ਅਤੇ ਰਣਜੀਤ ਆਪਣੇ ਮਨ ਵਿਚ ਦਰਦ ਦਾ ਧੂੰਆਂ ਲੈ ਕੇ ਜ਼ਿੰਦਗੀ ਤੋਂ ਦੂਰ ਹੁੰਦਾ ਗਿਆ। ਉਹਨੂੰ ਗ੍ਰੇਡ ਵਿਚ ਪ੍ਰਮੋਸ਼ਨ ਮਿਲਿਆ, ਅਖ਼ਬਾਰ ਦੀਆਂ ਸੁਰਖੀਆਂ ਵਿਚ ਖ਼ਬਰ ਪੜ੍ਹ ਕੇ ਰਜਨੀ ਨੇ ਰਣਜੀਤ ਨੂੰ ਵਧਾਈ ਦੀ ਤਾਰ ਭੇਜ ਦਿੱਤੀ । ਇਕ ਰਸਮ ਪੂਰੀ ਹੋ ਗਈ ... ਬਸ! ਰਜਨੀ ਦਾ ਉਹਦੇ ਨਾਲ ਸ਼ਾਇਦ ਏਨਾ ਹੀ ਨਾਤਾ ਰਹਿ ਗਿਆ ਸੀ ...... ਕਾਗਜ਼ੀ। ਦੇਖਦੇ ਹੋਏ, ਮਹਿਸੂਸ ਕਰਦੇ ਹੋਏ ਰਣਜੀਤ ਨੇ ਖ਼ੁਦ ਨੂੰ ਆਪਣੇ ਕੰਮ ਵਿਚ ਰੁਝਾਈ ਰੱਖਦੇ ਹੋਏ ਘਰ ਤੋਂ ਲਗਭਗ ਨਾਤਾ ਹੀ ਤੋੜ ਦਿੱਤਾ ਸੀ.....। ਘਰ ਵੀ ਕਿਹੋ ਜਿਹਾ ? ਜਿਥੇ ਨਾ ਮਾਂ ਰਹੀ, ਨਾ ਪਤਨੀ, ਨਾ ਬੱਚੇ... ਸਿਰਫ਼ ਇੱਟਾਂ ਗਾਰਿਆਂ ਦੀਆਂ ਕੰਧਾਂ ਸਨ ਜਿਹੜੀਆਂ ਉਹਦੇ ਲਈ ਬੇਮਾਇਨਾ ਹੋ ਗਈਆਂ।



ਅਤੇ ਅੱਜ ਡਾਕਟਰ ਆਨੰਦ ਦਾ ਤਾਰ ਮਿਲਦੇ ਹੀ ਉਹ ਆਪਣੇ ਆਪ ਨੂੰ ਰੋਕ ਨਾ ਸਕਿਆ, ਬਸ ਆ ਗਿਆ। ਰਜਨੀ ਦੇ ਮੂਹਰੇ ਖੜ੍ਹਾ ਹੋ ਕੇ ਉਹਨੂੰ ਬੁਲਾ ਰਿਹਾ ਹੈ ... ਆਪਣੀ ਜ਼ਿੰਦਗੀ ਨੂੰ ਆਵਾਜ਼ ਦੇ ਰਿਹਾ ਹੈ।

ਰਜਨੀ ਦੀਆਂ ਅੱਖਾਂ ਜਦੋਂ ਉਠੀਆਂ ਤਾਂ ਹੰਝੂਆਂ ਨਾਲ ਤਰ ਸਨ ਅਤੇ ਫੁੱਲਾਂ ਵਰਗਾ ਚਿਹਰਾ ਉਹਨਾਂ ਨਾਲ ਨਹਾਤਾ ਗਿਆ ਸੀ। ਰਣਜੀਤ ਨੇ ਅੱਗੇ ਵਧ ਕੇ ਆਪਣੇ ਹੱਥਾਂ ਨਾਲ ਉਹਦੀਆਂ ਕੋਮਲ ਗੱਲ੍ਹਾਂ ਤੋਂ ਉਹ ਮੋਤੀਆਂ ਵਰਗੀਆਂ ਬੂੰਦਾਂ ਸਮੇਟ ਲਈਆਂ। ਪਿਆਰ ਭਰੀ ਛੋਹ ਪਾ ਕੇ ਰਜਨੀ ਜਿਵੇਂ ਆਪਣਾ ਸਾਰਾ ਦੁੱਖ ਭੁੱਲ ਗਈ। ਮਤਲਬੀ ਬੇਗਾਨਿਆਂ ਦੀ ਭੀੜ ਤੋਂ, ਆਪਣਾ ਇੱਕ, ਜਿਹੜਾ ਬਿਨਾਂ ਕਿਸੇ ਸਵਾਰਥ ਦੇ ਰਿਸ਼ਤਿਆਂ ਦੀ ਮਰਿਆਦਾ ਨੂੰ ਨਿਭਾਉਣ ਲਈ ਸਮੇਂ ਤੋਂ ਪਹਿਲਾਂ ਉਹਦੇ ਕੋਲ ਹੈ, ਉਹਦੇ ਨਾਲ ਹੈ ਉਹਦਾ ਪਤੀ ਰਣਜੀਤ। ਉਹਨੂੰ ਦੇਖ ਕੇ ਰਜਨੀ ਦੇ ਚਿਹਰੇ ਤੇ ਇਕ ਤਾਜ਼ਗੀ ਛਾ ਗਈ। ਉਹਨੇ ਰਣਜੀਤ ਦਾ ਹੱਥ ਆਪਣੇ ਹੱਥਾਂ ਵਿਚ ਲੈ ਕੇ ਚੁੰਮਿਆ ਅਤੇ ਆਪਣੀਆਂ ਅੱਖਾਂ ਤੇ ਰੱਖ ਦਿੱਤਾ! ਬੀਤੇ ਦਿਨਾਂ ਦੇ ਗ਼ਿਲੇ ਸ਼ਿਕਵੇ, ਸਾਰੇ ਪਿਆਰ ਦੇ ਸੇਕ ਨਾਲ ਪਿਘਲ ਗਏ।

"ਚੰਗਾ ਹੋਇਆ ਡਾਕਟਰ ਆਨੰਦ ਨੇ ਤਾਰ ਭੇਜ ਕੇ ਤੇਰੀ ਤਬੀਅਤ ਦੇ ਬਾਰੇ ਵਿਸਥਾਰ ਵਿਚ ਸਭ ਕੁਝ ਦੱਸਿਆ ਅਤੇ ਇੱਥੇ ਆਉਣ ਲਈ ਕਿਹਾ। ਬਸ ਫੇਰ ਮੇਰੇ ਤੋਂ ਰਿਹਾ ਨਾ ਗਿਆ ....! ਹੁਣ ਕਿਵੇਂ ਲੱਗ ਰਿਹਾ ਹੈ, ਰਜਨੀ ?" ਰਣਜੀਤ ਨੇ ਪਿਆਰ ਨਾਲ ਉਹ ਦੀਆਂ ਗੱਲ੍ਹਾਂ ਤੇ ਹੱਥ ਫੇਰਦੇ ਹੋਏ ਕਿਹਾ।

"ਕੁਝ ਦੱਸੋਗੇ ਵੀ ਕਿ ਆਖਿਰ ਮੈਨੂੰ ਹੋਇਆ ਕੀ ਹੈ ? ਕੀ ਕੋਈ ਵੱਡੀ ਬਿਮਾਰੀ ਐ.... ?'' ਹੁਣ ਰਜਨੀ ਨੇ ਆਪਣੀ ਉਤਸੁਕਤਾ ਜਤਾਈ। ਉਹ ਜਾਣਨਾ ਚਾਹੁੰਦੀ ਸੀ ਕਿ ਉਹਨੂੰ ਅਜਿਹਾ ਕੀ ਹੋਇਆ ਹੈ, ਜਿਹੜਾ ਡਾਕਟਰ ਆਨੰਦ ਦੇ ਕਹਿਣ ਨਾਲ ਉਹ ਆਪਣੇ ਕੰਮ ਤੋਂ ਛੁੱਟੀ ਲੈ ਕੇ ਤੁਰੰਤ ਇੱਥੇ ਆ ਪਹੁੰਚਿਆ ਹੈ।

"ਕੋਈ ਚਿੰਤਾ ਜਾਂ ਘਬਰਾਉਣ ਦੀ ਗੱਲ ਨਹੀਂ, ਬਸ ਜਿਹੜਾ ਜ਼ਰੂਰੀ ਹੈ ਉਹੀ ਇਲਾਜ ਹੋਵੇਗਾ ਅਤੇ ਫੇਰ ਤੂੰ ਪਹਿਲਾਂ ਵਾਂਗੂੰ ਠੀਕ ਹੋ ਜਾਵੇਂਗੀ" ਰਣਜੀਤ ਨੇ ਉਹਨੂੰ ਦਿਲਾਸਾ ਦਿੰਦੇ ਹੋਏ ਕਿਹਾ।

"ਕੁੱਝ ਦੱਸੋਗੇ ਵੀ ਕਿ...ਆਖਿਰ ਮੈਨੂੰ ਹੋਇਆ ਕੀ ਹੈ ?"

"ਰਜਨੀ.... ਤੂੰ...." ਰਣਜੀਤ ਕੁਝ ਕਹੇ ਉਸ ਤੋਂ ਪਹਿਲਾਂ ਹੀ ਡਾ. ਆਨੰਦ ਨੇ ਕਮਰੇ ਵਿਚ ਪੈਰ ਰੱਖਿਆ।

"ਬਈ, ਰਣਜੀਤ ਤੂੰ ਰਜਨੀ ਨੂੰ ਦੱਸਿਆ ਨੀ ਕਿ ਉਹਨੂੰ ਕੀ ਹੋਇਆ ਹੈ... ਅਤੇ ਉਹਦੇ ਲਈ ਕੀ ਸਾਵਧਾਨੀ ਵਰਤਣੀ ਹੈ ....?" ਡਾ. ਆਨੰਦ ਨੇ

ਮਰੀਜ਼ ਨੂੰ ਮਰਜ਼ ਤੋਂ ਸਾਵਧਾਨ ਕਰਨ ਦੇ ਇਰਾਦੇ ਨਾਲ ਕਿਹਾ।

"ਨਹੀਂ ਅਜੇ ਤੱਕ ਨਹੀਂ...! ਤੁਸੀਂ ਹੀ ....!" ਕਹਿ ਕੇ ਰਣਜੀਤ ਕੁੱਝ ਸੰਜੀਦਾ ਹੋ ਗਿਆ।

"ਰਜਨੀ ਕੱਲ੍ਹ ਤੇਰੇ ਇਲਾਜ ਦੀ ਸ਼ੁਰੂਆਤ ਦਾ ਪਹਿਲਾ ਦਿਨ ਹੈ, ਅਤੇ ਕੁਝ ਘੰਟੇ ਇਥੇ ਆਰਾਮ ਤੋਂ ਬਾਅਦ ਮੈਂ ਤੈਨੂੰ ਘਰ ਜਾਣ ਦੀ ਇਜਾਜ਼ਤ ਦੇ ਦੇਵਾਂਗਾ....! ਕਿਉਂ ਠੀਕ ਹੈ ਨਾ ?"

"ਹਾਂ ਠੀਕ ਹੈ, ਪਰ ਮੈਨੂੰ....!" ਉਹ ਡਾਕਟਰ ਆਨੰਦ ਦੇ ਵੱਲ ਅਤੇ ਫੇਰ ਰਣਜੀਤ ਦੇ ਵੱਲ ਵਾਰੋ-ਵਾਰੀ ਸਵਾਲੀਆ ਨਜ਼ਰਾਂ ਨਾਲ ਦੇਖਣ ਲੱਗੀ।

"ਰਜਨੀ ਡਾਕਟਰ ਸਾਨੂੰ ਘਰ ਜਾਣ ਦੀ ਆਗਿਆ ਦੇਣਗੇ ਤਾਂ ਅਸੀਂ.... ਘਰ!" ਘਰ.... ਰਜਨੀ ਜਿਵੇਂ ਘਰ ਦੀ ਪਰਿਭਾਸ਼ਾ ਹੀ ਭੁੱਲ ਚੁੱਕੀ ਸੀ। ਹੁਣ ਤਾਂ ਆਨੰਦ ਅਤੇ ਰਣਜੀਤ ਦੇ ਮੂੰਹੋਂ ਘਰ ਜਾਣ ਦੀ ਗੱਲ ਸੁਣ ਕੇ ਹੈਰਾਨ ਵੀ ਹੋਈ ਅਤੇ ਖ਼ੁਸ਼ ਵੀ...!

"ਹਾਂ ਘਰ! ਪਰ ਇਕ ਸ਼ਰਤ 'ਤੇ, ਕਿ ਤੂੰ ਹੁਣ ਸਵਾਲ ਨਹੀਂ ਕਰੇਂਗੀ ਬਸ ਚੁੱਪਚਾਪ ਓਹੀ ਕਰੇਂਗੀ ਜਿਹੜਾ ਤੈਨੂੰ ਕਿਹਾ ਜਾਵੇਗਾ।" ਡਾ. ਆਨੰਦ ਨੇ ਗੱਲ ਬਣਾਉਣ ਦੀ ਕੋਸ਼ਿਸ਼ ਕੀਤੀ।

"ਹਾਂ ਇਹੀ ਠੀਕ ਹੈ ਰਜਨੀ, ਹੁਣ ਤੇਰੀ ਕੋਈ ਵੀ ਮਨਮਾਨੀ ਨਹੀਂ ਚੱਲੇਗੀ...ਜਿਹੜਾ ਕਿਹਾ ਜਾਵੇ ਓਹੀ ਕਰੋ ਗੁੱਡ ਗਰਲ।" ਰਣਜੀਤ ਨੇ ਪਿਆਰ ਨਾਲ ਉਹਦੇ ਵੱਲ ਦੇਖਦੇ ਹੋਏ ਕਿਹਾ।

ਅਤੇ ਫੇਰ ਡਾਕਟਰ ਵੱਲ ਦੇਖਦੇ ਹੋਏ ਕਿਹਾ, "ਡਾਕਟਰ ਇਹ ਘਰ ਜਾਣ ਦੀ ਬਹੁਤ ਚੰਗੀ ਖ਼ਬਰ ਸੁਣਾਈ। ਮੈਂ ਹੁਣੇ ਹੁਣੇ ਆਪਣੇ ਹੈਡ ਕੁਆਟਰ ਫੋਨ ਕਰਕੇ ਦੋ ਮਹੀਨਿਆਂ ਦੀ ਛੁੱਟੀ ਮਨਜ਼ੂਰ ਕਰਵਾ ਲਈ ਹੈ। ਮੈਂ ਵੀ ਘਰ ਵਿਚ ਰਹਿ ਕੇ ਰਜਨੀ ਦੇ ਨਾਲ ਕੁਝ ਆਰਾਮ ਕਰਨਾ ਚਾਹੁੰਦਾ ਹਾਂ। ਉਹਦੇ ਨਾਲ ਬਿਮਾਰ ਪੈਣਾ ਚਾਹੁੰਦਾ ਹਾਂ। ਉਹਦੇ ਨਾਲ ਇਲਾਜ ਕਰਾਉਣਾ ਚਾਹੁੰਦਾ ਹਾਂ। ਜਿਹੜਾ ਕੁਝ ਉਹ ਕਰਦੀ ਹੈ, ਉਹੀ ਕੁਝ ਕਰਨਾ ਚਾਹੁੰਦਾ ਹਾਂ ...! ਬਹੁਤ ਸਮਾਂ ਹੋ ਗਿਆ ਹੈ ਕਦੇ ਅਜਿਹਾ ਸਾਥ ਨਹੀਂ ਮਿਲਿਆ ਹੈ।" ਕਹਿੰਦੇ ਹੋਏ ਰਣਜੀਤ ਬੱਚਿਆਂ ਵਾਂਗੂੰ ਖਿੜ-ਖਿੜ ਕਰਕੇ ਹੱਸਣ ਲੱਗ ਪਿਆ।

"ਇਹ ਤਾਂ ਬਹੁਤ ਚੰਗੀ ਖਬਰ ਹੈ, ਮੈਂ ਤੇਰੇ ਨਾਲ ਇਸ ਸਿਲਸਿਲੇ ਵਿਚ ਕੁਝ ਜ਼ਰੂਰੀ ਗੱਲਾਂ ਕਰਨੀਆਂ ਨੇ..... ਜਦੋਂ ਤੂੰ ਬਾਹਰ ਜਾਵੇਂਗਾ ਤਾਂ ਗੱਲ ਕਰਾਂਗਾ ਹੁਣ ਰਜਨੀ ਨੂੰ ਆਰਾਮ ਕਰ ਦੇ ! ਤੂੰ ਮੇਰੇ ਨਾਲ ਆ।" ਕਹਿੰਦੇ ਹੋਏ ਡਾਕਟਰ ਕਮਰੇ ਤੋਂ ਬਾਹਰ ਹੋ ਗਿਆ, ਉਸ ਦੇ ਪਿੱਛੇ ਰਣਜੀਤ ਨਾਲ ਹੀ ਤੁਰ ਪਿਆ।



ਡਾਕਟਰ ਆਨੰਦ ਨੇ ਤਕਨੀਕ ਦੀ ਰੌਸ਼ਨੀ ਵਿਚ ਰਣਜੀਤ ਨੂੰ ਸਮਝਾਉਂਦੇ ਹੋਏ ਦੱਸਿਆ ਸੀ ਕਿ ਇਕ ਗੁਰਦੇ ਤੇ ਵੀ ਇਨਸਾਨ ਚੰਗੀ ਸਿਹਤਮੰਦ ਜ਼ਿੰਦਗੀ ਜੀਅ ਸਕਦਾ ਹੈ....। ਫ਼ੈਸਲਾ ਉਹਨੇ ਕਰਨਾ ਸੀ। ਬਸ ਫੇਰ ਕੀ ਸੀ, ਰਣਜੀਤ ਨੇ ਤੈਅ ਕਰ ਲਿਆ।

ਦੂਜੇ ਦਿਨ ਰਣਜੀਤ ਨੇ ਆਪਣੇ ਖ਼ੂਨ ਦੀ ਜਾਂਚ ਕਰਵਾਉਣ ਦੀਆਂ ਸਾਰੀਆਂ ਰਸਮਾਂ ਪੂਰੀਆਂ ਕੀਤੀਆਂ। ਰਣਜੀਤ ਦੀ ਜ਼ਿੱਦ ਸੀ ਕਿ ਜੇਕਰ ਉਹਦਾ ਸਭ ਕੁਝ ਰਜਨੀ ਨਾਲ ਮੈਚ ਹੋ ਜਾਂਦਾ ਹੈ ਤਾਂ ਉਹ ਆਪਣਾ ਗੁਰਦਾ ਉਹਨੂੰ ਦੇਣ ਲਈ ਪਹਿਲ ਕਰੇਗਾ ਅਤੇ ਪਰਮਾਤਮਾ ਨੂੰ ਸ਼ਾਇਦ ਇਹੀ ਮਨਜ਼ੂਰ ਸੀ।

ਦੋ ਦਿਨਾਂ ਮਗਰੋਂ ਰਜਨੀ ਅਤੇ ਰਣਜੀਤ ਦੋਵਾਂ ਦਾ ਆਪਰੇਸ਼ਨ ਹੋਣਾ ਸੀ। ਪਹਿਲਾਂ ਰਣਜੀਤ ਦਾ ਫੇਰ ਰਜਨੀ ਦਾ। ਇਕ ਦਾ ਗੁਰਦਾ ਕੱਢ ਕੇ ਦੂਜੇ ਦੇ ਸਰੀਰ ਵਿਚ ਸਥਾਪਿਤ ਕਰਨ ਦੀ ਪੂਰੀ ਤਿਆਰੀ ਹੋ ਗਈ। ਰਜਨੀ ਨੂੰ ਇਹ ਗੱਲ ਦੱਸ ਦਿੱਤੀ ਗਈ। ਉਹਨੇ ਨਾਂਹ ਨੁੱਕਰ ਕੀਤੀ ਪਰ ਰਣਜੀਤ ਨੇ ਉਹਦੀ ਇਕ ਨਾ ਚੱਲਣ ਦਿੱਤੀ। "ਰਜਨੀ ਤੂੰ ਬਹੁਤ ਮਨਮਾਨੀ ਕਰ ਲਈ, ਹੁਣ ਮੈਂ ਤੈਅ ਕਰਾਂਗਾ, ਕੀ ਕਰਨਾ ਹੈ ਕਿਵੇਂ ਕਰਨਾ ਹੈ। ਹੁਣ ਤੂੰ ਇਕੱਲੀ ਨਹੀਂ, ਮੈਂ ਵੀ ਤੇਰੇ ਨਾਲ ਹਾਂ। ਤੂੰ ਠੀਕ ਹੋ ਜਾ, ਫੇਰ ਅਸੀਂ ਘਰ ਜਾ ਕੇ ਇਕੱਠੇ ਜ਼ਿੰਦਗੀ ਜੀਵਾਂਗੇ।"

"ਹਾਂ ਘਰ ਚੱਲਾਂਗੇ... ਜ਼ਰੂਰ ਚੱਲਾਂਗੇ... ਮੈਂ ਵੀ ਹੁਣ ਘਰ ਜਾਣਾ ਚਾਹੁੰਦੀ ਹਾਂ।" ਥਿੜਕੇ ਸ਼ਬਦਾਂ ਵਿਚ ਰਜਨੀ ਨੇ ਆਪਣੀਆਂ ਮਨੋਭਾਵਨਾਵਾਂ ਦਾ ਪ੍ਰਗਟਾਵਾਂ ਕੀਤਾ।

ਚਾਰ ਦਿਨਾਂ ਮਗਰੋਂ ਡਾ. ਆਨੰਦ ਦੀ ਨਿਗਰਾਨੀ ਵਿਚ ਦੋਵਾਂ ਨੂੰ ਆਪ੍ਰੇਸ਼ਨ ਥੀਏਟਰ ਵਿਚ ਲਿਜਾਇਆ ਗਿਆ। ਰਣਜੀਤ ਦਾ ਗੁਰਦਾ ਕੱਢ ਕੇ ਰਜਨੀ ਦੇ ਸਰੀਰ ਵਿਚ ਪਾਇਆ ਗਿਆ। ਚਾਰ ਪੰਜ ਘੰਟੇ ਵਿਚ ਆਪ੍ਰੇਸ਼ਨ ਸਫਲਤਾਪੂਰਵਕ ਪੂਰਾ ਹੋਇਆ। ਦੋ ਦਿਨ ਹਸਪਤਾਲ ਵਿਚ ਚੈੱਕਅਪ ਹੁੰਦਾ ਰਿਹਾ, ਜਦੋਂ ਸਾਰਾ ਕੁਝ ਨਾਰਮਲ ਜਿਹਾ ਲੱਗਣ ਲੱਗਿਆ ਉਦੋਂ ਡਾ. ਆਨੰਦ ਨੇ ਉਨ੍ਹਾਂ ਦੋਵਾਂ ਨੂੰ ਡਿਸਚਾਰਜ ਕਰਨ ਦਾ ਫ਼ੈਸਲਾ ਕੀਤਾ। ਡਿਸਚਾਰਜ ਦੇ ਕਾਗਜ਼ ਰਣਜੀਤ ਦੇ ਹੱਥਾਂ ਵਿਚ ਦਿੰਦੇ ਹੋਏ ਡਾ. ਆਨੰਦ ਨੇ ਉਹਨੂੰ ਕਈ ਗੱਲਾਂ ਦੀਆਂ ਹਿਦਾਇਤਾਂ ਲਿਖਤੀ ਰੂਪ ਵਿਚ ਦਿੱਤੀਆਂ, ਜਿਹਦੇ ਵਿਚ ਖਾਣ ਪੀਣ ਦੇ ਸਖ਼ਤ ਪ੍ਰਹੇਜ਼ ਦੀ ਤਾਕੀਦ ਕੀਤੀ ਸੀ।

ਜਦੋਂ ਦੋਵੇਂ ਹਸਪਤਾਲ ਤੋਂ ਘਰ ਜਾਣ ਲਈ ਕਾਰ ਵਿਚ ਬੈਠੇ ਤਾਂ ਡਾ. ਆਨੰਦ ਹੱਥਾਂ ਵਿਚ ਇੱਕ ਸੁੰਦਰ ਫੁੱਲਾਂ ਦਾ ਗੁਲਦਸਤਾ ਲੈ ਕੇ ਉਨ੍ਹਾਂ ਦੇ

ਸਾਹਮਣੇ ਆਏ। ਫੁੱਲ ਰਜਨੀ ਨੂੰ ਦਿੰਦੇ ਹੋਏ ਉਹਦੇ ਨਵੇਂ ਜੀਵਨ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਰਣਜੀਤ ਦੇ ਮੋਢੇ 'ਤੇ ਹਲਕਾ ਜਿਹਾ ਥਪਥਪਾਉਂਦੇ ਹੋਏ ਉਹਦੇ ਫ਼ੈਸਲੇ ਦੀ ਦਾਦ ਦਿੱਤੀ ਅਤੇ ਵਿਸ਼ੇਸ਼ ਵਧਾਈ ਦਿੰਦੇ ਹੋਏ ਕਿਹਾ, "ਰਣਜੀਤ ਤੂੰ ਇਕ ਢੇਰੀ ਹੁੰਦੇ ਆਸ਼ਿਆਨੇ ਨੂੰ ਫੇਰ ਤੋਂ ਨਵੇਂ ਤੇ ਮਜ਼ਬੂਤ ਤਿਣਕਿਆਂ ਨਾਲ ਬੁਣਿਆ ਹੈ। ਮੇਰੀ ਦਿਲੀ ਤਮੰਨਾ ਹੈ ਕਿ ਤੁਸੀਂ ਦੋਵੇਂ ਇਹਨੂੰ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਮੰਨ ਕੇ ਆਉਣ ਵਾਲੇ ਜੀਵਨ ਨੂੰ ਸਹੀ ਮਾਇਨਿਆਂ ਵਿਚ ਮਾਣੋ।"

"ਬਹੁਤ ਬਹੁਤ ਧੰਨਵਾਦ ਡਾਕਟਰ, ਮੈਨੂੰ ਫੇਰ ਤੋਂ ਨਵਾਂ ਜੀਵਨ ਜਿਊਣ ਲਈ ਦਿੱਤਾ ਹੈ। ਇਹ ਤੁਹਾਡੀ ਸੂਝ-ਬੂਝ ਸਦਕਾ ਹੋਇਆ ਹੈ।" ਰਣਜੀਤ ਨੇ ਕਿਹਾ।

ਹੁਣ ਰਜਨੀ ਤੋਂ ਵੀ ਰਿਹਾ ਨਾ ਗਿਆ, ਕਹਿਣ ਲੱਗੀ, "ਆਨੰਦ ਤੂੰ ਅਤੇ ਰਣਜੀਤ ਨੇ ਮੈਨੂੰ ਇਕ ਮੌਕਾ ਦਿੱਤਾ ਹੈ ਕਿ ਮੈਂ ਆਪਣੀਆਂ ਗ਼ਲਤੀਆਂ ਨੂੰ ਸੁਧਾਰ ਸਕਾਂ।"

"ਰਜਨੀ, ਰਣਜੀਤ ਕਿਸਮਤ ਵਾਲਾ ਹੈ। ਬਹੁਤ ਹੀ ਸਸਤਾ ਸੌਦਾ ਹੋਇਆ, ਇਕ ਗੁਰਦੇ ਦੇ ਬਦਲੇ ਉਹਨੂੰ ਇਕ ਹੁਸੀਨ ਜ਼ਿੰਦਗੀ ਮਿਲੀ ਹੈ ਅਤੇ ਹਾਂ ਤੂੰ ਇਸ ਹੀਰੇ ਨੂੰ ਸੰਭਾਲ ਕੇ ਰੱਖੀਂ, ਇਹ ਮੌਕਾ ਵਾਰ ਵਾਰ ਨਹੀਂ ਮਿਲੇਗਾ!...." ਕਹਿੰਦੇ ਹੋਏ ਡਾ. ਆਨੰਦ ਨੇ ਆਪਣੇ ਦੋਵੇਂ ਹੱਥਾਂ ਨਾਲ ਰਜਨੀ ਦੇ ਹੱਥਾਂ ਨੂੰ ਛੂਹਿਆ।

"ਮੈਂ ਆਪਣੀਆਂ ਗ਼ਲਤੀਆਂ ਹੁਣ ਨਹੀਂ ਦੁਹਰਾਵਾਂਗੀ, ਇਹ ਮੇਰਾ ਵਾਅਦਾ ਹੈ ਤੁਹਾਡੇ ਨਾਲ, ਰਣਜੀਤ ਨਾਲ ਖ਼ੁਦ ਨਾਲ ....।" ਕਹਿੰਦੇ ਹੀ ਉਹਦੀ ਆਵਾਜ਼ ਭਾਰੀ ਹੋ ਗਈ।

ਰਣਜੀਤ ਨੇ ਆਪਣੇ ਹੱਥਾਂ ਦਾ ਘੇਰਾ ਉਹਦੇ ਗਲ ਵਿਚ ਪਾਉਂਦੇ ਹੋਏ ਕਿਹਾ-"ਮੈਂ ਇਹਨੂੰ ਅਜਿਹਾ ਕੁਝ ਕਰਨ ਦੇਊਂ ਤਾਂ ਨਾ? ਡਾਕਟਰ ਹੁਣ ਇਹ ਮੇਰੀ ਜ਼ਰੂਰਤ ਬਣ ਗਈ ਹੈ, ਮੈਂ ਏਹਨੂੰ ਦੁਬਾਰਾ ਗੁਆਉਣਾ ਨਹੀਂ ਚਾਹੁੰਦਾ।"

"ਮੇਰੀਆਂ ਦੁਆਵਾਂ ਤੁਹਾਡੇ ਦੋਵਾਂ ਦੇ ਨਾਲ ਹਨ, ਆੱਲ ਦ ਬੈਸਟ!" ਕਹਿੰਦੇ ਹੋਏ ਡਾ. ਆਨੰਦ ਨੇ ਹੱਥ ਹਿਲਾ ਕੇ ਦੋਵਾਂ ਨੂੰ ਅਲਵਿਦਾ ਕਿਹਾ। ਜ਼ਿੰਦਗੀ ਦੇ ਨਵੇਂ ਰਾਹਾਂ ਲਈ ਪਿਆਰ ਭਰੇ ਦਿਲ ਆਪਣੀ ਮੰਜ਼ਿਲ ਵੱਲ ਵਧਦੇ ਗਏ।

—o—